# ਸੰਤਪਦ ਨਿਰਣੈ

ੴ
ਏਕੋ ਜਾਪ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਭਾਈ ਸਾਹਿਬ
ਰਣਧੀਰ ਸਿੰਘ

# ਸੰਤ ਪਦ ਨਿਰਣੇ

SIKHBOOKCLUB.COM

ੴ ਵਾਹਿਗੁਰੂ ਜੀ ਕੀ ਫਤਹ॥

# ਸੰਤ ਪਦ ਨਿਰਣੇ

## ਗੁਰਬਾਣੀ ਵਿਚ ਆਏ ਸੰਤ ਤੇ ਸਾਧ ਪਦਾਂ ਦੀ ਵਰਤੋਂ ਦੀ ਅਰਥ-ਵਿਆਖਿਆ

SIKHBOOKCLUB.COM

*ਲਿਖਤ :*

**ਭਾਈ ਸਾਹਿਬ ਰਣਧੀਰ ਸਿੰਘ ਜੀ**

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

23-ਜੀ, ਸਰਾਭਾ ਨਗਰ, ਲੁਧਿਆਣਾ



www.sikhbookclub.com

© ਸਭ ਹੱਕ ਰਾਖਵੇਂ ਹਨ

੧੯੫੪, ੧੯੬੬, ੧੯੮੬,
ਚੌਥੀ ਵਾਰ ਜਨਵਰੀ ੧੯੯੫
ਪੰਜਵੀਂ ਵਾਰ ਅਪ੍ਰੈਲ ੨੦੦੬

ਮੁੱਲ : ੨੪-੦੦

SIKHBOOKCLUB.COM

*ਪ੍ਰਕਾਸ਼ਕ :*
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, 23-ਜੀ, ਸਰਾਭਾ ਨਗਰ, ਲੁਧਿਆਣਾ

*ਟਾਈਪਸੈੱਟਿੰਗ :*
ਕੇ.ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

 www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



www.sikhbookclub.com

# ਤਤਕਰਾ


| | |
|---|---|
| —ਮੁਖ ਬੰਧ | ੭ |
| ੧. ਗੁਰੂ ਅਤੇ ਸਿੱਖ | ੯ |
| ੨. ਸੰਤ ਪਦ ਗੁਰੂ ਪ੍ਰਥਾਇ | ੧੭ |
| ੩. ਸੰਤ ਪਦ ਸਿਖ ਪ੍ਰਥਾਇ | ੧੮ |
| ੪. ਨਿਰਬਾਣ ਪਦ | ੮੩ |
| ੫. ਹਰਿ ਕੇ ਲੋਗ | ੮੭ |
| ੬. ਨਾਮ ਧਨ ਦਾ ਬੇਅੰਤ ਪਰਤਾਪ | ੯੮ |
| ੭. ਸਚਖੰਡੀ ਭਗਤਾਂ ਦਾ ਨਜ਼ਾਰਾ | ੧੦੧ |
| ੮. ਭਗਤਾਂ ਦੀ ਅਰਦਾਸ | ੧੦੫ |
| ੯. ਖ਼ਾਲਸਾ ਪੰਥ ਅਟੱਲ ਹੈ | ੧੦੭ |
| ੧੦. ਸੱਚੀ ਭਗਤੀ | ੧੦੮ |
| ੧੧. ਨਾਮ ਦਾ ਜਪਣਾ ਤੇ ਗੁਰਬਾਣੀ ਦਾ ਗਾਉਣਾ ਪੜ੍ਹਨਾ | ੧੩੩ |
| —ਅੰਤਿਕਾ | ੧੩੮ |

# ਮੁਖ ਬੰਧ

## (ਪਹਿਲੀ ਐਡੀਸ਼ਨ)

ਪੁਸਤਕ 'ਸੰਤ ਪਦ ਨਿਰਣੇ' ੧੯੪੪ ਈ: ਵਿਚ ਲਿਖੀ ਗਈ ਸੀ, ਜਿਸ ਦੇ ਛਪਣ ਦਾ ਵੇਲਾ ਹੁਣੇ ਹੀ ਆਇਆ ਹੈ। ਇਸ ਪੁਸਤਕ ਵਿਚ ਹੇਠ ਲਿਖੇ ਦਸ ਪ੍ਰਕਰਣ ਆਏ ਹਨ:

ਗੁਰੂ ਅਤੇ ਸਿਖ, ਸੰਤ ਪਦ ਗੁਰੂ ਪ੍ਰਥਾਇ, ਸੰਤ ਪਦ ਸਿਖ ਪ੍ਰਥਾਇ, ਨਿਰਬਾਣ ਪਦ, ਨਾਮ ਧਨ ਦਾ ਬੇਅੰਤ ਪਰਤਾਪ, ਸਚਖੰਡੀ ਭਗਤਾ ਦਾ ਨਜ਼ਾਰਾ, ਭਗਤਾਂ ਦੀ ਅਰਦਾਸ, ਖ਼ਾਲਸਾ ਪੰਥ ਅਟੱਲ ਹੈ, ਸੱਚੀ ਭਗਤੀ, ਨਾਮ ਦਾ ਜਪਣਾ ਗੁਰਬਾਣੀ ਦਾ ਪਾਠ ਤੇ ਕੀਤਰਨ।

ਪੁਸਤਕ ਵਿਚ ਖ਼ਾਸ ਵਿਸ਼ਾ ਇਹ ਹੈ ਕਿ ਗੁਰਬਾਣੀ ਵਿਚ 'ਸੰਤ' ਤੇ 'ਸਾਧ' ਪਦ ਦੀ ਵਰਤੋਂ ਬੇਅੰਤ ਹੈ, ਇਹ ਕਿਥੇ ਗੁਰੂ ਦੇ ਅਰਥਾ ਵਿਚ ਤੇ ਕਿਥੇ ਸਿਖ ਦੇ ਅਰਥਾ ਵਿਚ ਆਇਆ ਹੈ, ਇਸ ਗੱਲ ਨੂੰ ਗੁਰਬਾਣੀ ਦੇ ੨੫੦ ਪ੍ਰਮਾਣ ਦੇ ਕੇ ਵਿਸਥਾਰ ਨਾਲ ਪ੍ਰਗਟ ਕੀਤਾ ਗਿਆ ਹੈ। ਨਾਲ ਹੀ ਇਸ ਗੱਲ ਨੂੰ ਭੀ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਮੁੜ ਮੁੜ ਅਵਤਾਰ ਨਹੀਂ ਧਾਰਦੇ, "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ"[1] ਦੇ ਵਾਕ ਅਨੁਸਾਰ ਉਹ ਆਵਾ ਗਉਣ ਦੇ ਗੇੜ ਤੋਂ ਰਹਿਤ ਹਨ। ਸੋ ਇਸ ਤਰ੍ਹਾਂ ਦੇ ਖ਼ਿਆਲ ਕਰਨੇ ਕਿ ਫਲਾਣਾ ਸੰਤ ਗੁਰੂ ਨਾਨਕ ਸਾਹਿਬ ਦਾ ਅਵਤਾਰ ਹੈ ਤੇ ਫਲਾਣਾ ਸੰਤ ਫਲਾਣੇ ਗੁਰੂ ਸਾਹਿਬ ਦਾ ਅਵਤਾਰ ਹੈ, ਇਹ ਸਭ ਖ਼ਿਆਲ ਮਨਮਤਿ ਵਾਲੇ ਹਨ ਤੇ ਗੁਰਮਤਿ ਤੋਂ ਉੱਕੇ ਹੀ ਉਲਟ ਹਨ। ਗੁਰਮਤਿ ਦੇ ਹੋਰ ਭੀ ਗੂੜ੍ਹ ਵਿਸ਼ੇ ਇਸ ਪੁਸਤਕ ਵਿਚ ਦਸੇ ਗਏ ਹਨ, ਜਿਹਾ ਕਿ ਗੁਰਬਾਣੀ ਦੇ ਪਾਠ, ਕੀਰਤਨ ਤੇ ਨਾਮ ਦਾ ਪਰਤਾਪ ਆਦਿ।

ਆਸ ਹੈ ਕਿ ਪ੍ਰੇਮੀ ਜਨ ਪੁਸਤਕ ਨੂੰ ਪੜ੍ਹ ਕੇ ਲਾਭ ਉਠਾਉਣਗੇ।

ਅਸਲ ਖਰੜੇ ਤੋਂ ਨਕਲ ਕਰਨ ਦੀ ਸੇਵਾ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਨੇ ਕੀਤੀ ਹੈ। ਦਾਸ ਉਨ੍ਹਾਂ ਦਾ ਅਤਯੰਤ ਧੰਨਵਾਦੀ ਹੈ। ਏਸ ਪੁਸਤਕ ਦੀ ਛਪਾਈ ਕਾਗਜ਼ ਆਦਿ ਦਾ ਖ਼ਰਚ ਫ਼ੰਡ ਵਿਚੋਂ ਕੀਤਾ ਗਿਆ ਹੈ। ਸ: ਗੁਰਦਿਆਲ ਸਿੰਘ ਜੀ ਨਾਰੰਗਵਾਲ ਨੇ ਡੇਢ ਸੌ ਜਿਲਦਾਂ ਦਾ ਖ਼ਰਚ ਇਕਵੰਜਾ ਦਮੜੇ ਪ੍ਰਦਾਨ ਕੀਤੇ ਹਨ, ਇਸ ਲਈ ਦਾਸ ਉਨ੍ਹਾ ਦਾ ਬਹੁਤ ਬਹੁਤ ਧੰਨਵਾਦੀ ਹੈ।

ਗੁਜਰਵਾਲ
੪ ਜਨਵਰੀ ੧੯੫੪

ਦਾਸ–
ਨਾਹਰ ਸਿੰਘ ਗਜਾਨੀ

---

੧. ਸੂਹੀ ਮਹਲਾ ੫, ॥੨॥੭॥੫੪॥, ਪੰਨਾ ੭੪੯


www.sikhbookclub.com

SIKHBOOKCLUB.COM

ਇਹ ਦੂਜੀ ਐਡੀਸ਼ਨ ਭੀ ਪੁਸਤਕ-ਫ਼ੰਡ ਵਿਚੋਂ ਛਾਪੀ ਗਈ ਹੈ।

ਅਗਸਤ ੧੯੬੬ **ਨਾਹਰ ਸਿੰਘ ਗਜਾਨੀ**

ਪੁਸਤਕ ਦੀ ਤੀਜੀ ਐਡੀਸ਼ਨ ਪ੍ਰੇਮੀ ਜਨਾਂ ਦੇ ਲਾਭ ਹਿਤ ਫੇਰ ਛਾਪੀ ਗਈ।

**ਬਲਬੀਰ ਸਿੰਘ**

ੲ੩-ਜੀ, ਸਰਾਭਾ ਨਗਰ,
ਲੁਧਿਆਣਾ
੧੫ ਜਨਵਰੀ ੧੯੮੬

 www.sikhbookclub.com

ੴ ਸਤਿਗੁਰਪ੍ਰਸਾਦਿ ॥

# ਸੰਤ ਪਦ ਨਿਰਣੇ

ਅਰਥਾਤ

## ਗੁਰੂ ਬਾਣੀ ਅੰਦਰ 'ਸੰਤ' ਪਦ ਪ੍ਰਥਾਇ ਨਿਰਣਾ

੧

## ਗੁਰੂ ਅਤੇ ਸਿਖ

ਪੰਥ ਵਿਖੇ ਚਿਰਾਂ ਤੋਂ ਇਹ ਵਿਚਾਰ ਚਲੀ ਆਉਂਦੀ ਹੈ ਕਿ 'ਸੰਤ' ਪਦ ਦੀ ਯੋਗ ਘਟਨਾ ਕਿਸ ਪ੍ਰਥਾਇ ਘਟਣੀ ਚਾਹੀਦੀ ਹੈ—ਗੁਰੂ ਪ੍ਰਥਾਇ ਯਾ ਸਿਖ ਪ੍ਰਥਾਇ। ਬਹੁਤਿਆਂ ਦਾ ਤਾਂ ਇਹ ਪੱਖ ਹੈ ਕਿ 'ਸੰਤ' ਪਦ ਕੇਵਲ ਗੁਰੂ ਪ੍ਰਥਾਇ ਹੀ ਘਟ ਸਕਦਾ ਹੈ, ਸਿਖ ਪ੍ਰਥਾਇ ਉੱਕਾ ਹੀ ਨਹੀਂ ਘਟ ਸਕਦਾ। ਦੂਜਿਆਂ ਦਾ ਪੱਖ ਹੈ ਕਿ 'ਸੰਤ' ਪਦ ਸਿੱਖਾਂ ਪ੍ਰਥਾਇ ਹੀ ਹੈ, ਗੁਰੂ ਪ੍ਰਥਾਇ ਤਾਂ ਗੁਰੂ ਪਦ ਹੀ ਹੈ। ਏਹਨਾਂ ਦਾ ਇਹ ਨਿਸਚਾ ਭੀ ਹੈ ਕਿ ਗੁਰੂ ਤੋਂ ਉਤਰ ਕੇ ਦੂਜਾ ਦਰਜਾ ਸੰਤਾਂ ਦਾ ਹੈ। ਸਿੱਖਾਂ ਦਾ ਦਰਜਾ ਸੰਤਾਂ ਤੋਂ ਹਿਠਾਹਾਂ ਹੈ। ਸੰਤਾਂ ਦਾ ਦਰਜਾ ਸਿੱਖਾਂ ਤੋਂ ਉਤਾਹਾਂ ਹੈ। ਇਹ ਦਰਜੇ ਵਾਲਾ ਨਿਸਚਾ ਓਹਨਾ ਦਾ ਇਕ ਮਨੋ-ਕਲਪਤ ਖ਼ਿਆਲ ਹੈ। ਬਲਕਿ ਇਉਂ ਕਹੋ ਕਿ ਜਾਣ ਬੁਝ ਕੇ ਮਨ-ਉਕਤ ਸੰਤ-ਡੰਮ ਪ੍ਰਚਾਰ ਕਰਨ ਲਈ ਇਹ ਦਰਜੇ ਉਹਨਾ ਨੇ ਖ਼ੁਦ ਬਣਾਏ ਹੋਏ ਹਨ। ਜਿਨ੍ਹਾਂ ਨੂੰ ਸੰਤ ਬਣਨ ਦੀ ਵਾਦੀ ਪੈ ਗਈ, ਉਹ ਨਿਰੇ ਸੰਤ ਬਣਨ ਉਤੇ ਹੀ ਕਨਾਇਤ ਨਹੀਂ ਕਰਦੇ, ਸਗੋਂ ਗੁਰੂ ਗੁਰਦੇਵ ਦਾ ਦਰਜਾ ਭੀ ਆਪਣੇ ਆਪ ਉਤੇ ਅਰੋਪ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ ਗੱਦੀਆ ਤਕੀਏ ਲਾ ਲਾ ਬਹਿੰਦੇ ਹਨ। ਕਈ ਬੇਅਦਬ ਗੁਰੂ-ਡੰਮੀਏ ਸੰਤ ਤਾਂ ਆਪਣੇ ਉਪਰ ਚਉਰ ਕਰਾਉਣ ਦੀ ਢੀਠਤਾ ਵਿਚ ਭੀ ਨਿਰਲੱਜ ਹੋ ਕੇ ਪਰਵਿਰਤ ਹੋਏਵੇ ਹਨ। ਆਪਣੇ ਪੈਰ ਪੂਜਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸਚੇ ਗੁਰੂ ਪਾਤਸ਼ਾਹ ਦੇ ਸਾਹਮਣੇ ਆਪਣੇ ਪੈਰਾਂ ਉਤੇ ਮੱਥੇ ਟਿਕਾਉਂਦੇ ਹਨ। ਗੁਰੂ ਬਣ ਕੇ ਇਕੱਲੇ ਇਕੱਲੇ ਗੁਰਮੰਤ੍ਰ ਦਿੰਦੇ ਹਨ ਅਤੇ ਆਪਣੇ ਆਪ ਨੂੰ ਬਰਮਲਾ ਗੁਰੂ ਗੁਰਦੇਵ ਕਹਾਉਂਦੇ ਹਨ। ਇਹ ਗੁਰਦੇਵ ਬਣਨ ਦੀ ਪਰਪਾਟੀ ਥੋੜੀ ਬਹੁਤ ਗੁਰੂ ਘਰ ਦੀਆਂ ਹੋਰ ਸਿਖ ਸ਼੍ਰੇਣੀਆਂ ਵਿਚ ਭੀ ਪਈ ਹੋਈ ਹੈ, ਜੋ ਉੱਕੀ ਹੀ ਗੁਰਮਤਿ ਪ੍ਰਤਿਕੂਲ ਹੈ। ਪ੍ਰੰਤੂ ਓਹ ਪ੍ਰਗਟ ਤੌਰ ਤੇ

ਗੁਰੂ ਪਾਤਸ਼ਾਹੀਆਂ ਦੀ ਹਮਸਰੀ ਨਹੀਂ ਕਰਦੇ, ਓਹਨਾਂ ਸਮਸਰ ਗੁਰੂ ਬਣ ਕੇ ਆਪਣੇ ਨਾਉਂ ਦਾ ਅਰਦਾਸਾ ਨਹੀਂ ਕਰਾਉਂਦੇ, ਇਤਨੀ ਸਮਝ ਓਹਨਾਂ ਨੂੰ ਜ਼ਰੂਰ ਪਈ ਹੋਈ ਹੈ।

ਪ੍ਰੰਤੂ ਇਹ ਮੀਣ-ਪੁਣਾ ਕੇਵਲ ਕੂਕਾ-ਡੰਮ ਵਿਚ ਹੀ ਪ੍ਰਚਲਤ ਹੋਇਆ ਹੈ ਕਿ ਗਿਆਰਵੀਂ, ਬਾਰ੍ਹਵੀਂ, ਤੇਰ੍ਹਵੀਂ ਪਾਤਸ਼ਾਹੀਆਂ ਮਨ-ਉਕਤ ਘੜ ਘੜ ਕੇ ਅਤੇ ਸਤਿਗੁਰੂ ਗੁਰੂ ਦਸਮੇਸ਼ ਜੀ ਦੇ ਹੁਕਮ ਤੋਂ ਉਲਟ ਦੇਹਧਾਰੀ ਗੁਰੂ ਬਣ ਬਣ ਕੇ, ਅਲਪੱਗ ਦੇਹਧਾਰੀ ਨੂੰ ਗੁਰੂ ਬਣਾ ਕੇ, ਉਹਨਾਂ ਦੇ ਨਾਮਾਂ ਦਾ ਅਰਦਾਸਾ ਭੀ ਗੁਰੂਆਂ ਸਦਰਸ ਕਰਦੇ ਹਨ। ਏਸ ਮੀਣਪੁਣੇ ਦੀ ਨਿਰਲੱਜਤਾ ਤੋਂ ਬਾਜ਼ ਨਾ ਆਉਣ ਦੇ ਕਾਰਨ ਇਸ ਕੂਕਾ ਸ਼੍ਰੇਣੀ ਨੂੰ ਪੰਥ ਨੇ ਗੁਰੂ ਘਰ ਵਿਚੋਂ ਖ਼ਾਰਜ ਕਰ ਦਿਤਾ ਹੈ ਅਤੇ ਹਮੇਸ਼ਾ ਲਈ ਏਹਨਾਂ ਦਾ ਬਾਈਕਾਟ ਕਰ ਦਿਤਾ ਹੈ। ਜਦ ਤਕ ਇਹ ਮੀਣੇ ਆਪਣੀ ਇਸ ਬੱਜਰ ਤਨਖ਼ਾਹ ਨੂੰ ਗੁਰੂ ਪੰਥ ਪਾਸੋਂ ਨਾ ਬਖ਼ਸ਼ਾਉਣ, ਇਹ ਸਦਾ ਲਈ ਪੰਥ ਤੋਂ ਖ਼ਾਰਜ ਹੀ ਰਹਿਣਗੇ ਅਤੇ ਏਹਨਾਂ ਨਾਲ ਮੇਲ ਜੋਲ ਰਖਣ ਵਾਲਾ ਭੀ ਤਨਖ਼ਾਹੀਆ ਗਰਦਾਨਿਆ ਜਾਏਗਾ।

ਏਹਨਾਂ ਗਏ ਗੁਜ਼ਰਿਆਂ ਦੀ ਬਾਤ ਤਾਂ ਛਡੋ, ਪਰ ਸਾਨੂੰ ਫ਼ਿਕਰ ਹੈ ਤਾਂ ਹੁਣ ਇਸ ਗੱਲ ਦਾ ਫ਼ਿਕਰ ਹੈ ਕਿ ਅਜੇ ਭੀ ਪੰਥ ਵਿਖੇ ਹੋਰ ਭੀ ਟਾਵੇਂ ਟਾਵੇਂ ਸੰਤ-ਡੰਮੀ ਟੋਲੇ ਹਨ। ਉਹ ਭੀ ਕਿਸੇ ਦਿਨ ਕਿਤੇ ਏਹਨਾਂ ਗੁਰੂ-ਪੰਥ-ਗੋਪੂਆਂ ਕੂਕਿਆਂ ਦੀ ਨਿਆਈਂ ਗੁਰੂ-ਡੰਮੀਆ-ਕੁਫ਼ਰ ਨਾ ਕੁਫ਼ਰਾਉਣ ਲਗ ਪੈਣ। ਤਾਂ ਤੇ ਗੁਰੂ ਪੰਥ ਦਾ ਇਹ ਲਾਜ਼ਮੀ ਫ਼ਰਜ਼ ਹੈ ਕਿ ਓਹਨਾਂ ਨੂੰ ਇਸ ਸੰਤ-ਡੰਮਤਾ ਦੀ ਬੀਮਾਰੀ ਤੋਂ ਹੁਣ ਤੋਂ ਹੀ ਅਰੋਗਤ ਕੀਤਾ ਜਾਵੇ। ਓਹਨਾਂ ਸੰਤ-ਡੰਮੀਆਂ ਦੇ ਅੰਦਰ ਗੁੱਝਾ ਗੁੱਝਾ ਇਹ ਖ਼ਿਆਲ ਸਮਾ ਗਿਆ ਹੈ, ਸਮਾ ਹੀ ਨਹੀਂ ਗਿਆ ਬਲਕਿ ਉਹਨਾਂ ਦੇ ਰਗੋ-ਰੇਸ਼ੇ ਵਿਚ ਇਹ ਖ਼ਿਆਲ ਘਰ ਕਰ ਗਿਆ ਹੈ ਕਿ ਨਾਮ ਜਪਾਉਣ ਵਾਲੇ ਸੰਤ ਦੀ ਵਿਅਕਤੀਗਤ ਅਵੱਸ਼ ਲੋੜ ਹੈ। ਚਾਹੇ ਅਜਿਹੇ ਗੁੱਝੇ ਗੁਰ-ਰੁਸਤਮੀ ਸੰਤਾਂ ਨੂੰ ਇਹ ਹੀਆ ਨਹੀਂ ਪਿਆ ਕਿ ਕੂਕਿਆਂ ਵਤ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਆਪਣੀ ਸ਼੍ਰੇਣੀ ਅੰਦਰ ਚਲਾ ਸਕਣ। ਪਰ ਉਹਨਾਂ ਟੋਲਿਆਂ ਵਿਚ ਕਈ ਇਕ ਟੋਲਿਆਂ ਦੇ ਮੰਨੇ-ਦੰਨੇ ਸੰਤ ਮਹੰਤ ਗੁੱਝੇ ਗੁੱਝੇ ਇਹ ਕਹਿੰਦੇ ਸੁਣੇ ਗਏ ਹਨ ਕਿ ਦੇਹ-ਧਾਰੀ ਗੁਰੂ ਦੀ ਲੋੜ ਹੈ, ਜਿਸ ਦਾ ਨਾਉਂ ਉਹ ਗੁਰਦੇਵ ਯਾ ਸੰਤ-ਗੁਰੂ ਰਖਦੇ ਹਨ। ਗੱਜ ਵੱਜ ਕੇ ਦਾਅਵਾ ਤਾਂ ਉਹ ਗੁਰੂ ਬਣਨ ਦਾ ਨਹੀਂ ਬੰਨ੍ਹਦੇ, ਪਰ ਕਸਰ ਭੀ ਕੋਈ ਨਹੀਂ ਛਡਦੇ। ਆਪਣੀ ਇਸ ਅਖਉਤ (ਗੁਰੂ ਅਖਾਉਣ ਵਾਲੀ ਅਖਉਤ) ਦੀ ਪੁਸ਼ਟੀ ਵਿਚ ਓਹ ਅਕਸਰ ਆਪਣੇ ਮੂੰਹੋਂ ਇਹ ਗੁਰਵਾਕ ਉਚਾਰ ਕੇ ਸੁਣਾਇਆ ਕਰਦੇ ਹਨ—"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥"[੧] ਅਤੇ ਇਸ ਦੇ ਅਰਥ ਉਹ ਇਹ ਲਾਇਆ ਕਰਦੇ ਹਨ ਕਿ ਜਿਸ ਕਿਸੀ ਸੰਤ ਨੇ ਸਤਿ ਪੁਰਖ ਨੂੰ ਜਾਣ ਲਿਆ ਹੈ, ਬਸ, ਉਸ ਦਾ ਨਾਉਂ ਸਤਿਗੁਰੂ ਹੈ। ਇਹ ਗੁਰਵਾਕ ਸੁਣਾ ਕੇ ਉਹ ਇਸ ਦਾ ਅਰਥ ਆਪਣੇ ਉਪਰ ਘਟਾਉਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ ਹੈ ਅਤੇ ਗੁਪਤੋ ਗੁਪਤੀ ਇਹ ਰਮਜ਼ਾਂ ਰਮਜ਼ਾਉਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ ਹੈ, ਇਸ ਲਈ ਸਾਡੇ ਉਪਰ

੧. ਗਉੜੀ ਸੁਖਮਨੀ ਮ: ੫, ਪੰਨਾ ੨੮੬

ਸਤਿਗੁਰੂ ਦਾ ਪਦ ਘਟ ਸਕਦਾ ਹੈ।

ਪਰ ਅਸੀਂ ਏਥੇ ਹੁਣ ਏਸ ਗੱਲ ਦੀ ਛਾਣ-ਬੀਣ ਕਰਨੀ ਹੈ ਕਿ "ਸਤਿ ਪੁਰਖੁ ਜਿਨਿ ਜਾਨਿਆ" ਦੀ ਤੱਤ ਅਵਸਥਾ ਕੀ ਜਣੇ ਕਣੇ ਸਾਧ ਸੰਤ ਉਤੇ ਘਟ ਸਕਦੀ ਹੈ ? ਕੀ ਵਾਸਤਵ ਵਿਚ ਓਹਨਾਂ ਨੇ ਸਤਿ ਪੁਰਖ ਨੂੰ ਜਾਣ ਲਿਆ ਹੈ ? ਜਾਣਨ ਜਾਣਨ ਵਿਚ ਭੇਦ ਹੈ, ਜਿਹੜੀ ਜਾਣਨੀ ਸਤਿਗੁਰੂ ਨੇ ਸਤਿ ਪੁਰਖ ਨੂੰ ਜਾਣਿਆ ਹੈ, ਉਹ ਹੋਰ ਕਿਸੇ ਨਹੀਂ ਜਾਣਿਆ। ਸਤਿਗੁਰੂ ਨੇ ਬਿਨਾਂ ਕਿਸੇ ਦੇ ਜਣਾਏ ਹੀ ਸਤਿ ਪੁਰਖ ਨੂੰ ਆਪੋਂ, ਆਪਣੇ ਹੁਦਰੋਂ ਹੀ ਜਾਣਿਆ ਹੈ। ਸਤਿ ਪੁਰਖ, ਅਕਾਲ ਪੁਰਖ, ਅਦ੍ਰਿਸ਼ਟ, ਅਗੰਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨਾਲ ਅਭੇਦ ਰੂਪ ਹੋ ਕੇ ਜੇ ਸਤਿ ਪੁਰਖੁ ਨੂੰ ਜਾਣਿਆ ਹੈ ਤਾਂ ਕੇਵਲ ਸਤਿਗੁਰੂ ਨੇ ਹੀ ਜਾਣਿਆ ਹੈ। ਐਸੀ ਜਾਣਨੀ ਹੋਰ ਕਿਸੇ ਨੇ ਨਹੀਂ ਜਾਣਿਆ। ਸਤਿ ਪੁਰਖ ਨੂੰ ਸਤਿ ਕਰ ਕੇ ਤੱਤ ਸਾਖਸ਼ਾਤ ਸਾਂਗੋ ਪਾਂਗ ਪ੍ਰਚੰਡ ਜੋਤੀ ਸਰੂਪ ਸਨਮੁਖ ਪੂਰੇ ਦਰਸ਼ਨ ਸਰੂਪ ਵਿਚ ਜੇ ਜਾਣਿਆ ਹੈ ਤਾਂ ਸਿਰਫ਼ ਸਤਿਗੁਰੂ ਨੇ ਜਾਣਿਆ ਹੈ। ਸਦੈਵੀ ਸਰਬਦਾ ਕਾਲ ਅਪ੍ਰਿਕਸ਼ ਦਰਸ਼ਨਾਂ ਸੰਦਾ ਸਾਕਸ਼ਾਤਕਾਰ ਦਰਸ਼ਨਾਂ ਵਾਲਾ ਜਾਣਨਾ ਜੇ ਪ੍ਰਾਪਤ ਹੈ ਤਾਂ ਕੇਵਲ ਸਤਿਗੁਰੂ ਨੂੰ ਹੀ ਹੈ। ਹੋਰ ਕਿਸੇ ਨੂੰ ਨਾ ਅੱਜ ਤਾਈਂ ਇਹ ਜਾਣਨਾ ਨਸੀਬ ਹੋਇਆ ਹੈ ਨਾ ਹੋਵੇਗਾ। ਜਾਗ੍ਰਤ ਸੁਪਨ ਸਖੋਪਤ ਵਿਖੇ ਸਤਿ ਪੁਰਖ ਦਾ ਜਾਣਨਾ ਕੇਵਲ ਸਤਿ ਪੁਰਖ ਨਾਲ ਸਦਾ ਅਭੇਦ ਰੂਪ ਸਤਿਗੁਰੂ ਨੂੰ ਹੀ ਪ੍ਰਾਪਤ ਹੈ। ਸਤਿ ਪੁਰਖ ਦੇ ਪੂਰਨ ਸਰੂਪ ਦਾ ਪੂਰਨ ਨਿਰੰਕਾਰੀ ਦਿਬ-ਦਰਸਤਾ ਵਿਚ ਪੂਰੇ ਤੌਰ ਤੇ ਜਾਣਨਾ ਪੂਰੇ ਸਤਿਗੁਰੂ ਨਿਰੰਕਾਰੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਆਪਣੇ ਦਸਾਂ ਗੁਰੂ ਜੋਤਿ ਜਾਮਿਆਂ ਵਿਚ ਨਸੀਬ ਹੋਇਆ ਹੈ। ਐਸੀ ਪੂਰਨਤਾ ਵਾਲਾ ਪੂਰੇ ਸਰੂਪ ਵਿਚ ਸਤਿ ਪੁਰਖ ਨੂੰ ਜਾਣਨਾ ਨਾ ਅੱਜ ਤਾਈਂ ਕਿਸੇ ਦੇ ਵਿਰਸੇ ਵਿਚ ਆਇਆ ਨਾ ਆਵੇਗਾ। ਪੂਰਨ ਨਿਰੰਜਨੀ ਦਰਸ਼ਨਾਂ ਦਾ ਪੂਰਨਤਾ ਸਹਿਤ ਮਾਣਨ ਜਾਣਨਹਾਰਾ ਪੂਰਨਤਾ ਸਹਿਤ ਪੇਖਣ ਪਛਾਣਨਹਾਰਾ ਤ੍ਰੈਕਾਲ ਅਬਾਧ ਪੂਰਨਤਾ ਵਿਚ ਇਕ-ਮਿਕ ਅਭੇਦ ਅਤੇ ਯਥਾਰਥਤਾ ਵਿਚ ਸਤਿ ਪੁਰਖ ਨੂੰ ਦ੍ਰਿਸ਼ਟਾਨਣਹਾਰਾ ਜੋ ਹੈ, ਹੋਇਆ ਅਤੇ ਹੋਵੇਗਾ, ਸੋ ਪੂਰਨ ਸਤਿਗੁਰੂ ਨਿਰੰਜਨ ਰੂਪ ਗੁਰੂ ਨਾਨਕ ਦਸਮੇਸ਼ ਗੁਰੂ ਹੀ ਹੈ। ਵਾਹਿਗੁਰੂ ਬੇਅੰਤ ਦੀ ਬੇਅੰਤਤਾ ਦਾ ਥਾਹ ਹੀ ਨਹੀਂ ਪਾਇਆ ਜਾ ਸਕਦਾ। ਉਸ ਬੇਅੰਤ ਦੇ ਅੰਤ ਨੂੰ ਕੋਈ ਨਹੀਂ ਪਾ ਸਕਦਾ। ਉਸ ਦਾ ਅੰਤ ਲੈਣ ਨੂੰ ਕੇਤੇ ਹੀ ਬਿਲਲਾਇ ਕੇ ਚਲੇ ਗਏ ਅਤੇ ਬਿਲਲਾ ਰਹੇ ਹਨ। ਬੇਅੰਤ ਦੀ ਬੇਅੰਤਤਾਈ ਦਾ ਅੰਤ ਕਿਸੇ ਤੋਂ ਨਹੀਂ ਲਿਆ ਜਾ ਸਕਦਾ। ਉਸ ਦਾ ਗਿਆਨ ਭੀ ਬੇਅੰਤਤਾ ਅਤਿ ਅਪਰ ਅਪਾਰਤਾ ਵਾਲਾ ਹੈ। ਕੋਈ ਵਡੇ ਤੋਂ ਵਡਾ ਗਿਆਨੀ ਅਖਵਾਉਣ ਵਾਲਾ ਭੀ ਫ਼ੌਂਗ ਨਹੀਂ ਮਾਰ ਸਕਦਾ ਕਿ ਮੈਂ ਉਸ ਨੂੰ ਜਾਣ ਲਿਆ ਹੈ :

> **ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥**
> **ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ... ॥੨੪॥**
> *(ਜਪੁਜੀ ਸਾਹਿਬ, ਪੰਨਾ ੫)*

ਬਹੁਤੀ ਤੋਂ ਬਹੁਤੀ ਬੇਅੰਤਤਾ ਹੈ ਉਸ ਬੇਅੰਤ ਵਾਹਿਗੁਰੂ ਦੀ, ਜਿਸ ਦਾ ਪਾਰਾਵਾਰ ਲਿਆ ਹੀ ਨਹੀਂ ਜਾ ਸਕਦਾ।

**ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥**
**ਕੋਟਿ ਕੋਟਿ ਕੋਟਿ ਲਖ ਧਾਵੈ ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥੧॥**

*(ਵਡਹੰਸੁ ਮ: ੫, ਪੰਨਾ ੫੬੨)*

ਜਿਸ ਸਾਹਿਬ ਦਾ ਦਰਬਾਰ ਮਹਲ ਹੀ ਏਵਡ ਵਡਾ ਹੈ, ਇਕ ਤਿਲ ਮਾਤਰ ਭੀ ਤਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਤਦ ਊਹ ਸਾਹਿਬ ਤਾਂ ਅਤਿਅੰਤ ਹੀ ਵਡਾ ਹੈ। ਵਡੇ ਥਾਉਂ ਦਰਬਾਰ ਵਾਲਾ ਸਾਹਿਬ ਭੀ ਬਹੁਤ ਹੀ ਵਡ ਊਚਾ ਅਗਮ ਅਗਹੁਚਾ ਹੈ। ਜਿਤਨਾ ਭੀ ਊਚੇ ਤੋਂ ਊਚਾ ਊਸ ਨੂੰ ਕਥਿਆ ਜਾਵੇ, ਊਤਨਾ ਹੀ ਹੋਰ ਤੋਂ ਹੋਰ ਊਚੀ ਊਚਿਆਈ ਅਗੰਮਤਾਈ ਅਗੋਚਰਤਾਈ ਵਾਲਾ ਊਹ ਬੇਅੰਤ ਵਾਹਿਗੁਰੂ ਹੈ।

ਗੁਰ ਗਿਆਨ ਪਦਾਰਥ ਨਾਮ ਹੋਰ ਭੀ ਊਚੇ ਤੋਂ ਊਚਾ ਹੈ। ਵਾਹਿਗੁਰੂ ਦੇ ਨਾਮ ਵਿਚ ਹੀ ਊਸ ਦਾ (ਵਾਹਿਗੁਰੂ ਦਾ) ਪ੍ਰਚੰਡ ਗਿਆਨ ਹੈ। ਇਸ ਊਚੇ ਤੋਂ ਊਚੇ ਨਾਮ ਰੂਪੀ ਗਿਆਨ ਪ੍ਰਚੰਡ ਨੂੰ ਯਾ ਗਿਆਨ ਪ੍ਰਚੰਡ ਰੂਪੀ ਨਾਮ ਨੂੰ ਊਹੀ ਜਨ ਜਾਣ ਸਕਦਾ ਹੈ ਜੋ ਏਵਡ ਊਚਾ ਹੋਵੇ। ਯਥਾ ਗੁਰਵਾਕ :

**ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥**
**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥...੨੪॥**

*(ਜਪੁਜੀ ਸਾਹਿਬ, ਪੰਨਾ ੫)*

ਇਸ ਗੁਰਵਾਕ ਨੇ ਅੰਤਮ ਫ਼ੈਸਲੇ ਦੀ ਮੋਹਰ ਹੀ ਲਾ ਦਿਤੀ ਕਿ ਵਾਹਿਗੁਰੂ ਦੀ ਊਪਰ ਕਥੀ ਊਚਤਾ ਜੇਡਾ ਕੋਈ ਊਚਾ ਹੋਵੇ, ਓਹੀ ਤਿਸ ਊਚੇ ਨੂੰ ਜਾਣ ਸਕਦਾ ਹੈ। ਤਾਂ ਤੇ ਕੋਈ ਵੀ ਅਲਪੱਗ ਬੰਦਾ ਊਸ ਸਰਬੱਗ ਊਚੇ ਵਾਹਿਗੁਰੂ ਨੂੰ ਨਹੀਂ ਜਾਣ ਸਕਦਾ। ਸਤਿਗੁਰੂ ਦੇ ਸਿੱਖਾਂ ਨੂੰ ਸਤਿਗੁਰੂ ਦੇ ਪ੍ਰਸਾਦ ਕਰਿ, ਸਤਿਗੁਰੂ ਦੇ ਪਰਤਾਪ ਕਰਿ ਜੋ ਸਤਿ ਪੁਰਖ ਦਾ ਜਾਣਨਾ ਨਸੀਬ ਹੋਇਆ ਤਾਂ ਕੇਵਲ ਸਤਿਗੁਰ ਦੁਆਰਾ ਹੀ ਹੋਇਆ, ਆਪੋਂ ਸਿਧਾ ਜਾਣਨਾ ਕਿਸੇ ਸਿਖ ਨੂੰ ਨਸੀਬ ਨਹੀਂ ਹੋਇਆ। ਸਤਿਗੁਰੂ ਦੇ ਅਨਿੰਨ ਸਿੱਖਾਂ ਭਗਤਾਂ ਨੂੰ ਸਤਿਗੁਰੂ ਦੇ ਕਾਰ ਕਰਾਰੀ ਹੁਕਮੀ ਬੰਦੇ ਹੋਣ ਕਰਿ ਸਤਿ ਪੁਰਖ ਦੇ ਨੂਰ ਜ਼ਹੂਰੀ, ਜੋਤਿ ਨੂਰੀ ਦਰਸ਼ਨ ਹੋਏ ਤੇ ਹੁੰਦੇ ਰਹੇ ਅਤੇ ਹੋਣਗੇ। ਪਰ ਊਹ ਸਤਿਗੁਰੂ ਨਹੀਂ ਬਣੇ, ਨ ਬਣਨਗੇ। ਊਹ ਸਤਿਗੁਰੂ ਨਹੀਂ ਕਹਾਏ, ਨਾ ਕਹਾਉਣਗੇ। ਬਾਬਾ ਬੁੱਢਾ ਜੀ ਸਾਰਖਾ ਬ੍ਰਹਮ-ਬੇਤਾ ਬ੍ਰਹਮ ਗਿਆਨੀ ਸਿਖ ਗੁਰੂ ਘਰ ਵਿਚ ਕਉਣ ਹੋਇਆ ਹੈ ? ਪਰ ਕੀ ਊਹਨਾਂ ਨੂੰ ਸਤਿਗੁਰੂ ਦੀ ਪਦਵੀ ਮਿਲੀ ? ਕੀ ਭਾਈ ਬੁੱਢਾ ਜੀ ਨੇ ਆਪਣੇ ਆਪ ਨੂੰ ਸਤਿਗੁਰੂ ਸਦਵਾਇਆ ? ਊਹਨਾਂ ਤੋਂ ਵਧ ਕੇ ਸਤਿ ਪੁਰਖ ਨੂੰ ਜਾਣਨਹਾਰਾ ਅੱਜ ਤਾਈਂ ਕੋਈ ਸਿਖ ਨਹੀਂ ਹੋਇਆ। ਇਹ ਅੱਜ-ਕੱਲ੍ਹ ਦੇ ਸੰਤ-ਡੰਮੀਏ ਸਿਖ ਜੋ ਸਤਿ ਪੁਰਖ ਨੂੰ ਜਾਣਨ ਦਾ ਦਾਅਵਾ ਦਾਈਆ ਬੰਨ੍ਹੀ ਬੈਠੇ ਹਨ, ਭਾਈ ਬੁੱਢਾ ਜੀ ਤੋਂ ਬਹੁਤ ਹੀ ਨੀਵੇਂ ਸਤਿ ਪੁਰਖ ਨੂੰ ਜਾਣਨ ਦੀ ਅਲਪੱਗ ਜਾਣਨੀ ਘਟੀਆ ਦਰਜੇ ਦੀ ਜਾਣਨੀ ਵਾਲੇ ਹਨ। ਕਿਸੇ ਛਿਨ-ਭੰਗਰੀ ਚਮਤਕਾਰ ਅਕਸ ਮਾਤਰ ਹੀ ਨੂਰ ਝਲਕਿਆਂ ਦੇ ਦੇਖੇ; ਕਿਸੇ ਨੇ ਸੁਪਨੰਤਰੀ ਜ਼ਹੂਰ ਕੇਵਲ ਸੁਪਨ ਮਾਤਰ ਵਿਚ ਪੇਖੇ। ਕਈ ਵਡਭਾਗੇ ਸਿਖ ਐਸੇ ਭੀ ਹੋਏ ਹਨ ਅਤੇ ਹੋਵਣਗੇ ਜਿਨ੍ਹਾਂ ਨੇ ਗੁਰਮਤਿ ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕਰਿ ਸਤਿਗੁਰ ਪ੍ਰਸਾਦੀ ਅੰਤਰਿ ਹੀ ਜੋਤਿ ਵਿਗਾਸ ਦਿਦਾਰਿਆਂ ਨੂੰ ਜਲਵਾਗਰ ਕੀਤਾ, ਪਰ ਓਹਨਾਂ ਨੂੰ ਕਦੇ

ਭੀ ਅਹੰਮੇਵ ਨਹੀਂ ਮਤਸਰਾਇਆ ਕਿ ਅਸੀਂ ਸਤਿ ਪੁਰਖ ਜਾਣਿਆ ਯਾ ਜਾਣ ਲਿਆ ਹੈ। ਉਹਨਾਂ ਨੂੰ ਇਸ ਗੁਰਵਾਕ ਦੀ ਸੱਤਤਾ ਪਰਤੱਖ ਹੋਇ ਪ੍ਰਤੀਤ ਹੋਈ ਹੈ:

**ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥...੪॥੫॥੪੪॥**

*(ਆਸਾ ਮ: ੫, ਪੰਨਾ ੩੮੨)*

ਸਚ ਮੁਚ ਉਹ ਅਜਾਣ ਹੈ ਜੋ ਕਹਿੰਦਾ ਹੈ ਕਿ ਮੈਂ ਸਤਿ ਪੁਰਖ ਨੂੰ ਜਾਣ ਲਿਆ ਯਾ ਜਾਣਿਆ ਹੈ, ਕਿਉਂਕਿ ਯਥਾਰਥ ਜਾਣਨ ਦੀ ਬਿਵਸਥਾ ਬੜੀ ਅਮੀਕ ਅਤੇ ਅਮਿਤ ਹੈ। ਬੇਅੰਤ ਅਕਾਲ ਪੁਰਖ ਨੂੰ ਜਾਣਨਾ ਭੀ ਬੇਅੰਤਤਾ ਦੀ ਮਿਤ ਅਮਿਤ ਵਾਲਾ ਕੰਮ ਹੈ। ਸਰਬੱਗ ਸਤਿ ਪੁਰਖ ਨੂੰ ਸਰਬੱਗਤਾ ਦੇ ਸਰੂਪ ਵਿਚ ਜਾਣਨਾ ਕੇਵਲ ਸਮਰੱਥ ਅਤੇ ਸਰਬੱਗ ਸਤਿਗੁਰੂ ਨੂੰ ਪੁਗਦਾ ਹੈ। ਕਈ ਚੁੰਚ ਗਿਆਨੀ ਤਾਂ ਚੁੰਚ ਕਥਨੀ ਦੁਆਰਾ ਅਨੁਮਾਨ ਕਰ ਲੈਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ ਹੈ, ਸਾਨੂੰ ਸਤਿ ਪੁਰਖ ਦਾ ਗਿਆਨ ਬੋਧ ਹੋ ਗਿਆ ਹੈ। ਓਹਨਾਂ ਨੇ ਤੱਤ ਗਿਆਨ ਸਰੂਪ ਵਿਚ ਹਰਗਿਜ਼ ਹਰਗਿਜ਼ ਸਤਿ ਪੁਰਖ ਨੂੰ ਨਹੀਂ ਜਾਣਿਆ ਹੁੰਦਾ। ਉਹ ਜੋ ਸਤਿਗੁਰੂ ਸਦਾਵਣ ਦੀਆਂ ਅਨੁਮਾਨਕ ਡੀਂਗਾਂ ਮਾਰਨ ਤਾਂ ਪਏ ਮਾਰਦੇ ਫਿਰਨ। ਕਈਆਂ ਨੂੰ ਤਨਕ ਮਾਤਰ ਸਿੱਧੀਆਂ ਪ੍ਰਾਪਤ ਹੋ ਜਾਣ ਪਰ ਹੀ ਇਹ ਮੋਨੀਆ ਹੋ ਜਾਂਦਾ ਹੈ ਕਿ ਓਹਨਾਂ ਨੇ ਪਰਮ ਪੁਰਖ ਨੂੰ ਪਾ ਲਿਆ ਹੈ, ਸਤਿ ਪੁਰਖ ਨੂੰ ਜਾਣ ਲਿਆ ਹੈ। ਇਹ ਸਭ ਓਹਨਾਂ ਦਾ ਫੋਕਟ ਗੁਮਾਨ ਹੈ। ਨਾ ਉਹਨਾਂ ਨੇ ਪਰਮ ਪੁਰਖ ਨੂੰ ਪਾਇਆ, ਨਾ ਸਤਿ ਪੁਰਖ ਨੂੰ ਯਥਾਰਥ ਸਤਿ ਜਾਣਨੀ ਵਿਚ ਜਾਣਿਆ। ਕਈਆਂ ਨੂੰ ਤਨਕ ਤਪੱਸਿਆ ਕਰਨ ਕਰਿ ਲੋਕਾਂ ਵਲੋਂ ਮਾਣ ਪ੍ਰਤਿਸ਼ਟਾ ਪ੍ਰਾਪਤ ਹੋ ਗਈ ਤੇ ਪੂਜਾ ਹੋਣ ਲਗ ਪਈ, ਓਹ ਬਿਚਾਰੇ ਕਰਮਾਂ ਮਾਰੇ ਇਤਨੇ ਵਿਚ ਹੀ ਆਪਣੇ ਆਪ ਨੂੰ ਸਤਿ ਪੁਰਖ ਦੇ ਜਾਣਨਹਾਰਾ ਸਮਝ ਬੈਠੇ। ਬਹੁਤਿਆਂ ਨੂੰ ਤਾਂ ਫੋਕਾ ਚਸਕਾ ਹੀ ਗੁਰੂ ਕਹਾਉਣ ਦਾ ਚਿਮੜਿਆ ਹੋਇਆ ਹੁੰਦਾ ਹੈ। ਓਹ ਜਿਉਂ ਤਿਉਂ ਕਰ ਕੇ ਸਾਰਾ ਯਤਨ ਏਸੇ ਗੱਲ ਵਿਚ ਲਾਉਂਦੇ ਹਨ ਕਿ ਲੋਕੀ ਓਹਨਾਂ ਨੂੰ ਸਤਿਗੁਰੂ ਸਮਝ ਕੇ ਪੂਜਣ ਲਗ ਪੈਣ।

ਕਈ ਸੰਤਾਂ ਸੰਬੰਧੀ ਇਹ ਖ਼ਿਆਲ ਪ੍ਰਗਟ ਕੀਤਾ ਗਿਆ ਸੁਣੀਂਦਾ ਹੈ ਕਿ ਫਲਾਣੇ ਸੰਤ ਗੁਰੂ ਨਾਨਕ ਦੇ ਤੇ ਫਲਾਣੇ ਸੰਤ ਗੁਰੂ ਅੰਗਦ ਦੇਵ ਜੀ ਦੇ ਅਵਤਾਰ ਹਨ। ਹਾਲਾਂਕਿ ਦਸੇ ਗੁਰੂ ਸਾਹਿਬਾਨ ਜਨਮ ਮਰਨ ਤੋਂ ਰਹਿਤ ਹਨ—"ਏਕਹਿ ਆਵਨ ਫਿਰਿ ਜੋਨਿ ਨ ਆਇਆ"[1] ਦੇ ਗੁਰਵਾਕ ਅਨੁਸਾਰ ਦਸ ਗੁਰੂ ਇਕ ਵਾਰ ਹੀ ਮਨੁੱਖ ਜੋਨੀ ਵਿਚ ਆਏ, ਫੇਰ ਨਹੀਂ ਆਉਣਗੇ। ਸੋ ਕਿਸੇ ਸੰਤ ਨੂੰ ਗੁਰੂ ਕਾ ਅਵਤਾਰ ਕਹਿਣਾ ਨਿਰਾ ਕੁਫ਼ਰ ਹੈ। ਬਹੁਤੇ ਸਾਰੇ ਥੋੜੀ ਬਹੁਤ ਕਮਾਈ ਕਰ ਕੇ ਫੇਰ ਹਾਰਿ ਖੜੋਂਦੇ ਹਨ ਅਤੇ ਅਗਾਹਾਂ ਨਹੀਂ ਤੁਰਦੇ। ਓਹਨਾਂ ਦੇ ਭੀ ਭਾਗ ਧੁਰ ਮੰਦੇ ਹਨ, ਕਿਉਂਕਿ ਓਹਨਾਂ ਦੀ ਪਰਮਾਰਥ ਦੀ ਤਰੱਕੀ ਅਗਾਹਾਂ ਨੂੰ ਰਹਿ ਖਲੋਤੀ। ਜਿਨ੍ਹਾਂ ਨੂੰ ਸਿਖ ਬਣਨ ਦਾ, ਸਦਾ ਹੀ ਸਿਖ ਬਣੇ ਰਹਿਣ ਦਾ ਚਾਉ ਉਮਾਹਾ ਨਹੀਂ, ਓਹਨਾਂ ਨੇ ਪਰਮਾਰਥ ਦੀ ਅਗਾਹ ਅਤੇ ਅਥਾਹ ਮੰਜ਼ਲ ਨੂੰ ਤੈਅ ਕਰਨ ਦੀ ਕੀ ਸਿੱਖਿਆ ਲੈਣੀ ਹੈ। ਸਿਖ ਨੇ ਤਾਂ ਸਦਾ ਸਿੱਖਿਆ ਹੀ ਲੈਂਦੇ ਰਹਿਣਾ ਹੈ। ਸਿੱਖੀ ਸਿੱਖਿਆ ਦਾ ਦਾਇਰਾ ਹੀ ਬੜਾ ਅਥਾਹ

੧. ਗਉੜੀ ਬਾਵਨ ਅੱਖਰੀ ਮ: ੫, ਪੰਨਾ ੨੫੨


www.sikhbookclub.com

ਅਤੇ ਅਮੀਕ ਹੈ ਅਤੇ ਸਤਿ ਕਰਿ ਜਾਣੋ ਕਿ ਸਿਖ ਨੂੰ ਸਿੱਖੀ ਵਿਚ ਸਿਖ ਬਣੇ ਰਹਿਣ ਵਿਚ ਜੋ ਅਨੰਦ ਅਤੇ ਲਾ-ਇੰਤਹਾ ਰੱਜ (ਬੇਅੰਤ ਅਨੰਦ) ਹੈ, ਉਹ ਦੇਵਤਿਆਂ ਪੈਗੰਬਰਾਂ ਨੂੰ ਕ੍ਰੋੜਾਂ ਸੁਰਗਾਂ ਬਹਿਸ਼ਤਾਂ ਦੇ ਨਸੀਬ ਹੋਣ ਵਿਚ ਭੀ ਨਹੀਂ। ਗੁਰ-ਸਿੱਖੀ ਛਡ ਕੇ ਗੁਰੂ ਦੀ ਰੀਸ ਕਰਨ ਵਾਲਿਆਂ, ਗੁਰੂ ਬਣਨ ਦਾ ਯਤਨ ਕਰਿ ਕਰਿ ਮਰਨ ਵਾਲਿਆਂ ਨੂੰ ਸਿਵਾਇ ਮਾਣ ਪ੍ਰਤਿਸ਼ਟਾ ਦੇ ਫੋਕੇ ਚਸਕੇ ਦੇ ਹੋਰ ਕੁਝ ਭੀ ਹਥਿ ਨਹੀਂ ਆਉਂਦਾ। ਅਗੇ ਦਰਗਾਹ ਜਾ ਕੇ ਜਮਦੂਤਾਂ ਦੇ ਧੱਕੇ, ਮੁਦਗਰਾਂ ਦੀਆਂ ਮਾਰਾਂ ਖਾਣ ਦਾ ਲੇਖ-ਕੁਲੇਖੀ ਫਲ ਤਾਂ ਜ਼ਰੂਰ ਸਿਲੇ ਵਿਚ ਮਿਲੇਗਾ। ਓਥੇ ਚਲ ਕੇ ਓਹਨਾਂ ਨੂੰ ਪਤਾ ਲਗੇਗਾ ਕਿ "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ" ਦਾ ਤੱਤ ਪਰਮਾਰਥੀ ਭਾਵ ਕੀ ਸੀ। ਓਥੇ ਕੁਥਾਈਂ ਫਾਥਿਆਂ ਉਹਨਾਂ ਦਾ ਸਤਿਗੁਰੂ ਬਣਨ ਅਤੇ ਸਤਿਗੁਰੂ ਸਦਾਵਣ ਦਾ ਝੂਠਾ ਗੁਮਾਨ ਉਤਰ ਜਾਏਗਾ। ਏਹਨਾਂ ਅਲਪੱਗ ਬੁੱਧੀ ਵਾਲਿਆਂ ਗੁਰੂ ਬਣਨ ਦੇ ਚਸਕਾਲੂਆਂ ਨੂੰ ਇਹ ਪਤਾ ਨਹੀਂ ਕਿ ਗੁਰਬਾਣੀ ਅੰਦਰ ਸਤਿਗੁਰੂ ਦੇ ਤਾਰੀਫ਼-ਲਖਸ਼ਨ (definitions) ਹੋਰ ਭੀ ਹਨ, ਕੇਵਲ ਇਹੋ ਹੀ ਨਹੀਂ। ਹਾਂ, ਇਹ ਭੀ ਸਤਿਗੁਰੂ ਦੀਆਂ ਤਾਰੀਫ਼-ਲਖਸ਼ਨੀ ਵਡੀਆਂ ਨਿਸ਼ਾਨੀਆਂ ਵਿਚੋਂ ਇਕ ਡੈਫ਼ੀਨੀਸ਼ਨ ਹੈ ਕਿ "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ"। ਸਤਿਗੁਰ ਦੇ ਲਖਸ਼ਨਾਂ ਵਿਚੋਂ ਮੁਖ ਤੌਫ਼ੀਕੀ ਸਹੀ ਲਖਸ਼ਨ ਸਤਿਗੁਰੂ ਦੇ ਇਹ ਹਨ :

**ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥**
**ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥**
**ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥...(ਪਉੜੀ ੮)**

*(ਗਉੜੀ ਵਾਰ ਮ: ੪, ਪੰਨਾ ੩੦੪)*

ਸਭ ਤੋਂ ਮੁਖ ਅਤੇ ਵਡੀ ਨਿਸ਼ਾਨੀ ਸਤਿਗੁਰੂ ਦੀ ਇਹ ਹੈ ਕਿ ਸਤਿਗੁਰੂ ਦੀ ਪਦਵੀ ਸਭਦੂੰ ਵਡੇ ਸਤਿ ਪੁਰਖੁ ਅਕਾਲ ਵਲੋਂ ਜਿਸ ਨੂੰ ਟਿੱਕੀ ਜਾਂਦੀ ਹੈ, ਉਸ ਨੂੰ ਹੀ ਸਤਿਗੁਰੂ ਦੀ ਪਦਵੀ ਦਾ ਟਿੱਕਾ ਮਿਲਦਾ ਹੈ। ਧੁਰੋਂ ਪਠਾਏ ਸਤਿਗੁਰੂ ਗੁਰੂ ਨਾਨਕ ਨਿਰੰਕਾਰੀ ਨੂੰ ਸਭ ਤੋਂ ਪਹਿਲਾਂ ਨਿਰੰਕਾਰ ਦੀ ਦਰਗਾਹ ਤੋਂ ਸਤਿਗੁਰੂ ਦੀ ਪਦਵੀ ਦਾ ਟਿੱਕਾ ਮਿਲਿਆ, ਜਿਸ ਨੇ ਅਕਾਲੀ ਦਰਗਾਹ ਤੋਂ ਟਿੱਕੀ ਹੋਈ ਸਤਿਗੁਰੂ ਦੀ ਜੋਤਿ-ਪਦਵੀ ਨੂੰ ਦਸਾਂ ਗੁਰੂ ਜਾਮਿਆਂ ਵਿਚ ਦਰਜਾ-ਬ-ਦਰਜਾ ਹਲੂਲ ਕੀਤਾ। ਇਹ ਨਹੀਂ ਕਿ ਇਕ ਸਮੇਂ ਵਿਚ ਹੀ ਅਨੇਕ ਅਨੇਕ ਗੁਰੂ ਇੱਕੋ ਗੁਰ ਪਦਵੀ ਦੇ ਗੁਰ-ਜਾਮਿਆਂ ਨੂੰ ਮਿਲੇ। "ਸਚੁ ਸਚਾ ਸਤਿਗੁਰੁ ਇਕੇ", "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ"[1] ਦੇ ਗੁਰਮਤਿ ਅਸੂਲ ਅਨੁਸਾਰ ਇਕ ਸਮੇਂ ਵਿਚ ਇਕੋ ਗੁਰੂ-ਜਾਮੇ ਨੂੰ ਇਕੋ ਗੁਰੂ ਪਦਵੀ ਟਿੱਕੀ ਜਾਂਦੀ ਰਹੀ। ਇਹ ਧੁਰ ਅਕਾਲੀ ਨੇਤ ਵਾਲਾ ਨਿਯਮ ਗੁਰੂ ਘਰ ਵਿਖੇ ਪਰਪੱਕ ਚਲਿਆ ਆ ਰਿਹਾ ਹੈ ਕਿ ਗੁਰੂ ਇਕੋ ਹੈ, ਜਿਸ ਨੂੰ ਧੁਰ ਦਰਗਾਹੋਂ ਗੁਰੂ ਅਕਾਲ ਪੁਰਖ ਦੀ ਦਰਗਾਹੋਂ ਟਿੱਕਿਆ ਗਿਆ। ਉਸ ਇਕ ਦੇ ਹੁੰਦਿਆਂ ਦੂਜਾ ਗੁਰੂ ਟਿੱਕਿਆ ਹੀ ਨਹੀਂ ਜਾ ਸਕਦਾ, ਜਿਸ ਦਾ ਧੁਰਵਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬੰਨ੍ਹ ਕੇ ਦਿਖਾਇਆ ਅਤੇ ਬਾਬਾ ਅਟੱਲ ਰਾਇ ਅਤੇ ਬਾਬਾ ਗੁਰਦਿਤਾ ਜੀ ਨੇ ਜੋ ਕੁਰਬਾਨੀਆਂ ਕਰ ਕੇ ਗੁਰੂ ਕਾ ਹੁਕਮ ਪੂਰਾ ਕਰ ਦਿਖਾਇਆ

[1] ਮ: ੩, ਵਾਰ ਸੋਰਠਿ, ਸਲੋਕ ੨, ਪਉੜੀ ੧੦


www.sikhbookclub.com

ਸੋ ਇਸੇ ਧੁਰਵੇ ਦੇ ਕਾਇਮ ਰਖਣ ਲਈ ਸੀ। ਫਿਰ ਗੁਰ-ਇਤਿਹਾਸ ਅੰਦਰ ਬਾਈ ਗੁਰ-ਡੰਮੀ ਮੰਜੀਆਂ ਨੂੰ ਮਲੀਆਮੇਟ ਕਰ ਕੇ ਇਕੋ ਗੁਰੂ ਨੌਵੇਂ ਪਾਤਸ਼ਾਹ ਦੀ ਗੁਰ-ਗੱਦੀ ਨੂੰ ਪ੍ਰਧਾਨ ਮੰਨਿਆ ਗਿਆ। ਸੋ, ਇਸ ਗੁਰ-ਟਿੱਕੇ ਸਤਿਗੁਰੂ ਦੀ ਟੇਕ ਵਾਲੇ ਗੁਰਮਤਿ ਅਸੂਲ ਦੀ ਪਾਬੰਦੀ ਲਈ ਪ੍ਰੌੜ੍ਹਤਾ ਲਈ ਸੀ।

ਏਸ ਇਕ ਟਿੱਕੇ-ਗੁਰੂ ਦੇ ਅਸੂਲ ਨੂੰ ਸਦਾ ਲਈ ਪ੍ਰਚਲਤ ਰਖਣ ਖ਼ਾਤਰ ਸ੍ਰੀ ਦਸਮੇਸ਼ ਜੀ ਨੇ ਗੁਰੂ-ਡੰਮੀਏ ਮਸੰਦਾਂ ਦੇ ਮਸੰਦਪੁਣੇ ਨੂੰ ਨੇਸਤੋ ਨਾਬੂਦ ਕੀਤਾ ਅਤੇ ਏਸੇ "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਦੇ ਗੁਰਮਤਿ ਅਸੂਲ ਨੂੰ ਜੁਗਾਂ ਜੁਗਾਂਤਰਾਂ ਤਾਈਂ ਗੁਰੂ ਘਰ ਅੰਦਰ ਸਨਮਾਨੇ ਪਰਵਾਨੇ ਜਾਣ ਲਈ ਭੂਤ ਭਵਿਖਤ ਦੇ ਜਾਣਨਹਾਰ ਸਤਿਗੁਰੂ ਦਸਮੇਸ਼ ਜੀ ਨੇ ਇਹ ਜਾਣ ਕੇ ਕਿ ਆਉਣ ਵਾਲੇ ਕਲਜੁਗੀ ਸਮੇਂ ਅੰਦਰ "ਘਰ ਘਰ ਹੋਇ ਬੈਠ ਹੈ ਰਾਮਾ"[1] ਥਾਉਂ ਥਾਈਂ ਮੰਜੀਆਂ ਵਾਂਗੂੰ ਅੜੋ ਅੜੀ ਟੋਲੀਆਂ ਵਿਚ ਗੁਰੂ ਬਣਿ ਬਣਿ ਬਹਿਣਗੇ, ਏਸ ਆਉਣ ਵਾਲੀ ਕੁਮਤਿ ਨੂੰ ਠੱਲ੍ਹ ਪਾਉਣ ਖ਼ਾਤਰ "ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ"[2] ਦੇ ਗੁਰਵਾਕ ਦੀ ਤਾਲੀਮ ਵਿਚ ਇਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਟੱਲ ਪਦਵੀ ਟਿੱਕ ਦਿਤੀ ਕਿ ਹੋਰ ਕੋਈ ਦੇਹਧਾਰੀ ਗੁਰੂ ਨਾ ਬਣ ਸਕੇ ਅਤੇ ਸਤਿਗੁਰੂ ਬਣਨ ਦਾ ਕੂੜਾਵਾ ਦਾਅਵਾ ਨਾ ਬੰਨ੍ਹ ਸਕੇ, ਜੈਸੇ ਕਿ ਅੱਜ-ਕੱਲ੍ਹ ਦਾ ਸੰਤ-ਡੰਮੀਏ ਸਿਖ ਬੰਨ੍ਹ ਰਹੇ ਹਨ ਅਤੇ ਕਹਿ ਰਹੇ ਹਨ, "ਜਿਸ ਨੇ ਭੀ ਸਤਿ ਪੁਰਖ ਨੂੰ ਜਾਣ ਲਿਆ (ਓਹਨਾਂ ਦੀ ਆਪਣੀ ਜਾਣਨੀ ਜਾਣ ਲਿਆ) ਬਸ, ਓਹੀ ਸਤਿਗੁਰੂ ਹੈ!"

ਸਤਿ ਪੁਰਖ ਦੀ ਥੋੜ੍ਹੀ ਬਹੁਤ ਜਾਣਨੀ ਰੂਪ ਗਿਆਨ ਤਾਂ ਹਰਿ ਇਕ ਸਚਿਆਰ ਸਿਖ ਨੂੰ ਹੋ ਜਾਣਾ ਹੋਇਆ। ਤਦ ਤਾਂ ਫਿਰ ਸਤਿ ਪੁਰਖ ਦੇ ਸਰੂਪ ਦੀ ਥੋੜ੍ਹੀ ਬਾਹਲੀ ਜਾਣਨੀ ਜਾਣਨਹਾਰੇ ਸਾਰੇ ਹੀ ਸਤਿਗੁਰੂ ਬਣ ਗਏ। ਸਿਖ ਕੋਈ ਭੀ ਨਾ ਰਹੇਗਾ। ਸਤਿ ਪੁਰਖ ਦੀ ਬਾਣੀ ਆਖਦੀ ਹੈ ਕਿ ਇਕੋ ਵਕਤ ਵਿਚ ਇਕ ਗੁਰੂ ਹੀ ਟਿੱਕਿਆ ਜਾ ਸਕਦਾ ਹੈ। ਏਹਨਾਂ ਸੰਤ-ਡੰਮੀਆਂ ਦੇ ਮਨਮਤੇ ਅਨੁਸਾਰ ਜਣੇ ਕਣੇ ਸਤਿ ਪੁਰਖ ਦੇ ਜਾਣਨਹਾਰੇ ਨੂੰ ਹੀ ਗੁਰੂ ਪਦਵੀ ਦਿਤੀ ਜਾਣੀ ਚਾਹੀਦੀ ਹੈ। ਸੋ ਏਹਨਾਂ ਸੰਤ-ਡੰਮੀਆਂ ਦੀ ਇਹ ਮਨ-ਮੰਨੀ ਗੁਰੂ-ਲਖਸ਼ਨੀ ਤਾਰੀਫ਼ ਉੱਕੀ ਹੀ ਗੁਰਮਤਿ ਪ੍ਰਤਿਕੂਲ ਹੈ, ਰੰਚਕ ਗੁਰਮਤਿ ਅਸੂਲ ਅਨਕੂਲਤਾ ਨਹੀਂ ਰਖਦੀ। ਇਕ ਹੋਰ ਸਿੱਧੀ ਪਛਾਣ ਗੁਰਦੇਵ ਪਦਵੀ ਦੀ ਗੁਰਬਾਣੀ ਦਾ ਇਹ ਪ੍ਰਮਾਣ ਕਰਾਉਂਦਾ ਹੈ:

**ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥**
**ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥**

*(ਵਾਰ ਗੂਜਰੀ ਮ: ੫, ਪੰਨਾ ੫੨੨)*

ਦੱਸੋ, ਇਹ ਲੱਛਣ ਕਿਸੇ ਗੁਰ-ਡੰਮੀਏ ਦੇਹਧਾਰੀ ਗੁਰੂ ਵਿਚ ਹੋ ਸਕਦੇ ਹਨ? ਇਹ ਗੁਰਵਾਕ ਲਖਾਉਂਦਾ ਹੈ ਕਿ ਸਤਿਗੁਰੂ ਪੁਰਖ ਸਮਰੱਥ ਦੇਵ, ਪਾਰਬ੍ਰਹਮ ਪਰਮੇਸ਼ਰ ਅਪਰੰਪਰ ਅਲੱਖ ਅਗੋਚਰ ਅਕਾਲ ਪੁਰਖ ਨਾਲ ਓਤ ਪੋਤ ਅਭੇਵ ਹੀ ਹੁੰਦਾ ਹੈ। ਜਿਵੇਂ

---

੧. ਦਸਮ ਗ੍ਰੰਥ, ਨਿਹਕਲੰਕ ਅਵਤਾਰ, ਅੰਕ ੧੨/੪
੨. ਵਾਰ ਗਉੜੀ ਮ. ੪, ਪਉੜੀ ੯, ਪੰਨਾ ੩੦੪


www.sikhbookclub.com

ਅਲੱਖ ਪਾਰਬ੍ਰਹਮ ਦਾ ਭੇਵ ਨਹੀਂ ਲਖਿਆ ਜਾਂਦਾ ਤਿਵੇਂ ਹੀ ਸਤਿਗੁਰੂ ਦੀ ਮਹਿਮਾ ਭੀ ਅਲੱਖ ਅਭੇਵ ਹੈ। ਅੱਜ-ਕੱਲ੍ਹ ਜਿਹੜੀ ਭੀ ਸੰਤ-ਡੰਮੀ ਸ਼੍ਰੇਣੀ ਉਠਦੀ ਹੈ, ਓਹੀ ਆਪਣੀ ਗੁਰ-ਪ੍ਰਣਾਲੀ ਚਲਾ ਲੈਂਦੀ ਹੈ। ਓਹੀ ਵਖੋ ਵਖ ਗੱਦੀਆਂ ਥਾਪ ਬਹਿੰਦੀ ਹੈ। ਜੇ ਅਡੋ ਅਡ ਸ਼੍ਰੇਣੀ ਦੇ ਵਖੋ ਵਖ ਗੁਰ-ਗੱਦੀਏ ਗੁਰਦੇਵ ਗਿਣੇ ਜਾਣ ਤਾਂ ਏਹਨਾਂ ਡਿੰਭੀ ਗੁਰੂਆਂ ਦਾ ਬੂਥ ਚੜ੍ਹ ਜਾਊ। ਕਿਉਂ ਨਹੀਂ ਏਹਨਾਂ ਨੂੰ ਸੁਮਤਿ ਪੈਂਦੀ ਕਿ ਇਹ ਸਿਖ ਬਣੇ ਰਹਿਣ ਵਿਚ ਹੀ ਸ਼ਾਕਰ ਰਹਿਣ ਅਤੇ ਗੁਰੂ ਦੀਆਂ ਖ਼ੁਸ਼ੀਆਂ ਲੈਣ। ਅਨੇਕਾਂ ਪਿਛਲਗ ਅਨਜਾਣ ਲੋਕ ਏਹਨਾਂ ਬਨਾਉਟੀ ਗੁਰੂਆਂ ਦੇ ਮਗਰ ਲੱਗੇ ਫਿਰਦੇ ਹਨ ਅਤੇ ਏਹਨਾਂ ਦੇ ਮੂੰਹ ਉਤੇ ਹੀ ਬਥੇਰੀਆਂ ਤਾਰੀਫ਼ਾਂ ਏਹਨਾਂ ਦੀਆਂ ਕਰਦੇ ਨਹੀਂ ਰਜਦੇ। ਤਾਰੀਫ਼ ਕਬੂਲ ਕਰਨ ਵਾਲੇ ਏਦੂੰ ਭੀ ਬੜੇ ਨਿਲੱਜ ਹਨ, ਜੋ ਤਾਰੀਫ਼ਾਂ ਸੁਣ ਸੁਣ ਫੂਲ ਫੂਲ ਬਹਿੰਦੇ ਹਨ। ਏਹਨਾਂ ਦੇ ਹੀ ਪ੍ਰਥਾਇ ਇਹ ਗੁਰਵਾਕ ਠੀਕ ਘਟਦਾ ਹੈ:

**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥**
**ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥੧॥ (੧੯)**

*(ਵਾਰ ਮਲਾਰ, ਸਲੋਕ ਮ: ੧, ਪੰਨਾ ੧੨੮੬)*

ਸੋ, ਏਹਨਾਂ ਬੜੇ ਨਿਲੱਜਾਂ ਨੂੰ ਝੂਠੀ ਗੁਰਿਆਈ ਦਾ ਛੱਜ ਟਿਕਣ ਨਹੀਂ ਦਿੰਦਾ। ਝੂਠੀਆਂ ਫੁਲਾਹਣੀਆਂ ਲੈ ਕੇ ਖ਼ੁਸ਼ ਹੋ ਹੋ ਬਫਾਉਂਦੇ ਹਨ। ਆਪਣੇ ਆਪ ਨੂੰ ਸਚੇ ਪਾਤਸ਼ਾਹ ਕਹਾਉਂਦਿਆਂ ਏਹਨਾਂ ਨੂੰ ਮਾਸਾ ਸ਼ਰਮ ਨਹੀਂ ਆਉਂਦੀ। ਬਸ, ਆਪਣੀ ਵਡਿਆਈ ਹੀ ਭਾਉਂਦੀ ਹੈ। ਵਡਿਆਈ ਮਾਣ ਪ੍ਰਤਿਸ਼ਟਾ ਦਾ ਨਸ਼ਾ ਹੀ ਏਹਨਾਂ ਨੂੰ ਚੜ੍ਹਿਆ ਰਹਿੰਦਾ ਹੈ, ਵਿਚ ਏਹਨਾਂ ਦੇ ਤਿੰਨ ਕਾਣੇ ਭੀ ਨਹੀਂ ਹੁੰਦੇ। ਪਿੰਗਾਣੇ ਹੀ ਗੁਰੂ ਬਣੇ ਬੈਠੇ ਹਨ। ਬਹੁਤਾ ਕਸੂਰ ਕੁਲਹਾਂ ਦੇਣ ਵਾਲਿਆਂ ਨਿਲੱਜਾਂ ਦਾ ਹੈ। ਜੇ ਓਹਨਾਂ ਨੂੰ ਸਮਝ ਪੈ ਜਾਵੇ ਤਾਂ ਕੁਲਹਾਂ ਲੈਣ ਵਾਲਿਆਂ ਦਾ ਕੂੜਾ ਨਸ਼ਾ ਭੀ ਉਤਰ ਜਾਵੇ। ਇਹ ਲੋਗ ਸੰਤ ਪਦਵੀ ਤੇ ਸ਼ਾਕਰ ਨਹੀਂ ਰਹਿੰਦੇ, ਸਗੋਂ ਅਗੇਰੇ ਟੱਪ ਖੜੋਂਦੇ ਹਨ ਅਤੇ ਗੁਰੂ ਪਦਵੀ ਨੂੰ ਹੱਥ ਜਾ ਪਾਉਂਦੇ ਹਨ। ਏਸੇ ਕਰਕੇ ਅਸਾਡੇ ਪਾਖੰਡ-ਖੰਡਨੀ ਵੀਰ ਬਹੁਤਾ ਜ਼ੋਰ ਸੰਤ-ਡੰਮ ਨੂੰ ਹੀ ਖੰਡਨ ਕਰਨ ਤੇ ਦਿੰਦੇ ਹਨ। ਪਾਖੰਡੀ ਸੰਤਾਂ ਦੇ ਪਾਖੰਡ ਨੂੰ ਦਮਨ ਕਰਨ ਲਈ ਕਈ ਸੱਜਣ ਲੈਕਚਰ ਕਰਦੇ ਹਨ, ਪਰ ਇਸ ਲੈਕਚਰ-ਬਾਜ਼ੀ ਵਿਚ ਇਕ ਬੜਾ ਭਾਰਾ ਨੁਕਸ ਇਹ ਆ ਪਿਆ ਹੈ ਕਿ ਪਾਖੰਡ ਸੰਤ-ਡੰਮ ਨੂੰ ਸੋਧਣ ਦੇ ਚਾਉ ਵਿਚ 'ਸੰਤ' ਪਦਵੀ ਦੇ ਖੰਡਨ ਕਰਨ ਤੇ ਭੀ ਜ਼ੋਰ ਦਿਤਾ ਜਾਣ ਲਗ ਪਿਆ ਹੈ। ਬੜੇ ਬੜੇ ਗੰਭੀਰ ਬੁਧਵਾਨ ਗੁਰਬਾਣੀ ਦੀ ਕਥਾ ਕਰਨ ਦੇ ਮਾਹਰ ਆਹਰੀ ਭੀ ਠੋਕ ਠੋਕ ਕੇ 'ਸੰਤ' ਪਦ ਦੀਆਂ ਨਘੋਚਾਂ ਕਢਦੇ ਹਨ। ਓਹ ਤਾਂ 'ਸੰਤ' ਪਦ ਨੂੰ ਹੀ ਗੁਰਬਾਣੀ ਵਿਚੋਂ ਉਡਾਇਆ ਲੋੜਦੇ ਹਨ। ਜੇ ਇਹ 'ਸੰਤ' ਪਦ ਗੁਰਬਾਣੀ ਵਿਚ ਰਹੇ ਤਾਂ ਉਹਨਾਂ ਦੀ ਬੁਧੀ ਅਨੁਸਾਰ ਇਹ 'ਸੰਤ' ਪਦ ਕੇਵਲ ਗੁਰੂ ਪਦਵੀ ਤੇ ਹੀ ਘਟਦਾ ਹੋਇਆ ਰਹਿ ਸਕਦਾ ਹੈ। ਸਿਖ ਪ੍ਰਥਾਇ 'ਸੰਤ' ਪਦਵੀ ਦੇਣੀ ਉਹ ਮਹਾ ਮਨਮਤਿ ਸਮਝਦੇ ਹਨ। ਓਹਨਾ ਪਿਆਰਿਆਂ ਵੀਰਾਂ ਨੇ ਗੁਰਬਾਣੀ ਨੂੰ ਪੂਰਨ ਤੌਰ ਤੇ ਨਿਖਾਰ ਕੇ ਵਿਚਾਰਿਆ ਨਹੀਂ। ਨਹੀਂ ਤਾਂ ਓਹਨਾਂ ਨੂੰ ਗੁਰਬਾਣੀ ਵਿਚੋਂ ਅਨੇਕ ਗੁਰ ਪ੍ਰਮਾਣ ਅਜਿਹੇ ਮਿਲਣਗੇ ਕਿ ਜਿਨ੍ਹਾਂ ਅਨੁਸਾਰ 'ਸੰਤ' ਪਦ ਗੁਰਸਿੱਖਾਂ, ਗੁਰੂ ਘਰ ਦੇ ਗੁਰਮੁਖਾਂ ਪ੍ਰਥਾਇ ਘਟਦਾ ਹੈ।

## ੨

# ਸੰਤ ਪਦ ਗੁਰੂ ਪ੍ਰਥਾਇ[1]

ਗੁਰਬਾਣੀ ਅੰਦਰ 'ਸੰਤ' ਪਦ ਗੁਰੂ ਦੇ ਸਿੱਖਾਂ ਪ੍ਰਥਾਇ ਭੀ ਆਉਂਦਾ ਹੈ ਅਤੇ ਗੁਰੂ ਪ੍ਰਥਾਇ ਭੀ। ਸਾਰੇ ਸੁਖਮਨੀ ਸਾਹਿਬ ਅੰਦਰ ਖ਼ਾਸ ਕਰ ਸਤਵੀਂ ਤੇ ਤੇਰ੍ਹਵੀਂ ਅਸਟਪਦੀ ਅੰਦਰ 'ਸੰਤ', 'ਸਾਧ' ਪਦ ਜੋ ਵਰਤੇ ਗਏ ਹਨ, ਨਿਰੋਲ ਗੁਰੂ ਪ੍ਰਥਾਇ ਹੀ ਵਰਤੇ ਗਏ ਹਨ। ਹੋਰ ਭੀ ਅਨੇਕ ਥਾਵੀਂ ਜਿਥੇ ਕਿਤੇ ਸੰਤ ਦੀ ਉੱਚ ਮਹਿਮਾ ਹੈ, ਉਥੇ 'ਸੰਤ' ਪਦ ਗੁਰੂਆਂ ਪ੍ਰਥਾਇ ਹੀ ਵਰਤਿਆ ਗਿਆ। ਜਿਸ ਪ੍ਰਕਾਰ ਗੁਰੂ ਚੌਥੀ ਪਾਤਸ਼ਾਹੀ ਨੇ ਜਿਥੇ ਕਿਥੇ ਭੀ ਸੰਤ ਦੀ ਮਹਿਮਾ ਗੁਰੂ ਸਰੂਪ ਵਿਚ ਗਾਈ ਹੈ, ਤਿਥੇ ਓਹਨਾਂ ਦਾ ਸਨਮੁਖ ਨਿਸ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਅਲੌਕਿਕ ਪਵਿੱਤਰ ਹਸਤੀ ਉਤੇ ਹੀ ਹੈ। ਏਸੇ ਪ੍ਰਕਾਰ ਗੁਰੂ ਤੀਜੀ ਪਾਤਸ਼ਾਹੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰ-ਸੰਤ ਹਸਤੀ ਨੂੰ ਹੀ ਸਨਮੁਖ ਰਖ ਕੇ ਗੁਰੂ ਸਰੂਪ ਵਿਚ 'ਸੰਤ' ਪਦ ਦੀ ਉਪਮਾ ਕੀਤੀ। ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਪਹਿਲੀ ਪਾਤਸ਼ਾਹੀ ਨੂੰ ਗੁਰੂ ਸੰਤ ਸੋਹੇਂ ਰਖ ਕੇ 'ਸੰਤ' ਪਦ ਨੂੰ ਗੁਰੂ ਦੇ ਥਾਉਂ ਵਰਤਿਆ ਹੈ। ਏਸ ਪ੍ਰਕਾਰ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ "ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥"[2] ਆਦਿ ਗੁਰ ਮਹਿਮਾ ਮਈ ਵਾਕਾਂ ਵਿਚ ਗੁਰੂ ਰਾਮਦਾਸ ਸਾਹਿਬ ਚੌਥੀ ਪਾਤਸ਼ਾਹੀ ਦਾ ਸਰੂਪ ਹੀ ਸਨਮੁਖ ਰਖ ਕੇ 'ਸੰਤ' ਪਦ ਦੀ ਵਡਿਆਈ ਕੀਤੀ ਹੈ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਵਿਚ ਬਹੁਤੀ ਥਾਈਂ 'ਸੰਤ' ਪਦ ਗੁਰਸਿੱਖਾਂ ਪ੍ਰਥਾਇ ਭੀ ਵਰਤਿਆ ਗਿਆ ਹੈ। 'ਸੰਤ' ਪਦ ਖੰਡਨ ਦੇ ਪੱਖੀਆਂ ਦੀ ਗਿਆਤ ਲਈ ਅਸੀਂ ਹੇਠਾਂ ਉਹ ਗੁਰ ਪ੍ਰਮਾਣ ਗੁਰਬਾਣੀ ਵਿਚੋਂ ਉਤਾਰ ਕੇ ਪੇਸ਼ ਕਰਦੇ ਹਾਂ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ 'ਸੰਤ' ਪਦ ਗੁਰਬਾਣੀ ਵਿਚ ਸਿਖ ਪ੍ਰਥਾਇ ਭੀ ਵਰਤਿਆ ਗਿਆ ਹੈ।

---

੧. ਵਧੇਰੇ ਪ੍ਰਮਾਣਾਂ ਲਈ ਦੇਖੋ ਅੰਤਕਾ, ਪੁਸਤਕ ਦੇ ਅਖ਼ੀਰ ਵਿਚ।
੨. ਮਾਝ ਮ: ੫, ॥੪॥੧॥੮॥ ਪੰਨਾ ੯੭


www.sikhbookclub.com

## ੩

# ਸੰਤ ਪਦ ਸਿਖ ਪ੍ਰਥਾਇ

(੧) **ਸੰਤ ਸਾਜਨ ਸਿਖ ਭਏ ਸੁਹੇਲੇ ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥**
**ਜਨਮ ਮਰਨ ਦੁਖ ਫਾਹਾ ਕਾਟਿਆ ॥ ਕਹੁ ਨਾਨਕ ਗੁਰਿ ਪੜਦਾ ਢਾਕਿਆ ॥੪॥੮॥**

*(ਪ੍ਰਭਾਤੀ ਮਹਲਾ ੫, ਪੰਨਾ ੧੩੪੦)*

ਇਸ ਗੁਰਵਾਕ ਦੇ ਭਾਵ ਤੋਂ ਸਾਫ਼ ਸਪੱਸ਼ਟ ਹੈ ਕਿ 'ਸੰਤ' ਪਦ ਏਥੇ ਗੁਰਸਿੱਖਾਂ ਪ੍ਰਥਾਇ ਹੀ ਉਚਾਰਨ ਹੋਇਆ ਹੈ, ਗੁਰੂ ਪ੍ਰਥਾਇ ਨਹੀਂ; ਕਿਉਂਕਿ ਗੁਰੂ ਪਦ ਤਾਂ ਅਲੱਗ ਪਿਆ ਹੈ। ਦੂਸਰੀ ਤੁਕ ਅੰਦਰ 'ਗੁਰਿ' ਸਿਹਾਰੀ ਨਾਲ ਹੈ। ਪਹਿਲੀ ਤੁਕ ਅੰਦਰ ਸਿੱਖਾਂ ਨੂੰ ਸੰਤ ਸਜਨ ਦਸਿਆ ਹੈ ਅਤੇ ਗੁਰਸਿੱਖਾਂ ਸੰਤ ਸਜਨਾਂ ਨੂੰ ਵਧਾਈਆਂ ਦਿਤੀਆਂ ਹਨ ਕਿ ਉਹ ਸੰਤ ਸਰੂਪ ਸਿਖ ਸਜਨ ਸੁਹੇਲੇ ਭਏ ਹੈਂ, ਕਿਉਂਕਿ ਗੁਰ ਪੂਰੇ ਨੇ ਓਹਨਾ ਨੂੰ ਲੈ ਕੇ (ਪੱਲੇ ਪਾਇ ਕੇ) ਪ੍ਰਭੂ ਸੰਗ ਮੇਲ ਦਿਤਾ ਹੈ (ਜੈਸਾ ਕਿ ਦੂਜੀ ਤੁਕ ਦਾ ਭਾਵ ਹੈ)। ਪ੍ਰਭੂ ਸੰਗ ਮਿਲੇ ਹੋਏ ਹੋਣ ਕਰਿ ਭੀ ਸਿਖ ਸੰਤ ਸਿਖ ਹੀ ਹਨ, ਗੁਰੂ ਨਹੀਂ ਬਣੇ। ਪ੍ਰਭੂ ਸੰਗ ਮਿਲਾਪ ਹੋਣ ਦੀ ਪਦਵੀ ਪ੍ਰਾਪਤ ਕਰਨ ਤੇ ਵੀ ਗੁਰੂ ਪਦਵੀ ਗੁਰਸਿੱਖਾਂ ਨੂੰ ਨਹੀਂ ਮਿਲ ਸਕਦੀ। ਹਾਂ, ਸੰਤ ਪਦਵੀ ਏਹਨਾਂ ਨੂੰ ਮਿਲ ਗਈ ਹੈ, ਜਿਸ ਦੇ ਉਹ ਹੱਕਦਾਰ ਹਨ। ਧੰਨ ਸੰਤ ਗੁਰ-ਸਿੱਖਾਂ ਦੀ ਵਡਿਆਈ। ਗੁਰ ਪ੍ਰਸਾਦ ਕਰਿ ਓਹਨਾਂ ਦਾ ਜਨਮ ਮਰਨ ਦਾ ਫਾਹਾ ਕਟਿਆ ਗਿਆ ਅਤੇ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਦੇ ਲੜ ਲਗੇ ਹੋਣ ਕਰਿ ਜਨਮ ਮਰਨ ਤੋਂ ਰਹਿਤ ਹੁੰਦੇ ਹੋਏ ਓਹਨਾਂ ਦਾ ਪੜਦਾ ਢਕਿਆ ਗਿਆ ਹੈ। ਗੁਪਤੋ ਗੁਪਤੀ ਹੀ ਗ੍ਰਿਹਸਤ ਤੇਜਸੀ ਢੰਗ ਵਿਚ ਹੁੰਦੇ ਹੋਏ ਅਲੇਪ ਹੀ ਜੀਵਨ ਮੁਕਤ ਪਦਵੀ ਨੂੰ ਪ੍ਰਾਪਤ ਹੋ ਗਏ ਅਰ ਜ਼ਾਹਰ ਕਿਸੇ ਨੂੰ ਨਹੀਂ ਹੋਇਆ, ਨਾ ਹੀ ਓਹਨਾਂ ਨੇ ਆਪਣਾ ਆਪ ਕਿਸੇ ਨੂੰ ਜ਼ਾਹਰ ਹੋਣ ਦਿਤਾ। ਐਸਾ ਅਜਰ ਨੂੰ ਜਰਿਆ ਕਿ ਅਲੱਖ ਨੂੰ ਲਖ ਕੇ ਭੀ, ਪ੍ਰਭੂ ਸੰਗ ਇਕ-ਮਿੱਕ ਹੋ ਕੇ ਭੀ ਓਹਨਾਂ ਨੇ ਆਪਣੇ ਆਪ ਨੂੰ ਨਹੀਂ ਜਣਾਇਆ। ਕੈਸੀ ਨਿਰਮਾਣਤਾ ਹੈ! ਹੋਛੇ ਗੁਰੂ-ਡੰਮੀ ਸੰਤਾਂ ਨਾਲੋਂ ਤਾਂ ਸਿਖ ਹੀ ਹਜ਼ਾਰ ਦਰਜੇ ਅੱਛੇ ਹਨ, ਜਿਨ੍ਹਾਂ ਸੱਚ ਮੁੱਚ ਦੀ ਜੀਵਨ-ਪਦਵੀ ਪਾ ਕੇ ਫੜਾਂ ਨਹੀਂ ਮਾਰੀਆਂ ਕਿ ਅਸੀਂ ਪ੍ਰਭੂ ਨੂੰ ਪਾ ਲਿਆ ਹੈ ਅਤੇ ਸਤਿ ਪੁਰਖ ਨੂੰ ਜਾਣ ਲਿਆ ਹੈ। ਐਸੇ ਗੁਰਸਿਖ ਗੁਰਮੁਖਿ ਸੰਤ ਜਨਾਂ ਦੇ ਪੂਰਾਂ ਦੇ ਪੂਰ ਹੀ ਗੁਰੂ ਘਰ ਵਿਖੇ ਜਲ ਕੰਵਲ ਵਤ ਅਲੇਪ ਵਿਚਰ ਰਹੇ ਹਨ। ਸੋਹਣਾ ਪੜਦਾ ਸਤਿਗੁਰੂ ਨੇ ਓਹਨਾਂ ਦਾ ਕਜਿਆ ਹੈ ਕਿ ਪਾਖੰਡ ਜਣਾਉਣ ਦੀ ਬਾਣ-ਕੁਬਾਣ ਤੋਂ ਬਚੇ ਰਹੇ ਹਨ।



www.sikhbookclub.com

(੨) ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥
ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥੬॥੯॥

*(ਸੂਹੀ ਮ: ੫ ਛੰਤ, ਪੰਨਾ ੭੮੩)*

ਇਸ ਗੁਰਵਾਕ ਦੀ ਦੂਜੀ ਅਤੇ ਪੰਜਵੀਂ ਪੰਗਤੀ ਵਿਚ 'ਸੰਤ ਭਗਤ' ਅਤੇ 'ਸੰਤ ਸਜਨ' ਦੇ ਪਦ ਗੁਰਸਿੱਖਾਂ ਪ੍ਰਥਾਇ ਹੀ ਵਰਤੇ ਗਏ ਹਨ। ਹਰਿ ਨਾਮ ਅਰਾਧਣਹਾਰੇ ਗੁਰ-ਸਿੱਖਾਂ ਸੰਤ ਭਗਤਾਂ ਦੀ ਜਮ ਦੀ ਫਾਸੀ ਪ੍ਰਭੂ ਅਬਿਨਾਸੀ ਨੇ, ਹਰਿ ਹਰਿ ਨਾਮ ਧਿਆਵਣ ਮਈ ਅਤੁੱਟ ਅਭਿਆਸ ਕਮਾਈ ਦੇ ਤੁਫ਼ੈਲ ਹੀ ਕੱਟ ਦਿਤੀ ਹੈ। ਐਸੀ ਨਾਮ ਦੀ ਪਾਰਸ ਮਹਿਮਾ ਹੈ ਕਿ ਜਿਨ੍ਹਾਂ ਗੁਰਸਿੱਖਾਂ ਦੇ ਘਟਾਂ ਵਿਚ ਨਾਮ ਦਾ ਨਿਵਾਸ ਹੋਇਆ ਹੈ, ਗੁਰਸਿੱਖਾਂ ਸੰਤਾਂ ਭਗਤਾਂ ਦੇ ਓਹ ਘਟ ਹਰੀ ਮੰਦਰ ਸਮਾਨ ਹੋ ਗਏ ਹਨ ਅਤੇ ਜਿਨ੍ਹਾਂ ਹਟਾਂ ਘਰਾਂ ਵਿਚ ਘਟ ਨਾਮ ਨਿਵਾਸੀ ਸਿਖ ਵਸਦੇ ਹਨ, ਓਹ ਭੀ ਪਵਿੱਤਰ ਪਾਵਨ ਮੰਦਰ ਰੂਪ ਹੋ ਜਾਏ ਹਨ, ਤਿਨ੍ਹਾਂ ਸੰਤ ਭਗਤ ਗੁਰਸਿੱਖਾਂ ਦੀ ਸਗਲ ਸਮੱਗਰੀ ਪੂਰਨ ਹੋ ਗਈ ਹੈ ਅਤੇ ਉਹਨਾਂ ਨੇ ਮਨ-ਇੱਛੇ ਫਲ ਪਾਏ ਹਨ। ਸਗਲ ਮਨੋਰਥ ਓਹਨਾਂ ਦੇ ਪੂਰਨ ਹੋ ਗਏ ਹਨ। ਨਾਮ-ਨਿਵਾਸੀ, ਨਾਮ-ਅਭਿਆਸੀ ਸੰਤ ਸਜਨ ਪ੍ਰਸਪਰ ਮਿਲ ਕੇ ਸੁਖ ਰਲੀਆਂ ਮਾਣਦੇ ਹਨ। ਦੂਖ ਦਰਦ ਓਹਨਾਂ ਦੇ ਸਗਲ ਬਿਨਾਸ ਹੋ ਗਏ ਹਨ। ਜਿਹੜੇ ਸੰਤ ਸਜਨ ਸਿਖ ਭਗਤ ਜਨ ਸਤਿਗੁਰੂ ਦੁਆਰਿਓਂ ਸਬਦ-ਗੁਰਮੰਤ੍ਰ-ਦੀਖਿਆ ਮਿਲਣ ਕਰਿ ਸਵਾਰੇ ਗਏ, ਸਫਲ ਜਨਮੇ ਹੋ ਗਏ; ਗੁਰੂ ਨਾਨਕ ਸਾਹਿਬ ਓਹਨਾਂ ਵਿਟਹੁੰ ਵਾਰਨੇ ਬਲਿਹਾਰਨੇ ਜਾਂਦੇ ਹਨ। ਇਸ ਵਾਕ ਅੰਦਰ ਇਹ ਗੁੰਜਾਇਸ਼ ਹੀ ਬਾਕੀ ਨਹੀਂ ਕਿ 'ਸੰਤ' ਪਦ ਦੇ ਗੁਰਸਿਖ ਪ੍ਰਤੀ ਘਟਣ ਦੀ ਭ੍ਰਾਂਤੀ ਰਹਿ ਗਈ ਹੋਵੇ।

(੩) ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥
ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥
ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥੪॥੧॥੩੮॥

*(ਆਸਾ ਮ: ੫, ਪੰਨਾ ੩੮੦)*

ਇਹ ਗੁਰਵਾਕ ਸਮੂੰਹ ਸਿੱਖਾਂ ਦੇ ਸਮੁਦਾਇ ਦੇ ਸਨਮੁਖ ਉਚਾਰਨ ਕੀਤਾ ਹੈ ਅਤੇ ਸਤਿਗੁਰੂ ਨੇ ਸਿੱਖਾਂ ਨੂੰ ਸੰਤ ਮੀਤ ਸਜਨ ਕਹਿ ਕੇ ਸੰਬੋਧਨ ਕੀਤਾ ਹੈ ਅਤੇ ਓਹਨਾਂ ਨੂੰ ਵੈਰਾਗ-ਮਈ ਇਹ ਉਪਦੇਸ਼ ਦ੍ਰਿੜ੍ਹਾਇਆ ਹੈ ਕਿ ਦ੍ਰਿਸ਼ਟਮਾਨ ਪਸਾਰਾ ਸਭ ਝੂਠਾ ਹੈ। ਇਸ ਤੋਂ ਸਦਾ ਉਪਰਾਮਤਾ ਹੀ ਗੁਰਸਿੱਖਾਂ ਨੂੰ ਰਖਣੀ ਚਾਹੀਦੀ ਹੈ। ਇਸ ਝੂਠੇ ਪਸਾਰੇ ਨੂੰ ਦੇਖ ਕੇ ਲੁਭਾਇਮਾਨ ਨਹੀਂ ਹੋ ਜਾਣਾ। ਜਿਹੜੇ ਲੁਭਾਇਮਾਨ ਹੋ ਗਏ, ਉਹ ਮੋਹ ਮਮਤਾ ਦੇ ਜੀਵ ਮੇਰੀ-ਮੇਰੀ ਕਰ ਕੇ ਇਸੇ ਮੋਹ-ਮਮਤਾ ਦੀ ਘੁੰਮਣ-ਘੇਰੀ ਵਿਚ ਡੁਬ ਗਏ ਹਨ ਅਤੇ ਮਾਇਆ ਦੇ ਧੰਧਿਆਂ ਵਿਚ ਖਪ ਖਪ ਕੇ ਉਹ ਗਵਾਰ ਲੋਗ ਮਰ ਗਏ ਹਨ। ਪਰ ਜਿਨ੍ਹਾਂ ਨੇ ਸਤਿਗੁਰੂ ਨੂੰ ਮਿਲ ਕੇ, ਸਤਿਗੁਰੂ-ਦੀਖਿਆ ਲੈ

ਕੇ, ਸਤਿਗੁਰੂ ਦੇ ਸਿੱਖ ਬਣ ਕੇ ਗੁਰਮਤਿ ਨਾਮ ਨੂੰ ਧਿਆਇਆ ਹੈ, ਓਹਨਾਂ ਦਾ ਸੱਚੇ ਨਾਮ ਦੁਆਰਾ ਨਿਸਤਾਰਾ ਹੋ ਗਿਆ ਹੈ। ਕੋਈ ਸੰਦੇਹ ਬਾਕੀ ਨਹੀਂ ਰਿਹਾ ਕਿ ਇਥੇ ਭੀ 'ਸੰਤ' ਪਦ ਗੁਰਸਿੱਖਾਂ ਪ੍ਰਤੀ ਹੀ ਉਚਾਰਨ ਹੋਇਆ ਹੈ।

(੪) **ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**
**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**
**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**
*(ਰਾਮਕਲੀ ਮ: ੩ ਅਨੰਦੁ, ਪੰਨਾ ੯੨੨)*

ਇਸ ਗੁਰਵਾਕ ਦੀ ਪੰਗਤੀ "ਸੰਤ ਸਾਜਨ ਭਏ ਸਰਸੇ" ਵਾਲੀ ਸਿੱਖਾਂ ਪ੍ਰਥਾਇ ਹੈ। ਭਾਵ, ਸੱਚੀ ਬਾਣੀ ਨੂੰ ਸੁਣ ਕੇ ਸੰਤ ਸਾਜਨ ਸਭ ਸਰਸੇ ਭਏ ਹੈਂ। ਤਿਨ੍ਹਾਂ ਦੇ ਦੁਖ ਰੋਗ ਸੰਤਾਪ ਸਭ ਉਤਰ ਗਏ ਹੈਂ। ਗੁਰਬਾਣੀ ਨੂੰ ਸੁਣਨਹਾਰੇ ਸੰਤ ਸਾਜਨ ਗੁਰਸਿਖ ਹੀ ਹੋਏ ਨਾ, ਜੋ ਸਰਸੇ ਭਏ ਹੈਂ। ਇਹ ਸਰਸੇ ਹੋਣ ਦੀ ਬਿਧਿ ਜੁਗਤੀ ਜੋ ਪੂਰੇ ਗੁਰ ਤੋਂ ਜਾਣੀ ਹੈ, ਸੋ ਗੁਰਸਿਖ ਸੰਤ ਸਜਨਾਂ ਨੇ ਹੀ ਜਾਣੀ ਹੈ, ਕਿਉਂਕਿ ਗੁਰੂ ਦੁਆਰਿਓਂ ਓਹਨਾਂ ਨੇ ਦੀਖਿਆ ਲੈ ਕੇ ਗੁਰ-ਮੰਤਰ ਅਭਿਆਸ ਕਮਾਈਆਂ ਕੀਤੀਆਂ ਅਤੇ ਗੁਰਬਾਣੀ ਸੁਣਿ ਸੁਣਿ ਪਾਰਸ ਰੰਗ ਨਾਮ ਅਭਿਆਸੀ ਸਿੱਖਾਂ ਨੂੰ ਹੋਰ ਦੂਣੇ ਚਉਣੇ ਲਗੇ ਹਨ।

(੫) **ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ਹ ਸੰਗੁ ਜੀਉ ॥**
**ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥**
**ਤਿਨ੍ਹ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥**
**ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥**
**ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ਰਹਾਉ॥**
*(ਸੂਹੀ ਮ: ੫, ਅਸਟ:, ਪੰਨਾ ੭੬੦)*

ਏਥੇ ਭੀ ਦੂਜੀ ਪੰਗਤੀ ਅੰਦਰ "ਸੰਤ ਸਜਨ ਮਨ ਮਿਤ੍ਰ ਸੇ" ਅਤੇ ਛੇਕੜਲੀ ਪੰਗਤੀ ਅੰਦਰਿ "ਆਇ ਮਿਲਹੁ ਸੰਤ ਸਜਣਾ" ਵਾਲੀ ਘਟਨਾ ਗੁਰਸਿੱਖਾਂ ਪ੍ਰਤੀ ਹੀ ਘਟਦੀ ਹੈ। ਪ੍ਰਸਪਰ ਗੁਰਸਿਖ ਮਿਲ ਕੇ ਨਿਤ ਗੁਣ ਗਾਵਣ ਲਈ ਇਕੱਤਰ ਹੋਣ ਦੀ ਤਾਂਘ ਤਾਂਘਦੇ ਹੋਏ ਸੰਤ ਸਜਨ ਮਨ ਮਿਤ੍ਰ ਇਕ ਦੂਜੇ ਨੂੰ ਸਨਮਾਨ ਪੂਰਬਕ ਪ੍ਰਤੀਤ ਹੁੰਦੇ ਹਨ। ਸੱਚ ਮੁੱਚ ਨਾਮ ਜਪਣਹਾਰੇ ਸਿਖ ਹੀ ਸੰਤ ਜਨ ਹਨ, ਹੋਰ ਕੋਈ ਭੇਖੀ ਭੇਖਧਾਰੀ ਅਨਮਤੀ ਪੁਰਖ ਥੋੜੇ ਸੰਤ ਬਣ ਚਲੇ ਹਨ। ਨਾਮ ਕੇਵਲ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਨਿਗੁਰੇ ਮਨਮੁਖ ਨਾਮਹੀਣ ਸੰਤ ਕਹਾ ਹੀ ਨਹੀਂ ਸਕਦੇ। ਨਾਮ ਜਪਣਹਾਰੇ ਗੁਰੂ ਕੇ ਸਿੱਖਾਂ 'ਤੇ ਹੀ 'ਸੰਤ' ਪਦ ਸੋਭਦਾ ਹੈ।

(੬) **ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥**
**ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥੬॥**
*(ਨਟ ਮ: ੪ ਅਸਟ:, ਪੰਨਾ ੯੮੩)*

ਪ੍ਰਸਪਰ ਮਿਲ ਕੇ ਹਰਿ ਗੁਣ ਗਾਵਣ ਲਈ ਗੁਰ-ਸਿਖ ਸੰਤ ਸਾਧ ਇਕੱਤਰ ਹੁੰਦੇ ਹਨ। ਗੁਰ-ਸਿਖ ਹੀ ਸੰਤ ਸਾਧ ਹਨ, ਜੋ ਪ੍ਰਸਪਰ ਕੀਰਤਨ ਗੁਰਬਾਣੀ ਦਾ ਕਰਦੇ ਹਨ, ਆਪ ਨਿਸਤਰਦੇ ਹਨ ਤੇ ਦੂਜਿਆਂ ਸੁਣਨਹਾਰਿਆਂ ਨੂੰ ਨਿਸਤਾਰਦੇ ਹਨ। ਕੇਡਾ ਪਰਉਪਕਾਰ ਹੈ ਮਿਲ ਬੈਠ ਕੇ ਕੀਰਤਨ ਕਰਨਹਾਰੇ ਗੁਰਸਿੱਖਾਂ, ਅਰਥਾਤ, ਗੁਰੂ ਘਰ ਦੇ ਸੰਤਾਂ ਸਾਧਾਂ ਦਾ। "ਇਕ ਸਿਖ ਦੁਇ ਸਾਧ ਸੰਗ" ਦੇ ਮਹਾਂ ਵਾਕੀ ਭਾਵ ਅਨੁਸਾਰ ਦੋ ਸਿਖ ਪ੍ਰਸਪਰ ਮਿਲ ਕੇ ਸਤਸੰਗ ਕਰਦੇ ਹੋਏ ਸਾਧ ਰੂਪ ਹੋ ਜਾਂਦੇ ਹਨ। ਇਕ ਗੁਰ-ਸਿਖ ਸੰਤ ਨੂੰ ਦੂਜਾ ਗੁਰਸਿਖ ਸੰਤ ਮਿਲਦਾ ਹੈ ਤਾਂ ਮਿਲਣ ਸਾਰ ਹੀ ਇਕ ਦੂਜੇ ਦਾ ਮਨ ਵਿਗਸ ਕੇ ਖਿੜ ਜਾਂਦਾ ਹੈ, ਜਿਉਂ ਜਲ ਨੂੰ ਮਿਲ ਕੇ ਕੌਲ ਫੁਲ ਖਿੜਦੇ ਹਨ।

(੭) **ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ ॥੫॥੫॥**

*(ਨਟ ਮ: ੪ ਅਸਟ:, ਪੰਨਾ ੯੮੩)*

ਸੰਤ ਸਮਾਗਮ ਕੇਵਲ ਗੁਰਸਿੱਖਾਂ ਦੇ ਸਮੂਹ ਦਾ ਹੀ ਹੋ ਸਕਦਾ ਹੈ। ਜਿਥੇ 'ਸੰਤ' ਪਦ ਯਾ ਸੰਤ-ਜਨ ਬਹੁ-ਵਚਨ ਵਿਚ ਹੈ, ਓਥੇ ਅਕਸਰ ਸਿੱਖਾਂ ਦੇ ਸਮੂਹ ਤੋਂ ਹੀ ਭਾਵ ਹੈ। ਏਥੇ 'ਸੰਤ ਜਨਾਂ' ਅਤੇ 'ਹਰਿ ਜਨਾਂ' ਤੋਂ ਭਾਵ ਸਪੱਸ਼ਟ ਗੁਰਮੁਖਿ ਗੁਰ-ਸਿੱਖਾਂ ਤੋਂ ਹੈ। ਹਰਿ-ਜਨ ਭੀ ਬਹੁ-ਵਚਨ ਹੈ, ਜਨ ਦੇ ਨੰਨੇ ਨੂੰ ਔਂਕੜ ਜੁ ਨਹੀਂ। ਔਂਕੜ ਹਟ ਕੇ ਮੁਕਤਾ ਹੋ ਜਾਣ ਪਰ ਬਹੁ-ਵਚਨ ਦਾ ਵਾਚਕ ਹੋ ਜਾਂਦਾ ਹੈ। ਇਹ ਪੱਕਾ ਨਿਯਮ ਗੁਰਬਾਣੀ ਅੰਦਰ ਹੈ। ਤਾਂ ਤੇ 'ਸੰਤ ਜਨਾਂ' ਤੇ 'ਹਰਿ ਜਨਾਂ' ਪਦ ਏਥੇ ਗੁਰੂ ਪ੍ਰਥਾਇ ਘਟ ਹੀ ਨਹੀਂ ਸਕਦੇ। ਗੁਰੂ ਇਕ ਸਮੇਂ ਬਹੁਤੇ ਨਹੀਂ ਹੋ ਸਕਦੇ।

(੮) **ਮਨ ਤਨ ਅੰਤਰਿ ਪ੍ਰਭੁ ਆਹੀ ॥**
**ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ਰਹਾਉ॥**
**ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥**
**ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥**
**ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥**
**ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥**

*(ਬਿਲਾਵਲੁ ਮ: ੫, ਪੰਨਾ ੮੨੪)*

ਪਿਛਲੀ ਤੁਕ ਵਿਚ 'ਸੰਤ ਸੇਵਕ ਭਗਤ' ਪਦ ਸਮੁੱਚੇ ਗੁਰ-ਸਿੱਖਾਂ ਪ੍ਰਥਾਇ ਹੀ ਵਰਤੇ ਗਏ ਹਨ। ਏਥੇ ਭੀ ਤਿੰਨੇ ਪਦ ਬਹੁ-ਵਚਨ ਹੀ ਹਨ। ਸੰਤ ਭੀ ਬਹੁ-ਵਚਨ, ਸੇਵਕ ਤੇ ਭਗਤ ਭੀ ਬਹੁ-ਵਚਨ, ਕਿਉਂਕਿ ਤੇਹਾਂ ਦੇ ਪਿਛਲੇ ਤਿੰਨੇ ਅੱਖਰ ਮੁਕਤੇ ਹਨ। ਤਾਂ ਤੇ 'ਸੰਤ' ਪਦ ਏਥੇ ਬਹੁ-ਵਚਨ ਵਿਚ ਗੁਰਸਿੱਖਾਂ ਪ੍ਰਤੀ ਘਟਦਾ ਹੈ, ਗੁਰੂ ਪ੍ਰਥਾਇ ਨਹੀਂ ਘਟ ਸਕਦਾ। ਜੇ ਘਟੇ ਤਾਂ ਬਹੁਤੇ ਗੁਰੂ ਹੋ ਜਾਣਗੇ।

(੯) **ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥**
**ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥**

*(ਮਲਾਰ ਮ: ੫, ਪੰਨਾ ੧੨੬੬)*

'ਸੰਤ ਸਭਾ' ਤੋਂ ਭਾਵ ਗੁਰਸਿੱਖਾਂ ਦੀ ਸਭਾ ਤੋਂ ਹੈ, ਜੋ ਗੁਰ ਪੂਰੇ ਦੀ ਓਟ ਤਾਬਿਆ ਵਿਚ ਲਗਦੀ ਹੈ। ਗੁਰਸਿਖ ਸੰਤਾਂ ਦੀ ਸਭਾ ਵਿਚ ਕੀਰਤਨ ਪਰਧਾਨ ਹੈ। ਇਹ ਪੂਰੇ

 www.sikhbookclub.com

ਭਾਗਾਂ ਸੇਤੀ ਹੀ ਪ੍ਰਾਪਤ ਹੁੰਦੀ ਹੈ। ਇਸ ਦੇ ਪਰਤਾਪ ਕਰਿ ਕੰਤ ਰੰਗੀਲਾ ਪਾ ਲਈਦਾ ਹੈ, ਜਿਸ ਨੂੰ ਪਾ ਕੇ ਸਭ ਦੁਖ ਭੁਖ ਰੋਗ ਮਿਟ ਜਾਂਦੇ ਹਨ। ਐਸਾ ਪਰਤਾਪ ਗੁਰਸਿਖ ਸੰਤਾਂ ਦੇ ਸੰਗਮ ਦਾ ਹੈ।

(੧੦) **ਜਿਸ ਕਉ ਚਾਹਹਿ ਸੁਰਿ ਨਰ ਦੇਵ॥ ਸੰਤ ਸਭਾ ਕੀ ਲਗਹੁ ਸੇਵ॥੩॥੯॥**
*(ਬਸੰਤੁ ਮ: ੫, ਪੰਨਾ ੧੧੯੨)*

'ਸੰਤ ਸਭਾ' ਤੋਂ ਭਾਵ ਗੁਰਸਿੱਖਾਂ ਦੀ ਸਭਾ ਤੋਂ ਹੈ। ਗੁਰਸਿੱਖਾਂ ਦੀ ਜੁੜੀ ਹੋਈ ਸੰਗਤਿ, ਅਰਥਾਤ, ਸਭਾ ਨੂੰ ਸੁਰਿ ਨਰ ਮੁਨਿ ਜਨ ਸਭ ਲੋਚਦੇ ਹਨ। ਵਡੇ ਭਾਗਾਂ ਕਰਿ ਪ੍ਰਾਪਤ ਹੁੰਦੀ ਹੈ। ਸਿੱਖਾਂ ਦੀ ਸੰਗਤਿ ਦੀ ਸੇਵਾ ਕਰਨਾ ਗੁਰਮਤਿ ਦਾ ਤੱਤ ਪ੍ਰਮਾਰਥੀ ਅਸੂਲ ਹੈ।

(੧੧) **ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥**
**ਮਨੁ ਮਾਰੇ ਜੀਵਤ ਮਰਿ ਜਾਣੁ॥ ਨਾਨਕ ਨਦਰੀ ਨਦਰਿ ਪਛਾਣੁ॥੮॥੩॥**
*(ਪ੍ਰਭਾਤੀ ਮ: ੧, ਪੰਨਾ ੧੩੪੩)*

'ਸੰਤ ਸਭਾ' ਤੋਂ ਭਾਵ ਏਥੇ ਸਿੱਖਾਂ ਸੰਤਾਂ ਦੀ ਸਭਾ ਹੈ। ਗੁਰੂ ਦੇ ਸਿਖ ਹੀ ਪ੍ਰਸਪਰ ਮਿਲ ਕੇ ਸਭਾ ਲਾਉਂਦੇ ਹਨ। ਗੁਣਤਾਸ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹਜ਼ੂਰੀ ਵਿਚ ਗੁਣ-ਗਿਆਨ-ਬੀਚਾਰੀ, ਗੁਰਮਤਿ-ਸਾਰ ਗੁਣਾਂ ਗੁਰਬਾਣੀ ਦਾ ਕੀਰਤਨ ਗਾਵਨਹਾਰੀ ਗੁਰਸਿੱਖਾਂ ਦੀ ਸੁਕ੍ਰਿਤ ਕਰਣੀ ਹੀ ਸਰਬੋਤਮ ਸ੍ਰੇਸ਼ਟ ਕਰਣੀ ਹੈ, ਕਿਉਂਕਿ ਪ੍ਰਸਪਰ ਮਿਲ ਕੇ ਗੁਰੂ ਕੇ ਸਿੱਖਾਂ ਦੀ ਰਚਾਈ ਸੰਤ ਸਭਾ ਹੀ ਕਲਜੁਗ ਵਿਚ ਸੱਚਾ ਸਤਸੰਗ ਹੈ। ਇਸ ਵਿਚ ਕੋਈ ਸੰਤ ਮਹਾਤਮਾ ਪਰਧਾਨ ਨਹੀਂ ਮੰਨਿਆ ਜਾਂਦਾ। ਸਭੇ ਹੀ ਨਾਮ ਦੇ ਰਸੀਏ ਸਿਖ ਇਕ ਦੂੰ ਇਕ ਚੜ੍ਹਦੇ ਸੰਤ ਹਨ। ਜਿਨ੍ਹਾਂ ਨੇ ਆਪਣਾ ਮਨ ਪ੍ਰਬੋਧਿਆ ਹੈ ਅਤੇ ਮਨ ਮਾਰ ਕੇ ਜੀਵਤ ਮਰਿ ਜਾਣਿਆ ਹੈ, ਤਿਨ੍ਹਾਂ ਉਤੇ ਸਤਿਗੁਰੂ ਨਾਨਕ ਸਾਹਿਬ ਤਰੁਠ ਕੇ ਨਦਰੀ ਨਦਰ ਨਿਹਾਲ ਹੁੰਦੇ ਹਨ। ਇਹ ਗੁਰਸਿਖ ਸੰਤਾਂ ਦੀ ਸੱਚੀ ਪਛਾਣ ਹੈ, ਜੋ ਸਭ ਦੀ ਰੇਣਕਾ ਹੋਇ ਹੁੰਦੇ ਹਨ। ਜਿਨ੍ਹਾਂ ਨੇ ਆਪਣਾ ਆਪ ਜਣਾਇਆ ਨਹੀਂ, ਸਗੋਂ ਆਪਣੇ ਆਪ ਨੂੰ ਨੀਵੋਂ ਤੇ ਨੀਵਾਂ ਕਰਾਇਆ ਹੈ। ਮਿੱਟੀ ਕੇ ਮਟੂੰਨ ਮਹੰਤ ਸੰਤ ਬਣ ਕੇ ਨਹੀਂ ਬੈਠੇ।

(੧੨) **ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ॥**
**ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ॥.....੨॥**
*(ਫੁਨਹੇ ਮ: ੫, ਪੰਨਾ ੧੩੬੧)*

ਇਸ ਗੁਰਵਾਕ ਤੋਂ ਸਿਧ ਹੁੰਦਾ ਹੈ ਕਿ ਕੀਰਤਨ ਕਰਨਹਾਰੇ ਗੁਰਸਿੱਖਾਂ ਦਾ ਮੰਡਲ ਸੰਤ-ਮੰਡਲ ਹੈ। ਇਸ ਕੀਰਤਨ-ਮੰਡਲ ਨੂੰ ਸੰਤ ਸਭਾ ਦਾ ਖ਼ਿਤਾਬ ਗੁਰਬਾਣੀ ਦਿੰਦੀ ਹੈ ਅਤੇ ਉਪਦੇਸ਼ ਦ੍ਰਿੜ੍ਹਾਉਂਦੀ ਹੈ। ਇਸ ਕੀਰਤਨ ਕਰਨਹਾਰਿਆਂ ਨੂੰ ਸੰਤ ਮੰਡਲ ਵਿਚ ਬੈਠ ਕੇ ਕੀਰਤਨ ਕਰਨਾ ਚਾਹੀਦਾ ਹੈ, ਅਤੇ ਕੀਰਤਨ ਕਰਨਹਾਰੇ ਗੁਰਸਿਖ ਸੰਤਾਂ ਵਿਟਹੁ ਤਨ ਮਨ ਧਨ ਸਰਬੰਸ ਸਭ ਕੁਝ ਵਾਰ ਦੇਣਾ ਚਾਹੀਦੇ। ਸੰਤ ਸਭਾ ਦਾ ਅਰਥ ਏਥੇ ਨਾ ਹੀ ਗੁਰੂਆਂ ਦੀ ਸਭਾ ਹੋ ਸਕਦਾ ਹੈ, ਨਾ ਹੀ ਭੇਖਧਾਰੀ ਗੇਰੂ ਰੰਗੇ ਸਾਧਾਂ ਦੀ ਸਭਾ। ਸਪੱਸ਼ਟ ਗੁਰਸਿਖ ਸੰਤਾਂ ਦੀ ਸਭਾ ਤੋਂ ਭਾਵ ਹੈ।

(੧੩) **ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥**
**ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥**
**ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥**
**ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥੨੧॥੫੧॥**
*(ਬਿਲਾਵਲੁ ਮ: ੫, ਪੰਨਾ ੮੧੩)*

ਅੰਮ੍ਰਿਤ ਬਾਣੀ ਗਾਵਨਹਾਰੇ ਅੰਮ੍ਰਿਤ ਗਿਆਨੜੀਏ, ਅੰਮ੍ਰਿਤ ਪੁਲਕਾਰੜੀਏ, ਅਮਿਉ ਰਸਾਇਣੀ ਅੰਮ੍ਰਿਤਧਾਰੀ ਗੁਰਸਿੱਖਾਂ ਸੰਤਾਂ ਦਾ ਕੀਰਤਨ ਸੁਣ ਕੇ ਅੰਮ੍ਰਿਤ ਗਟਾਕ ਰਸਾਂ ਦਾ ਛਕਣਾ ਹੋ ਜਾਂਦਾ ਹੈ। ਅਜਿਹੇ ਅੰਮ੍ਰਿਤ ਗਟਾਕ ਰਸ ਮਹਿ ਗੁਝ ਕੇ ਹੀ ਸੱਚੀ ਸ਼ਾਂਤੀ ਅਤੇ ਸੱਚੀ ਤ੍ਰਿਪਤੀ ਆਉਂਦੀ ਹੈ ਅਤੇ ਬਿਖੇ ਰਸਾਂ ਦੀ ਬੜਵਾਨਲੀ ਜਲਨ ਬੁਝ ਜਾਂਦੀ ਹੈ। ਤਾਂ ਤੇ ਜਿਥੇ ਭੀ ਅਤੇ ਜਦੋਂ ਭੀ ਅਜਿਹੇ ਰਸ-ਰਸੀਅੜੇ ਗੁਰਸਿੱਖਾਂ ਦੀ ਸੰਤ-ਮੰਡਲੀ ਪ੍ਰਸਪਰ ਰਲ ਮਿਲ ਕੇ ਨਿਰਬਾਣ ਕੀਰਤਨ-ਮਈ ਸੱਚੀ ਭਗਤੀ ਕਰਨ, ਤਿਨ੍ਹਾਂ ਨਾਲ ਮਿਲ ਕੇ ਹੀ ਹਰਿ ਗੁਣ ਗਾਵਣਾ ਪਰਵਾਨ ਹੈ ਅਤੇ ਤਿਨ੍ਹਾਂ ਦੇ ਸੰਗ ਬੈਠ ਕੇ ਕੀਰਤਨ ਸੁਣਨਾ ਲਾਭਕਾਰੀ ਹੈ। ਐਸੇ ਗੁਰਸਿੱਖਾਂ ਗੁਰ-ਭਗਤ ਜਨਾਂ ਦੇ ਸਮੂਹ ਸਤਸੰਗ ਮੰਡਲ ਦੀ ਧੂੜੀ ਮੁਖ ਮਸਤਕ ਤੇ ਲਾਉਣੀ ਐਨ ਗੁਰਮਤਿ ਅਨਕੂਲ ਹੈ। ਨਾ ਕਿ ਭੇਖੀ ਸੰਤਾਂ ਸਾਧਾਂ ਦੀ ਯਾ ਗੁਰੂ-ਡੰਮੀਆ ਆਪੋਂ ਬਣ ਬੈਠੇ ਸੰਤਾਂ ਮਹੰਤਾਂ ਦੀ ਚਰਨ ਧੂੜੀ। ਅੰਮ੍ਰਿਤ ਬਾਣੀ ਗੁਰਬਾਣੀ ਮਈ ਅੰਮ੍ਰਿਤ ਗੁਣਾਂ ਦੇ ਬੋਲਣਹਾਰੇ ਸਿਖ ਇਸ ਗੁਰਵਾਕ ਅਨੁਸਾਰ ਸੰਤ ਹਨ ਅਤੇ ਸਹੀ ਮਾਅਨਿਆਂ ਵਿਚ ਸੰਤ ਹਨ। ਸੰਤ ਪਦ ਦੇ ਗੁਰਮਤਿ ਮਾਅਨਿਆਂ ਤੋਂ ਘੁਥਿਆਂ ਹੋਇਆਂ ਸੰਤ ਪਦ ਦੇ ਕਟੜ ਵੈਰੀਆਂ ਵਿਰੋਧੀਆਂ ਨੂੰ ਨਾ ਕੋਈ ਸਿਖ ਹੀ ਸੰਤ ਭਾਸਦਾ ਹੈ ਅਤੇ ਨਾ ਸਿੱਖਾਂ ਦੀ ਭਗਤ-ਮੰਡਲੀ ਹੀ ਸੰਤ-ਮੰਡਲੀ ਭਾਸਦੀ ਹੈ।

(੧੪) **ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥**
**ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥੧॥੬॥**
*(ਮਾਰੂ ਸੋਲਹੇ ਮ: ੫, ਪੰਨਾ ੧੦੭੭)*

ਗੁਰਬਾਣੀ ਦੀ ਕੀਰਤਨ ਮਈ ਸਤਸੰਗ ਸਭਾ ਵਿਚ ਗੁਰਸਿਖ ਸੰਤ ਜਨ ਜਦੋਂ ਜਾਇ ਬਹਿੰਦੇ ਹਨ, ਤਿਸ ਸੰਤ ਸਭਾ ਸਤਸੰਗ-ਮੰਡਲ ਵਿਖੇ ਉਹ ਸੱਚੀਆਂ ਭੈ ਭਾਵਨੀਆਂ ਵਾਲੇ ਗੁਰਸਿਖ ਸੰਤ ਜਨ ਵਾਹਿਗੁਰੂ ਨੂੰ ਨਿਕਟਵਾਸੀ ਹਾਜ਼ਰ ਨਾਜ਼ਰ ਆਪਣੇ ਪਾਸ ਹੀ ਨਿਕਟ ਖਲੋਇੜਾ ਲਖਦੇ ਹਨ। ਤਿਥੇ ਅਨੰਦ ਮੰਗਲ ਦੇ ਸੱਚੇ ਚੋਜਾਂ ਭਰੇ ਚਲਤ ਤਮਾਸ਼ੇ, ਅਨਹਦ ਧੁਨਿ ਬਾਣੀ ਦੇ ਗੁਣ ਗਾਵਣੀ ਚਲਤ ਤਮਾਸ਼ੇ ਵਰਤਦੇ ਹਨ। ਤਿਸ ਗੁਰਸਿਖ ਸੰਤ-ਮੰਡਲ ਵਿਖੇ ਗੁਰੂ ਸਾਹਿਬ ਆਪ ਦਾਸ ਸਰੂਪ ਵਿਚ ਗੁਰਸਿੱਖਾਂ ਵਾਲੇ ਪ੍ਰੇਮ ਭਾਵ ਲੋਚਦੇ ਹਨ। ਤਿਥੇ ਗੁਰੂ ਸਾਹਿਬ ਦਿਬ ਸਰੂਪ ਵਿਚ ਅਜਿਹੀ ਸੰਗਤ ਸੰਤ-ਮੰਡਲੀ ਦੇ ਜੋੜਿਆਂ ਵਿਚ ਆ ਕੇ ਬਹਿੰਦੇ ਹਨ ਅਤੇ ਗਦ ਗਦ ਹੁੰਦੇ ਹਨ। ਦਿਬ ਦ੍ਰਿਸ਼ਟੀ ਵਾਲੇ ਗੁਰਸਿਖ ਸੰਤ ਅਜਿਹੀ ਨਿਸ਼ਾਨੀ ਪਰਖ ਪੇਖ ਕੇ ਬਿਸਮ ਰੰਗਾਂ ਵਿਚ ਸਮਾ ਜਾਂਦੇ ਹਨ। ਤਾਂ ਤੇ ਜਿਥੇ ਭੀ ਨਾਮ-ਰਸੀਏ ਗੁਰਸਿਖ ਸੰਤਾਂ ਦਾ ਨਿਰਬਾਣ ਕੀਰਤਨ ਹੈ ਤਿਥੇ ਗੁਰੂ ਸਾਹਿਬ ਪਰੀਪੂਰਨਤਾ ਸਹਿਤ ਆ ਹਾਜ਼ਰ ਨਾਜ਼ਰ ਹੁੰਦੇ ਹਨ।

 www.sikhbookclub.com

**(੧੫) ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥**
**ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥੪॥੪॥੧੦॥**
*(ਮਾਰੂ ਮ: ੧, ਪੰਨਾ ੧੦੩੦)*

ਏਥੇ ਭੀ ਸੰਤ ਸਭਾ ਗੁਰਸਿੱਖਾਂ ਦੇ ਸਤਸੰਗ ਮੰਡਲ ਤੋਂ ਮੁਰਾਦ ਹੈ। ਗੁਰਮਤਿ ਨਾਮ ਗੁਰਸਿੱਖਾਂ ਦੇ ਸਤਸੰਗ ਦੁਆਰਾ ਹੀ ਲੱਭਦਾ ਹੈ, ਅਤੇ ਗੁਰਮਤਿ ਨਾਮ ਦੇ ਅਭਿਆਸ ਰੰਗ ਭੀ ਗੁਰਸਿੱਖਾਂ ਦੇ ਸਤਸੰਗ-ਮੰਡਲੀ ਨਿਰਬਾਣ ਕੀਰਤਨ ਦੇ ਅਨੰਦ ਮੰਗਲ ਵਿਚ ਹੀ ਵਧਦੇ ਫੁਲਦੇ ਤੇ ਮਉਲਦੇ ਹਨ। ਗੁਰਸਿਖ ਸੰਤਾਂ ਦੀ ਗੁਰਮਤਿ ਖੋਜ ਦੁਆਰਾ ਹੀ ਨਿਜ ਘਰ ਰੂਪੀ ਸੱਚਾ ਮਹਲ ਲੱਭਦਾ ਹੈ। ਫੇਰ ਗਰਭ ਵਿਚ ਵਾਸ ਨਹੀਂ ਹੁੰਦਾ। ਅਰਥਾਤ, ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ।

**(੧੬) ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥**
**ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥੩੭॥**
*(ਮਾਝ ਮ: ੫, ਪੰਨਾ ੧੦੫)*

'ਸੰਤਾ' ਤੋਂ ਮੁਰਾਦ ਏਥੇ ਨਾਮ ਰਤੜੇ ਗੁਰਸਿੱਖਾਂ ਤੋਂ ਹੈ। ਸਾਕਤ ਦੇ ਮੁਕਾਬਲੇ ਵਿਚ ਸਤਸੰਗੀ ਗੁਰਮਤਿ ਨਾਮਰੰਗੀ ਸਿਖ ਨੂੰ ਐਥੇ ਸੰਤ ਕਰਕੇ ਵਰਤਿਆ ਹੈ। ਸਾਕਤ ਭੀ ਬਹੁ-ਵਚਨ ਹੈ। ਸੰਤ ਤਾਂ ਬਹੁ-ਵਚਨ ਹੈ ਹੀ। ਜੋ ਪ੍ਰਾਣੀ ਨਾਮ ਤ੍ਰੰਗੀ ਸੱਚ ਸਤਸੰਗੀ ਸੰਤਾਂ ਸਿੱਖਾ ਦੀ ਸੰਗਤਿ ਵਿਚ ਰਲ ਕੇ ਸੱਚੇ ਨਾਮ ਦਾ ਰੰਗ ਨਹੀਂ ਅਪਣਾਉਂਦਾ, ਸਗੋਂ ਉਲਟਾ ਵਾਹਿਗੁਰੂ ਤੋਂ ਬੇਮੁਖਾਂ ਸਾਕਤਾਂ ਨਾਲ ਰਲ ਕੇ ਵਿ-ਕਰਮ ਕੁ-ਕਰਮ ਕਮਾਉਂਦਾ ਹੈ, ਉਹ ਆਪਣੇ ਦੁਰਲਭ ਮਾਨੁਖਾ ਜਨਮ ਨੂੰ ਗਵਾਉਂਦਾ ਹੈ, ਅਤੇ ਆਪਣੀ ਜੜ ਆਪਣੇ ਹਥੀਂ ਹੀ ਪੁੱਟ ਲੈਂਦਾ ਹੈ।

**(੧੭) ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥**
**ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥੩੪॥**
*(ਮਾਝ ਮ: ੫, ਪੰਨਾ ੧੦੪)*

ਸਾਜਨ ਸੰਤ ਬਹੁ-ਵਚਨ ਵਿਚ ਏਥੇ ਗੁਰਸਿੱਖਾਂ ਦਾ ਹੀ ਬੋਧਕ ਹੈ। ਭਾਵ, ਗੁਰਸਿਖ ਸਜਣ ਸੰਤ ਪ੍ਰਸਪਰ ਮਿਲ ਕੇ ਜਦ ਨਾਮ ਜਪਦੇ ਹਨ ਤਾਂ ਸੱਚ ਮੁੱਚ ਨਾਮ ਦੀ ਬਰਖਾ ਹੋਣ ਲੱਗ ਪੈਂਦੀ ਹੈ ਅਤੇ ਅਨੇਕ ਵਾਰ ਪ੍ਰਤਿਆ ਕੇ ਵੇਖਿਆ ਹੈ ਕਿ ਹੁਕਮ ਅੰਦਰ ਅਖੰਡ ਕੀਰਤਨਾਂ ਅਤੇ ਅਖੰਡ ਨਾਮ-ਅਮੀ-ਕੀਰਤਨਾ ਦੇ ਸਮੇਂ ਮੂਸਲਾਧਾਰ ਮੀਂਹ ਭੀ ਬਰਸਨ ਲੱਗ ਪੈਂਦੇ ਹਨ। ਜਿਸ ਪ੍ਰਭਾਵ ਕਰਿ ਸਾਰੇ ਸੀਤਲਤਾਈ ਸ਼ਾਂਤ ਸਹਜ ਸੁਖ ਅਨੰਦ-ਤਾਈਆਂ ਵਰਤਣ ਲਗ ਪੈਂਦੀਆਂ ਹਨ ਅਤੇ ਕਰਤਾਰ ਦੀ ਪਾਈ ਹੋਈ ਠੰਢ ਪੈ ਜਾਂਦੀ ਹੈ। ਐਸਾ ਪਰਤਾਪ ਹੈ ਗੁਰਸਿਖ ਸਜਨ ਸੰਤਾਂ ਦੇ ਪ੍ਰਸਪਰ ਮਿਲ ਕੇ ਅਖੰਡ ਨਾਮ ਜਪ ਅਭਿਆਸ ਕੀਰਤਨ ਕਮਾਈ ਕਰਨ ਦਾ।

**(੧੮) ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹ ਗੁਣ ਅਗਮ ਅਪਾਰੇ ॥**
**ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥੩੫॥**
*(ਮਾਝ ਮ: ੫, ਪੰਨਾ ੧੦੪)*


www.sikhbookclub.com

ਸਿਖ ਨੂੰ ਏਥੇ ਸਾਜਨ ਆਖ ਕੇ ਭਾਖਿਆ ਹੈ। ਸਿਖ ਨੂੰ ਹੀ ਸੰਤ ਆਖ ਕੇ ਪੁਕਾਰਿਆ ਗਿਆ ਹੈ ਅਤੇ ਸਿਖ ਨੂੰ ਹੀ ਮੀਤ ਆਖ ਕੇ ਸੰਬੋਧਨ ਕੀਤਾ ਗਿਆ ਹੈ। ਪ੍ਰਸਪਰ ਮਿਲ ਕੇ ਸਾਜਨ ਮੀਤ ਪਿਆਰੇ ਹੀ ਅਗਮ ਅਪਾਰ ਗੁਰਬਾਣੀ ਰੂਪੀ ਗੁਣਾਂ ਨੂੰ ਗਾਵਣਹਾਰੇ ਬਣ ਸਕਦੇ ਹਨ। ਇਸ ਬਿਧਿ ਪ੍ਰਸਪਰ ਮਿਲ ਕੇ ਸੰਤ ਸਾਜਨ ਮੀਤ ਜਨਾਂ ਦਾ ਗੁਰਬਾਣੀ ਗਾਵਣਾ ਸਫਲ ਸਦਾ ਸੁਖਦਾਈ ਹੈ, ਕਿਉਂਜੁ ਗੁਰਬਾਣੀ ਨੂੰ ਗਾਵਣਹਾਰੇ ਭੀ ਅਤੇ ਸੁਣਨਹਾਰੇ ਭੀ ਸਭੇ ਮੁਕਤਿਆਂ ਦੀ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ। ਪ੍ਰਸਪਰ ਮਿਲ ਕੇ ਗੁਰਮੁਖਿ ਸਿਖ ਸੰਤ ਜਨਾਂ ਨੂੰ ਚਾਹੀਦਾ ਹੈ ਕਿ ਸਿਰਜਨਹਾਰ ਕਰਤਾਰ ਕਰਤੇ ਪੁਰਖ ਨੂੰ ਸਦਾ ਧਿਆਇਆ ਜਾਇ।

(੧੯) **ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ॥**
**ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ਰਹਾਉ॥੧੩੦॥**
*(ਆਸਾ ਮ: ੫, ਪੰਨਾ ੪੦੪)*

ਸਾਜਨ ਸੰਤ ਤੋਂ ਸਪੱਸ਼ਟ ਭਾਵ ਗੁਰਸਿਖ ਦਾ ਹੈ, ਅਤੇ ਸਾਧ ਸੰਗ ਤੋਂ ਭਾਵ ਗੁਰਸਿੱਖਾਂ ਦਾ ਸਤਸੰਗ-ਮੰਡਲ ਹੈ। ਦੂਜਾ ਭਾਵ ਹੋ ਹੀ ਨਹੀਂ ਸਕਦਾ।

(੨੦) **ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥੫॥੨੦॥**
*(ਗਉੜੀ ਸੁਖਮਨੀ ਮ: ੫, ਪੰਨਾ ੨੯੦)*

ਏਥੇ ਭੀ ਸਾਜਨ ਸੰਤ ਪਦ ਗੁਰਸਿੱਖਾਂ ਪ੍ਰਤੀ ਹੀ ਸੰਬੋਧਨ ਕੀਤਾ ਹੋਇਆ ਹੈ।

(੨੧) **ਭਾਈ ਰੇ ਸੰਤ ਜਨਾ ਕੀ ਰੇਣੁ ॥**
**ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ਰਹਾਉ॥੧੨॥**
*(ਸਿਰੀਰਾਗੁ ਮ: ੧, ਪੰਨਾ ੧੮)*

'ਸੰਤ ਜਨਾ ਕੀ ਰੇਣੁ' ਤੋਂ ਭਾਵ ਏਥੇ ਗੁਰਸਿੱਖਾਂ ਦੀ ਰੇਣ ਤੋਂ ਹੈ ਅਤੇ ਸੰਤ ਸਭਾ ਤੋਂ ਭੀ ਭਾਵ ਗੁਰਸਿੱਖਾਂ ਦੀ ਸਭਾ ਸੰਤ-ਮੰਡਲੀ ਤੋਂ ਹੈ। ਸੰਤ ਸਭਾ, ਅਰਥਾਤ, ਗੁਰਮੁਖ ਸਿੱਖਾਂ ਸੰਤਾਂ ਦੀ ਸਭਾ ਸਤਸੰਗ ਵਿਚ ਮਿਲ ਕੇ ਗੁਰੂ ਪਰਤੱਖ ਜੋਤਿ ਦਰਸ਼ਨ ਰੂਪ ਵਿਚ ਲਭਦਾ ਹੈ। ਤਾਂ ਤੇ ਗੁਰਸਿੱਖਾਂ ਦੀ ਸੰਤ ਸਭਾ ਮੁਕਤਿ-ਪਦਾਰਥ-ਦਾਤੀ ਕਾਮਧੇਨ ਹੈ। ਇਸ ਤੋਂ ਚਾਰ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ।

(੨੨) **ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥...੧॥੧੯॥**
*(ਗਉ: ਸੁਖਮਨੀ ਮ: ੫, ਪੰਨਾ ੨੮੮)*

ਐ ਸਿਖ ਸੰਤ ਜਨੋ ! ਮਿਲ ਕੇ ਨਾਮ ਅਭਿਆਸ ਰੂਪੀ ਸੱਚੀ ਬੀਚਾਰ ਰੂਪੀ ਕਮਾਈ ਕਰਹੁ ਅਤੇ ਇਕ ਅਧਾਰ ਰੂਪ ਨਾਮ ਦਾ ਹੀ ਆਹਾਰ ਰੂਪ ਸਿਮਰਨ ਕਰੋ।

(੨੩) **ਤ੍ਰਾਹਿ ਤ੍ਰਾਹਿ ਸਰਣਾਗਤੀ ਹਰਿ ਦਇਆ ਧਾਰਿ ਪ੍ਰਭ ਰਾਖੁ ॥**
**ਸੰਤ ਸੰਗਤਿ ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ ॥... ੪॥੪॥੬॥**
*(ਮਾਰੂ ਮ: ੪, ਪੰਨਾ ੯੯੭)*

ਸੰਤ ਸੰਗਤਿ ਤੋਂ ਮੁਰਾਦ ਸਿਖ ਸੰਤਾਂ ਦੀ ਸੰਗਤਿ ਤੋਂ ਹੈ। ਗੁਰਸਿਖ ਸੰਤਾਂ ਦੀ

ਸੰਗਤਿ ਦੇ ਮਿਲਾਪ ਤੋਂ ਹਰਿ ਨਾਮ ਦੀ ਪਤਿ ਸਾਖ ਪ੍ਰਾਪਤ ਹੁੰਦੀ ਹੈ। ਤਾਂ ਤੇ ਹੇ ਪ੍ਰਭੂ! ਤ੍ਰਾਹ, ਤ੍ਰਾਹ ਏਹੀ ਬੇਨਤੀ ਹੈ ਕਿ ਗੁਰਸਿਖ ਸੰਗਤਿ ਦੀ ਸਰਣਾਗਤਿ ਵਿਚ ਹੀ ਰਖੇ ਜੀਉ।

(੨੪) **ਸੰਤ ਸੰਗਿ ਜਸੁ ਗਾਇਆ ॥ ਇਹੁ ਪੂਰਨ ਹਰਿ ਧਨੁ ਪਾਇਆ ॥**
**ਕਹੁ ਨਾਨਕ ਆਪੁ ਮਿਟਾਇਆ ॥੨॥੮੦॥**

*(ਸੋਰਠਿ ਮ: ੫, ਪੰਨਾ ੬੨੮)*

ਗੁਰਮੁਖਿ ਸਿੱਖਾਂ ਸੰਤਾਂ ਭਗਤਾਂ ਦੇ ਸੰਗ ਮਿਲ ਕੇ ਹਰੀ ਜਸ ਗਾਵਣ ਦੇ ਪਾਰਸ ਪ੍ਰਭੁਤੀ ਪ੍ਰਭਾਵ ਕਰਿ ਆਪਾ ਭਾਵ ਦਾ ਅਭਾਵ ਹੋ ਜਾਂਦਾ ਹੈ। ਪੂਰਨ ਹਰੀ ਧਨ ਸੰਤਾਂ ਗੁਰਸਿੱਖਾਂ ਦੇ ਮਿਲਾਪ ਕਰਿ ਹੀ ਪ੍ਰਾਪਤ ਹੁੰਦਾ ਹੈ।

(੨੫) **ਸੰਤ ਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥**
**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥...੩॥੫॥**

*(ਸੂਹੀ ਮ: ੩, ਪੰਨਾ ੭੭੧)*

ਗੁਰੂ ਦੇ ਸਿੱਖਾਂ ਸੰਤਾਂ ਨਾਲ ਮੇਲ ਹੋਣ ਕਰਿ ਸਤਿਗੁਰੂ ਦੀ ਸਰਨੀ ਆਈਦਾ ਹੈ ਅਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਨੀ ਆ ਕੇ ਗੁਰਮਤਿ ਨਾਮ ਗੁਰਮੰਤ੍ਰ ਜਗਿਆਸੂ ਜਨ ਦੇ ਰਿਦ ਅੰਤਰਿ ਸਮਾਉਂਦਾ ਹੈ। ਇਸ ਵਿਚ ਗੁਰ ਕੇ ਸਬਦ ਗੁਰਮੰਤ੍ਰ ਦੇ ਸਿਮਰਨ ਕਰ ਕੇ ਸਦ-ਜੀਵਨ ਮੁਕਤਿ ਦੀ ਪਦਵੀ ਨੂੰ ਪ੍ਰਾਪਤ ਹੋਈਦਾ ਹੈ ਅਤੇ ਨਾਮ ਨਾਮੀ ਦੇ ਸਰੂਪ ਵਿਚ ਲਿਵ ਲਗਦੀ ਹੈ।

(੨੬) **ਮਿਹਰ ਕਰੇ ਤਾ ਖਸਮੁ ਧਿਆਈ ॥ ਸੰਤਾ ਸੰਗਤਿ ਨਰਕਿ ਨ ਪਾਈ ॥**
**ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ॥੮॥੨੦॥**

*(ਮਾਰੂ ਮ: ੫, ਪੰਨਾ ੧੦੨੦)*

'ਸੰਤਾ ਸੰਗਤਿ' ਤੋਂ ਭਾਵ ਗੁਰਸਿੱਖਾਂ ਦੀ ਸੰਗਤਿ ਤੋਂ ਹੈ। ਜੇ ਸਤਿਗੁਰੂ ਦੀ ਮੇਹਰ ਹੋਵੇ ਤਾਂ ਗੁਰਸਿਖ ਸੰਤਾਂ ਦੀ ਸੰਗਤਿ ਵਿਚ ਮਿਲ ਕੇ ਸੱਚੇ ਖਸਮ ਗੁਸਾਈਂ ਨੂੰ ਧਿਆਈਦਾ ਹੈ ਅਤੇ ਸੰਤਾਂ ਗੁਰਸਿੱਖਾਂ ਦੀ ਸੰਗਤਿ ਵਿਚੋਂ ਨਰਕ ਨਹੀਂ ਪਾਈਦਾ। ਗੁਰੂ ਸਾਹਿਬ ਆਪਣੇ ਗੁਰਸਿੱਖਾਂ ਸੰਤਾਂ ਨਮਿਤ ਅੰਮ੍ਰਿਤ ਨਾਮ ਦਾਨ ਦੀ ਦਾਤਿ ਹੀ ਮੰਗਦੇ ਹਨ ਅਤੇ ਵਾਹਿਗੁਰੂ ਦੇ ਗੁਣਾਂ ਰੂਪੀ ਗੀਤ ਗਾਵਣ ਦਾ ਨਿਤ ਨੇਮ ਕਰਮ ਦੂਜੀ ਦਾਤਿ ਮੰਗੀ ਹੈ।

(੨੭) **ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥**
**ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥...੪॥੬॥**

*(ਸਿਰੀਰਾਗੁ ਮ: ੧, ਪੰਨਾ ੫੬)*

ਗੁਰਮੁਖਿ ਬ੍ਰਹਮ ਬੀਚਾਰ ਵਾਲਾ ਵਣਜ ਗੁਰਸਿਖ ਵਣਜਾਰਿਆਂ ਸਿਉ ਮਿਲ ਕੇ ਹੀ ਹੋ ਸਕਦਾ ਹੈ। ਸੋ ਪਰਮਾਰਥ ਦੇ ਜਗਿਆਸੂ ਨੂੰ ਕਰਨਾ ਚਾਹੀਦਾ ਹੈ। ਗੁਰਸਿਖ ਸੰਤਾਂ ਦੀ ਸੰਗਤਿ ਤਾਂ ਮਿਲਦੀ ਹੈ ਜੋ ਮੇਲਣਹਾਰ ਗੁਰੂ ਕਰਤਾਰ ਮੇਲ ਦੇਵੇ; ਐਵੇਂ ਨਹੀਂ।

 www.sikhbookclub.com

(੨੮) **ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥**
**ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥੩੮॥**
*(ਮਾਝ ਮ: ੫, ਪੰਨਾ ੧੩੨)*

ਗੁਰੂ ਕੇ ਸਿੱਖਾਂ ਸੰਤਾਂ ਦੀ ਸੰਗਤਿ ਪਾਉਣ ਕਰਿ ਜਮ ਦਾ ਮਾਰਗ ਦੂਰ ਰਹਿੰਦਾ ਹੈ ਅਤੇ ਗੁਰੂ ਕੇ ਸਿੱਖਾਂ ਸੰਤਾਂ ਦੀ ਸੰਗਤਿ ਵਿਚ ਨਾਮ ਦਾ ਤੋਸ਼ਾ ਮਿਲਦਾ ਹੈ। ਗੁਰੂ ਕੇ ਸਿੱਖਾਂ ਸੰਤਾਂ ਦੀ ਸੰਗਤਿ ਕਰਿ ਹੀ ਕੁਲਾਂ ਨੂੰ ਬਦਨਾਮੀ ਨਹੀਂ ਆਉਂਦੀ, ਸਗੋਂ ਸਭ ਕੁਲਾਂ ਤਰ ਜਾਂਦੀਆਂ ਹਨ ਅਤੇ ਨਾਮ ਨਾ ਜਪਣਹਾਰਿਆਂ ਤੇ ਸਿਖ ਸੰਤਾਂ ਦੀ ਸੰਗਤਿ ਛਡ ਕੇ ਸਾਕਤਾਂ ਨਿੰਦਕਾਂ ਦੀ ਸੰਗਤਿ ਕਰਨਹਾਰਿਆਂ ਦੀਆਂ ਕੁਲਾਂ ਗਲ ਸੜ ਜਾਂਦੀਆਂ ਹਨ।

(੨੯) **ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥**
**ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥**
**ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥**
**ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥੮੮॥**
*(ਸਿਰੀਰਾਗੁ ਮ: ੫, ਪੰਨਾ ੪੮-੪੯)*

ਸੰਤਾਂ ਦੀ ਸੰਗਤਿ ਦਾ ਭਾਵ ਏਥੇ ਭੀ ਗੁਰਸਿੱਖਾਂ ਸੰਤਾਂ ਦੀ ਸੰਗਤਿ ਤੋਂ ਹੈ। ਜੇਕਰ ਸੱਚੀ ਗੁਰਮਤਿ ਮਤਿ ਸੁਮਤਿ ਸਿਮਰਨੀ ਜਾਂਚ ਦੁਆਰਾ ਵਾਹਿਗੁਰੂ ਨੂੰ ਸਿਮਰਿਆ ਜਾਏ ਤਾਂ ਇਸ ਸਿਮਰਨ ਪਾਰਸ ਕਲਾ ਦੇ ਪ੍ਰਭਾਵ ਕਰਿ ਜੋ ਸੁਖ ਫਲ ਪ੍ਰਾਪਤ ਹੁੰਦੇ ਹਨ, ਓਹਨਾਂ ਸੁਖਾਂ ਦੀ ਮਿਤ ਗਤਿ ਗਿਣੀ ਨਹੀਂ ਜਾ ਸਕਦੀ। ਅਤੇ ਜਿਨ੍ਹਾਂ ਵਡਭਾਗੇ ਗੁਰਮੁਖਿ ਜਨਾ ਨੇ ਇਸ ਅਮਿਤ ਸੁਖਾਂ ਵਾਲੇ ਗੁਰਮਤਿ ਨਾਮ ਸਿਮਰਨ ਦੇ ਰਸ ਨੂੰ ਚਖਿਆ ਹੈ, ਉਹ ਚਖ ਕੇ ਤ੍ਰਿਪਤਾਸੇ ਸੰਤੁਸ਼ਟਾਸੇ ਅਤੇ ਰਸ ਮਗਨਾਸੇ ਹੋ ਗਏ ਹਨ ਅਤੇ ਬਿਸਮਾਦ ਦੇ ਰਸ ਵਿਚ ਸਮਾਇ ਗਏ ਹਨ, ਬਿਖਮ ਰਸ ਰੰਗੁਸ਼ਟ ਹੋਇ ਗਏ ਹਨ। ਜਿੰਦੁ (ਜ਼ਿੰਦਗੀ) ਦਾ ਜੀਵਨ ਰਸ ਓਹਨਾਂ ਨੂੰ ਹੀ ਆਇਆ ਹੈ। ਅੰਦਰੇ ਅੰਦਰ ਜਿੰਦੜੀ ਦੇ ਓਹ ਰਸ ਮਾਣ ਰਹੇ ਹਨ ਜੋ ਆਖ ਕੇ ਨਹੀਂ ਵਖਾਣ ਸਕਦੇ। ਨਾ ਹੀ ਵਖਾਨਣ ਦਾ ਓਹਨਾਂ ਨੂੰ ਵੇਹਲ ਹੈ, ਨਾ ਔਸਾਨ ਹੈ। ਅਜਿਹੇ ਨਾਮ-ਰਸ-ਮਗਨਿੰਦੜੇ ਗੁਰਮੁਖਿ ਸਿਖ ਸੰਤਾਂ ਦੀ ਸੰਗਤਿ ਦੇ ਪਰਤਾਪ ਕਰਿ ਹੀ ਪ੍ਰਭੂ ਪ੍ਰੀਤਮ ਬਖ਼ਸ਼ਿੰਦ ਵਾਹਿਗੁਰੂ ਜਗਿਆਸੂ ਜਨਾਂ ਦੇ ਮਨ ਵਿਚ ਵਸਦਾ ਹੈ। ਇਨ ਬਿਧਿ ਅਥਾਹ ਅਤੇ ਅਤੁਟ ਸਿਮਰਨ ਅਭਿਆਸ ਕਮਾਈ ਕਰਿ ਜਿਨ੍ਹਾਂ ਗੁਰਮੁਖਿ ਜਨਾਂ ਨੇ ਵਾਹਿਗੁਰੂ ਦੀ ਸੇਵਾ ਭਗਤੀ ਕੀਤੀ ਹੈ, ਸੋਈ ਸੱਚੇ ਨਰਇੰਦਰ ਰਾਜੇ ਹਨ।

(੩੦) **ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥**
**ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥**
*(ਸੂਹੀ ਮ: ੩, ਪੰਨਾ ੭੫੬)*

ਨਾਮ ਰੰਗ ਰਤੜੇ ਗੁਰੂ ਦੇ ਗੁਰਮੁਖਿ ਸਿੱਖਾਂ ਸੰਤਾਂ ਦੀ ਸੰਗਤਿ ਵਿਚ ਸਦਾ ਮਿਲੇ ਰਹਿਣ ਕਰਕੇ ਹੀ ਸੱਚੇ ਨਾਮ ਨਾਲ ਪਿਆਰ ਪੈਂਦਾ ਹੈ। ਜਿਹੜੇ ਸੰਤ ਭਗਤ ਸੱਚੇ ਨਾਮ ਨੂੰ ਸਲਾਹੁੰਦੇ ਹਨ ਅਤੇ ਜਿਨ੍ਹਾਂ ਦੇ ਮਨ ਵਿਚ ਸੱਚਾ ਵਸਿਆ ਹੈ, ਓਹੋ ਸੱਚੇ

ਵਾਹਿਗੁਰੂ ਦੇ ਦਰਬਾਰ ਵਿਚ ਸੱਚੇ ਸਚਿਆਰ ਗਰਦਾਨੇ ਜਾਂਦੇ ਹਨ। ਬਹੁ-ਵਚਨ ਵਿਚ ਹੋਣ ਕਰਕੇ ਸੰਤ ਦਾ ਭਾਵ ਗੁਰੂ ਦਾ ਨਹੀਂ ਹੋ ਸਕਦਾ। ਇਕ ਸਮੇਂ ਵਿਚ ਕਈ ਗੁਰੂਆਂ ਦੀ ਸੰਗਤਿ ਹੋਣੀ ਕੋਈ ਮਾਅਨੇ ਨਹੀਂ ਰਖਦੀ, ਕਿਉਂਕਿ ਗੁਰੂ ਇਕੋ ਹੈ, ਬਾਹਲੇ ਹੋ ਨਹੀਂ ਸਕਦੇ। ਤਾਂ ਤੇ ਸੰਤਾਂ ਦੀ ਸੰਗਤਿ ਦਾ ਗੁਰਬਾਣੀ ਵਿਚ ਜਿਥੇ ਭਾਵ ਆਉਂਦਾ ਹੈ ਓਥੇ ਗੁਰਸਿਖ ਸੰਤ ਜਨਾਂ ਤੋਂ ਹੀ ਮੁਰਾਦ ਹੁੰਦੀ ਹੈ।

(੩੧) **ਭਾਈ ਰੇ ਇਕ ਮਨਿ ਨਾਮੁ ਧਿਆਇ ॥**
**ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮਨਾਮੁ ਸੁਖੁ ਪਾਇ ॥੧॥ਰਹਾਉ॥੪੬॥**
*(ਸਿਰੀਰਾਗੁ ਮ: ੧, ਪੰਨਾ ੩੧)*

ਨਾਮ ਅਭਿਆਸ ਦੀਆਂ ਅਤੁਟ ਅਤੇ ਅਖੰਡ ਕਮਾਈਆਂ ਲਈ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਕੀਦੀ ਹਦਾਇਤ ਕਰਦੇ ਹਨ ਕਿ ਸਦਾ ਇਕ-ਮਨ-ਚਿਤ ਹੋ ਕੇ ਨਾਮ ਧਿਆਉਣਾ ਚਾਹੀਦਾ ਹੈ। ਨਾਮ ਦੀ ਅਭਿਆਸ ਕਲਾ ਦੀ ਜੋਤਿ-ਰਸ-ਤਾਰ ਨੂੰ ਇਕ-ਰਸ ਜਾਰੀ ਰਖਣ ਲਈ ਇਕ ਗੱਲ ਪਰਮ ਜ਼ਰੂਰੀ ਤੇ ਲਾਜ਼ਮੀ ਹੈ ਕਿ ਨਾਮ-ਰੰਗ-ਰਤੜੇ ਸਾਸ ਗਿਰਾਸ ਨਾ ਵਿਸਾਰਨਹਾਰੇ ਗੁਰਮੁਖਿ ਸਿਖ ਸੰਤ ਜਨਾਂ ਦੀ ਸੰਗਤਿ ਵਿਚ ਅਭਿਆਸੀ ਜਗਿਆਸੂ ਜਨ ਸਦਾ ਹੀ ਮਿਲ ਰਹੇ ਅਤੇ ਮਿਲ ਕੇ ਅਜਪਾ ਜਾਪ ਜਪੇ, ਤਾਂ ਸੱਚੇ ਸੁਖ ਆਤਮ ਰਹਸ ਰਸਾਇਣੀ ਪਰਮਾਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ।

(੩੨) **ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥੨੦॥**
*(ਵਾਰ ਸਿਰੀਰਾਗੁ, ਪੰਨਾ ੯੧)*

ਦਾ ਭਾਵ ਭੀ ਉਪਰ ਦਰਸਾਏ ਅੰਕ ਵਾਲਾ ਹੀ ਹੈ। ਸੱਚ ਮੁੱਚ ਨਾਮ ਰਸਾਇਣ ਅਤੇ ਗੁਰਸਿਖ ਸੰਤਾਂ ਦੀ ਸੰਗਤਿ ਦੇ ਕਰਨ ਕਰਿ ਹੀ ਨਿਧਾਨਾਂ ਸਿਰ ਨਿਧਾਨ ਅੰਮ੍ਰਿਤ ਨੂੰ ਚੱਖ ਸਕੀਦਾ ਹੈ। ਗੁਰਸਿਖ ਪੰਚ ਪਰਵਾਨ ਗੁਰਮੁਖਿ ਸੰਤਾਂ ਦੇ ਪੁੰਜ ਸਰੂਪ ਵਿਚ ਹੀ ਸਤਿਗੁਰੂ ਦੇ ਤਾਬੇ ਅੰਮ੍ਰਿਤ ਨਾਮ ਗੁਰਮੰਤ੍ਰ ਮਿਲਦਾ ਹੈ। ਫੇਰ ਗੁਰੂ ਵਰੋਸਾਏ ਸਿਖ ਸੰਤ ਜਨਾਂ ਦੀ ਲਗਾਤਾਰ ਸੰਗਤਿ ਕਰਨ ਕਰਿ ਅੰਮ੍ਰਿਤ ਰਸ ਰਸਾਇਣੀ ਕਲਾ ਦਿਨੋ ਦਿਨ ਵਧਦੀ ਹੈ।

(੩੩) **ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥**
**ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥**
**ਸੰਤਹੁ ਐਸੀ ਕਥਹੁ ਕਹਾਣੀ ॥**
**ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ਰਹਾਉ॥**
**ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥**
**ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥**
**ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥**
**ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥**
**ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥**
**ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥੪॥੨॥**
*(ਰਾਮਕਲੀ ਮ: ੫, ਪੰਨਾ ੮੮੩)*

ਇਹ ਸਾਰਾ ਗੁਰਵਾਕ ਗੁਰਸਿਖ ਜਗਿਆਸੂਆਂ ਨੂੰ ਸਨਮੁਖ ਉਪਦੇਸ਼ ਰੂਪ ਵਿਚ ਸੰਬੋਧਨ ਕਰ ਕੇ ਉਚਾਰਿਆ ਗਿਆ ਹੈ ਅਤੇ ਇਸ ਗੁਰਵਾਕ ਵਿਖੇ ਗੁਰਸਿੱਖਾਂ ਨੂੰ 'ਸੰਤਹੁ' ਦਾ ਅਰਥ ਏਥੇ ਸਪੱਸ਼ਟ 'ਸਿੱਖੋ', 'ਜਗਿਆਸੂਓ' ਦਾ ਹੈ। ਜੈਸੇ ਕਿ ਰਹਾਉ ਦੀ ਤੁਕ ਵਿਚ ਸੰਬੋਧਿਆ ਗਿਆ ਹੈ। ਸ਼ਬਦ ਗੁਰਵਾਕ ਦੇ ਮੁਢੋਂ ਹੀ ਗੁਰਸਿੱਖਾਂ ਪ੍ਰਤੀ ਉਪਦੇਸ਼ ਦ੍ਰਿੜ੍ਹਾਉਣਾ ਆਰੰਭ ਹੋ ਜਾਂਦਾ ਹੈ। ਪਹਿਲਾਂ ਗੁਰਸਿੱਖਾਂ ਨੂੰ ਸੱਚੀ ਗੁਰਮਤਿ ਸੇਵ ਕਮਾਵਣੀ ਸੂਝ ਦਿਤੀ ਗਈ ਹੈ ਅਤੇ ਇਸ ਬਿਧਿ ਦਿਤੀ ਗਈ ਹੈ:

**"ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥"**

ਸੇਵ ਕਮਾਉਣ ਦੀ ਗੁਰਮਤਿ ਬਿਧੀ ਜੁਗਤੀ ਕੈਸੀ ਅਨੂਪਮ ਨਿਰਮਾਣਤਾ ਦਾ ਸਬਕ ਦੇ ਕੇ ਦਰਸਾਈ ਹੈ, ਸਭਨਾਂ ਗੁਰਸਿੱਖਾਂ ਤੋਂ ਨੀਵੇਂ ਹੋ ਕੇ, ਸਭਨਾਂ ਗੁਰਸਿੱਖਾਂ ਦੀ ਰੇਣਕਾ ਹੋ ਕੇ। ਸਭਨਾਂ ਗੁਰਸਿੱਖਾਂ ਦੇ ਅਧਮ ਸੇਵਕ ਬਣ ਕੇ ਨਾਮ ਦੀਆਂ ਨਿਸ਼ਕਾਮ ਕਮਾਈਆਂ, ਨਿਰਮਾਣ ਕਮਾਈਆਂ ਕਰੇ। ਦਿਨ ਰੈਣ ਗੁਰਸਿੱਖਾਂ ਸੰਗਤਾਂ ਦੀ ਧੂੜੀ ਵਿਚ ਲੁਡੇਂਦੜਿਆਂ ਨਾਮ ਭਗਤਿ ਕਮਾਈ ਰੂਪੀ ਸੇਵਾ ਕਰੇ। ਗਰੀਬੀ ਦੀ ਜਾਚਨਾ, ਨਾਮ ਜਾਚਨਾ ਦੇ ਜਾਚਕ ਬਣ ਕੇ ਗੁਰਸਿੱਖ ਸਾਧ ਸੰਗਤਿ ਦੇ ਦੁਆਰੇ ਉਰਧ ਮੁਖ ਹੋ ਕੇ ਢਹਿ ਪਵੇ ਅਤੇ ਢਹੇ ਰਹੇ। ਸਭ ਆਪਾ ਅਰਪ ਕੇ ਗੁਰੂ ਅਤੇ ਗੁਰਸਿੱਖਾਂ ਦੇ ਪਰਾਇਣ ਹੀ ਹੋ ਰਹੇ। ਧੀਰਕ ਧੱਕਿਆਂ ਦੀ ਪਰਵਾਹ ਨਾ ਕਰਦੇ ਹੋਏ ਪਾਸ ਨਾ ਛਡੇ। ਸਭ ਸਿਖ ਚਰਨ-ਰਜ ਵਿਚ, ਚਰਨ ਤਲਿ ਲਿਪਟ ਕੇ ਨਾਮ ਦੀ ਜਾਚਨਾ ਕਰੇ ਅਤੇ ਫਿਰ ਇਸ ਵਿਚ ਗੁਰੂ ਅਤੇ ਗੁਰਸਿੱਖਾਂ ਦੇ ਮਨਜ਼ੂਰੇ ਨਜ਼ਰ ਹੋ ਕੇ ਨਾਮ ਦੀਆਂ ਅੰਮ੍ਰਿਤ-ਦਾਤਾਂ ਦੇ ਅਧਿਕਾਰੀ ਬਣੇ। ਅੰਮ੍ਰਿਤ-ਦਾਤਾਂ ਸੇਤੀ ਸਰਸ਼ਾਰ ਹੋ ਕੇ ਅਪਾਰ ਅਤੇ ਅਤੁਟ ਨਾਮ ਅਭਿਆਸ ਕਮਾਈਆਂ ਕਰਦੇ ਹੋਏ ਭੀ ਸਭ ਗੁਰਸਿੱਖਾਂ ਦੇ ਚਰਨ ਤਲੇ ਰਹਿੰਦੇ ਰਹਿਣ ਦੀਆਂ ਭਾਵਨੀਆਂ ਕਮਾਵਨੀਆਂ ਕਮਾਵਹੁ। ਤਾਂ ਨਾਮ ਦੇ ਊਭ ਪਿਆਲੀ ਚਲੂਲੇ ਰੰਗ ਚੜ੍ਹਨਗੇ। ਅੰਤ ਦੀ ਉਚ ਕਲਾ ਵਿਚ ਲੈ ਜਾਣਗੇ। ਇਉਂ ਚਰਨਾਂ ਤਲਿ ਪੈ ਕੇ ਉਪਰ ਆਵੀਦਾ ਹੈ ਅਤੇ ਇਉਂ ਊਭ ਪਿਆਲੀ ਸੇਵਕ ਬਣੀਦਾ ਹੈ। ਚਰਨ ਤਲੇ ਤੋਂ ਉਪਰ ਆ ਕੇ ਭੀ ਐਸੀ ਨਿਰਮਾਣ ਸੇਵਾ ਕਮਾਵਹੁ ਕਿ ਚੜ੍ਹਦੀ ਕਲਾ ਦੇ ਉਪਰਲੇ ਰੰਗਾਂ ਵਾਲੇ ਨਾਮ-ਰੰਗਾਂ ਵਿਚ ਰੰਗੀਜ ਕੇ ਭੀ "ਆਪਸ ਤੇ ਊਪਰ ਸਭ ਜਾਣਹੁ" ਸਮੂਹ ਗੁਰਸਿਖ ਨਾਮ-ਅਭਿਆਸੀਆਂ ਨੂੰ ਆਪਸ ਤੋਂ ਉਪਰ ਕਰਕੇ ਜਾਣੇ। ਮਤ ਜਾਣੇ ਕਿ ਮੈਂ ਉਪਰਲੇ ਖੰਡ ਵਿਚ ਖੇਡਣ ਲਗ ਗਿਆ ਹਾਂ, ਬਲਕਿ ਐਉਂ ਯਕੀਨ ਕਰਕੇ ਸਮਝੇ ਕਿ ਮੈਂ ਨਵਲ ਸੁਹਾਗਣ ਹਾਂ ਤੇ ਪਦਾਰਥ ਪਾਧਣੂ ਸਭ ਗੁਰਸਿਖ ਜਗਿਆਸੂ ਮਹੇਲੀਆਂ ਇਕ ਦੂ ਇਕ ਚੜ੍ਹਦੀਆਂ ਅਤੇ ਮੈਥੋਂ ਵਧ-ਵਧੇਰੀਆਂ ਬੁਢਿ ਸੁਹਾਗਣੀਆਂ ਹਨ। ਇਵ ਜਾਣੋਗੇ ਤਾ ਧੁਰ ਦਰਗਾਹ ਦਾ ਸੱਚਾ ਸੁਖ ਮਾਣੋਗੇ। ਹੇ ਸੰਤਹੁ! ਗੁਰਸਿਖੋ! ਨਾਮ ਅਭਿਆਸ ਦੀ ਐਸੀ ਨਿਰਮਾਣ ਅਤੇ ਅਤੁੱਟ ਕਮਾਈ ਕਰਹੁ। ਐਸੀ ਭਗਤਿ-ਸਹਜਣੀ ਅਕੱਥ ਕਹਾਣੀ ਦਾ ਅਭਿਆਸ ਰੂਪੀ ਰਟਨ ਕਰੋ, ਜਿਸ ਦੇ ਕਰਨ ਕਰਿ ਅਮਿਉ ਪਾਰਸਾਣੀ ਪਵਿਤਰਤਾ ਸਾਰੇ ਗਗਨ ਪੁਲਾੜ ਬਿਸਮ ਮੰਡਲਾਂ ਵਿਚ ਛਾ ਜਾਵੇ। ਸੁਰ ਨਰ ਦੇਵ ਸਭੇ ਪਵਿਤਰ ਹੋ ਜਾਣ। ਐਸੀ ਪਾਰਸ ਰਸਾਇਣੀ ਕਮਾਈ ਹੋ ਜਾਵੇ ਕਿ ਖਿਨ ਮਾਤਰ ਦੀ ਗੁਰਮੁਖਿ ਬੋਲ (ਵਾਹਿਗੁਰੂ ਬੋਲ) ਬੋਲਣੀ ਇਕ ਵਾਰ ਮੁਖੋਂ ਉਚਾਰਨੀ ਅੰਮ੍ਰਿਤ ਬਾਣੀ ਦੇ ਫੁੱਰਾਟੇ ਗੁੱਰਾਟੇ ਨਾਲ ਪਰਸ ਸੁਪਰਸ ਕੈ ਦੇਵ ਅਦੇਵ

ਸੁਰਿ ਨਰ ਅਭੇਵ ਮੰਡਲਾਂ ਵਿਚ ਸੁੰਨ ਬਿਸਮਤਾ ਦੀ ਪਾਕੀਜ਼ਗੀ ਪਰਵੇਸ਼ੀ ਜਾਏ; ਦ੍ਰਿਸ਼ਟਮਾਨ ਪਸਾਰੇ ਦੀ ਪਰਪੰਚ ਰਚਨਾ ਤੋਂ ਉਚੀ ਅਤੇ ਅਲੇਪ ਸੁਰਤ ਬਿਰਤਿ ਦ੍ਰਿਸ਼ਟੀ ਹੋ ਜਾਵੇ। ਐਸੀ ਗਹਿਗਚ ਨਾਮ ਰਸ ਜੋਤੰਨੀ ਰੰਗਣ ਵਿਚ ਰੰਗੇ ਜਾਓ ਕਿ ਸਭਨਾਂ ਘਟਾਂ, ਮਟਾਂ, ਪਟਾਂ ਅੰਦਰ ਸੱਚ-ਰੰਗ ਹੀ ਰਮਿਆ ਨਦਰੀ ਆਵੇ। ਕਿਸੇ ਨੂੰ ਝੂਠਾ ਕਹਿਣੇ ਦੀ ਕੁਫੁਰਨੀ ਨ ਫੁਰੇ। "ਗੁਰੁ ਸਾਗਰੁ ਰਤਨੀ ਭਰਪੂਰੇ" ਦੀਆਂ ਸਿਫ਼ਤਾਂ ਵਾਲੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਿਲੇ ਰਹੋ ਅਤੇ ਇਵ ਮਿਲ ਕੇ ਅਖੰਡ ਨਾਮ ਅਭਿਆਸ ਬਿਲੋਵਨੇ ਦੁਆਰਾ ਤੱਤ ਬਿਲੋਵਹੁ ਅਤੇ ਨਵੇਂ ਨਿਧਾਂ ਦੇ ਉਪਰ ਪੱਗ ਖਲੋਵਹੁ। ਰਿੱਧੀਆਂ ਸਿੱਧੀਆਂ ਨਵ-ਨਿੱਧੀਆਂ ਦੇ ਸਰਬੇ ਭਰਮ ਚੁਕਾਵਹੁ। ਕੇਵਲ ਗੁਰਮੁਖਿ (ਵਾਹਿਗੁਰੂ) ਨਾਮ ਨਾਲ ਅਖੰਡ ਲਿਵ ਲਾਵਹੁ। ਹੇ ਭਾਈ ਸੰਤਹੁ! ਸਿਖੋ! ਗੁਰੂ ਸਾਹਿਬ ਆਖਦੇ ਹਨ ਕਿ ਇਉਂ ਆਤਮ ਰਾਮ ਚੀਨਣ ਦੀ ਸਿੱਧੀ ਬੁੱਧੀ ਪ੍ਰਾਪਤ ਹੁੰਦੀ ਹੈ। ਆਤਮ ਚੀਨਹੁ ਤੇ ਆਤਮ ਚੀਨ ਕੇ ਪਰਮਾਤਮ ਪ੍ਰਭੂ ਨੂੰ ਸਦਾ ਨਿਕਟ ਕਰਿ ਹਾਜ਼ਰ ਨਾਜ਼ਰ ਜਾਣਹੁ। ਜਦੋਂ ਪਰਮਾਤਮਾ ਨੂੰ ਪਰੀਪੂਰਨ ਅਤੇ ਪਰਤੱਖ ਹਾਜ਼ਰ ਨਾਜ਼ਰ ਜਾਣੋਗੇ ਤਾਂ ਤੁਹਾਨੂੰ ਕਿਸੇ ਭੀ ਸੰਗ ਬੁਰਾਈ ਕਰਨ ਦੀ ਜੁਰਅਤ ਨਹੀਂ ਹੋਵੇਗੀ। ਤਾਂ ਤੇ ਗੁਰਮਤਿ ਮਾਰਗ ਹੀ ਸਭ ਮਾਰਗਾਂ ਤੋਂ ਸ੍ਰੇਸ਼ਟ ਹੈ। ਕਿਉਂਕਿ ਇਸ ਮਾਰਗ ਪਰ ਚਲਣ ਕਰਕੇ ਸਤਿਗੁਰੂ ਦੇ ਮਿਲਾਪ-ਪ੍ਰਸਾਦ ਕਰਿ ਸਹਜੇ ਹੀ ਸੱਚੇ ਸੁਆਮੀ ਵਾਹਿਗੁਰੂ ਨੂੰ ਮਿਲ ਜਾਈਦਾ ਹੈ ਅਤੇ ਮਾਰਗ-ਮੁਕਤਾ ਹੋ ਜਾਈਦਾ ਹੈ। ਐਸੇ ਜਨ ਕਲਿਜੁਗ ਵਿਖੇ ਧੰਨੁ ਧੰਨੁ ਹਨ ਅਤੇ ਸੱਚੀ ਧੰਨਯਤਾ ਦੇ ਪਾਤਰ ਹਨ। ਏਹਨਾਂ ਵਿਟਹੁ ਗੁਰੂ ਨਾਨਕ ਸਾਹਿਬ ਆਪਣੇ ਸਮੁੱਚੇ ਜੋਤਿ-ਜਾਮਿਆਂ ਦੀ ਪ੍ਰਭਾ ਵਿਚ ਕੁਰਬਾਨ ਹੋਣ ਨੂੰ ਸਦਾ ਤਤਪਰ ਹਨ।

(੩੪) **ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥...੧॥੧॥**

*(ਧਨਾਸਰੀ ਮ: ੧ ਅਸਟ:, ਪੰਨਾ ੬੮੫)*

ਏਥੇ ਭੀ 'ਸੰਤ' ਪਦ ਤੋਂ ਮੁਰਾਦ ਗੁਰਸਿਖ ਸੰਤਾਂ ਦੀ ਹੈ, ਗੁਰੂ ਸੰਤ ਦੀ ਨਹੀਂ। ਗੁਰੂ ਦਾ ਸਾਗਰ ਰੂਪ ਹੋ ਕੇ ਰਤਨਾਂ ਨਾਲ ਡਲ ਡਲ ਕਰਦਾ ਭਰਪੂਰ ਨਾਮ ਨਿਧਾਨੀ ਖ਼ਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਗੁਰੂ ਰੂਪ ਅੰਮ੍ਰਿਤ ਸਰੋਵਰ ਵਿਚ ਤਾਰੀਆਂ ਲਾਉਣਹਾਰੇ ਅਤੇ ਹੰਸ ਰੂਪ ਹੋ ਕੇ ਅੰਮ੍ਰਿਤ-ਚੋਗ ਚੁਗਣਹਾਰੇ ਸੰਤ ਜੋ ਹਨ ਸੋ ਗੁਰਮੁਖਿ ਸਿਖ ਹੀ ਹਨ। ਹੋਰ ਕੋਈ ਸੰਤ ਸੁੰਤ ਨਹੀਂ। ਗੁਰੂ-ਡੰਮੀਏ ਸੰਤਾਂ ਨੂੰ ਇਹ ਨਿਧਿ ਪ੍ਰਾਪਤ ਹੀ ਨਹੀਂ ਹੁੰਦੀ। ਪਾਖੰਡ-ਡੰਮੀਆਂ ਨੂੰ ਇਹ ਪਦ ਕਿਥੋਂ ਪ੍ਰਾਪਤ ?

(੩੫) **ਸੰਤਹੁ ਸੁਖੁ ਹੋਆ ਸਭ ਥਾਈ ॥**
**ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ਰਹਾਉ॥੭੭॥**

*(ਸੋਰਠਿ ਮ: ੫, ਪੰਨਾ ੬੨੮)*

ਸਿੱਖਾਂ ਨੂੰ ਹੀ ਸੰਤਹੁ ਆਖ ਕੇ ਸੰਬੋਧਿਆ ਹੈ। ਸੱਚ ਮੁੱਚ ਗੁਰੂ ਦੇ ਸਿਖ ਹੀ ਸੰਤ ਸਰੂਪ ਹਨ। ਜਿਨ੍ਹਾਂ ਨੂੰ ਨਾਮ-ਕਮਾਈਆਂ ਦੇ ਪਰਤਾਪ ਕਰਿ ਹੀ "ਸੁਖੁ ਹੋਆ ਸਭ ਥਾਈ" ਦੀ ਏਜ਼ਦੀ ਬਰਕਤ ਨਾਜ਼ਲ ਹੋਈ ਹੈ ਅਤੇ "ਪਾਰਬ੍ਰਹਮੁ ਪੂਰਨ ਪਰਮੇਸਰੁ" ਸਭਨੀਂ ਜਾਈਂ ਰਵਿ ਰਹਿਆ ਪਰਤੱਖ ਪੇਖਣ ਦੀ ਸਮਰੱਥਾ ਗੁਰ-ਦਰਗਾਹੋਂ ਹਾਸਲ ਹੋਈ ਹੈ।


www.sikhbookclub.com

(੩੬) **ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥੨॥੧੪॥**

*(ਧਨਾਸਰੀ ਮ: ੫, ਪੰਨਾ ੬੭੪)*

ਇਥੇ ਭੀ ਸੰਤ ਪਦ ਸਿਖ ਦਾ ਹੀ ਬੋਧਕ ਹੈ। ਅਰਥ ਸਪੱਸ਼ਟ ਹਨ।

(੩੭) **ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥**
**ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥**
**ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥੨॥**
**ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥**
**ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥**

*(ਗਉੜੀ ਮ: ੫, ਪੰਨਾ ੧੯੪)*

ਇਸ ਗੁਰਵਾਕ ਵਿਖੇ ਭੀ 'ਸੰਤਹ' ਦਾ ਇਸ਼ਾਰਾ ਗੁਰਸਿੱਖਾਂ ਵਲ ਹੀ ਹੈ। ਗੁਰਸਿਖ ਨਾਮ ਅਭਿਆਸੀ ਗੁਰਮੁਖਿ ਸਿਖ ਰਾਮ-ਰੰਗੇ ਸੰਤ ਹਨ। ਰਾਮ ਦੇ ਐਸੇ ਰੰਗ ਵਿਚ ਰੰਗੇ, ਜੋ ਰਾਮ-ਰੰਗ ਇਕ ਵਾਰ ਚੜ੍ਹਿਆ ਹੋਇਆ ਫੇਰ ਕਦੇ ਭੀ ਉਤਰ ਨਹੀਂ ਜਾਂਦਾ। ਪਰ ਤਿਨ੍ਹਾਂ ਰਾਮ-ਰੰਗੇ ਸੰਤਾਂ ਦਾ ਨਾਮ-ਰੰਗ ਕਦੇ ਨਹੀਂ ਉਤਰਦਾ ਜਿਨ੍ਹਾਂ ਨੂੰ ਗੁਰ ਪੂਰਾ ਪੂਰੀ ਬੂਝ ਬੁਝਾਇ ਕੇ ਰੰਗ ਚੜ੍ਹਾਇ ਦੇਵੇ। ਹਰਿ-ਰੰਗ-ਰੰਗੇ ਸੰਤਾਂ ਦਾ ਹਰਿ-ਰੰਗ ਰੰਗਿਆ ਮਨ ਭੀ, ਸਾਚੇ ਰੰਗ ਰੰਗੀਜਿਆ ਹੋਣ ਕਰਿ ਸਾਚਾ ਹੈ। ਪੂਰਨ ਪੁਰਖ ਬਿਧਾਤਾ ਭੀ ਅਦਭੁਤੀਲਾ ਅਤੇ ਅਰੂਪਾ ਰੂਪ ਰੰਗੀ ਲਾਲ ਰੰਗਾਂ ਵਾਲਾ ਹੈ। ਪਾਰਬ੍ਰਹਮੀ ਲਾਲ ਰੰਗਾਂ ਵਾਲੇ ਗੁਰਸਿਖ ਸੰਤਾਂ ਦੇ ਸੰਗ ਬੈਸ ਕੇ ਹਰਿ ਗੁਣ ਗਾਵਣਹਾਰਿਆਂ ਨੂੰ ਨਾਮ ਮਜੀਠੀ ਰੰਗ ਐਸਾ ਚੜ੍ਹਦਾ ਹੈ ਕਿ ਕਦੇ ਉਤਰ ਨਹੀਂ ਜਾਂਦਾ। ਹਰਿ ਸਿਮਰਨਹਾਰੇ ਸੰਤਾ ਸਿੱਖਾਂ ਨੂੰ ਸਦਾ ਲਾਲ ਰੰਗ ਚੜ੍ਹਿਆ ਰਹਿੰਦਾ ਹੈ। ਹਰੀ ਸਿਮਰਨ ਬਿਨਾਂ ਜਿੰਨੇ ਭੀ ਸੁਖ ਹਨ, ਓਹਨਾ ਨੂੰ ਸੱਚਾ ਸੁਖ ਨਹੀਂ ਆਖਿਆ। ਆਨ ਰੰਗ ਮਾਇਆ ਦੇ ਸਭ ਫਿੱਕੇ ਹਨ ਅਤੇ ਥੋੜੜਿਆਂ ਦਿਨ ਚਾਰ ਹੀ ਰਹਿਣ ਵਾਲੇ ਹਨ, ਸੂਹੇ ਕੁਸੰਭੀ ਰੰਗ ਹੀ ਹਨ। ਜਿਹੜੇ ਸੰਤ ਸਿਖ ਗੁਰੂ ਨੇ ਨਾਮ-ਮਜੀਠੀ ਰੰਗ ਵਿਚ ਰੰਗ ਦਿਤੇ ਹਨ, ਸਦਾ ਲਈ ਨਿਹਾਲ ਭਏ ਹੈਂ ਅਤੇ ਸਤਿਗੁਰੂ ਓਹਨਾਂ ਉਪਰ ਤ੍ਰਠ ਕੇ ਦਇਆਲ ਭਇਆ ਹੈ।

(੩੮) **ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥**
**ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥...੩॥੬॥**

*(ਬਿਹਾਗੜਾ ਮ: ੫, ਪੰਨਾ ੫੪੬)*

ਸੰਤਾਂ ਸਿੱਖਾਂ ਗੁਰਮੁਖਾਂ ਦੇ ਸੰਗ ਮਿਲ ਕੇ ਹੀ ਅਮਿਊ ਸਰਵਰੀ ਨਾਮ ਦੇ ਗਟਾਕ ਭੂੰਚੇ ਜਾਂਦੇ ਹਨ ਅਤੇ ਸਿਖ ਸੰਤਾਂ ਦੇ ਸੰਗ ਮਿਲ ਕੇ ਨਾਮ ਜਪਣ ਦੀ ਸੱਚੀ ਅਮਿਊ ਰੰਗਾਣੀ ਰੰਗਣ ਚੜ੍ਹਦੀ ਹੈ; ਜਿਸ ਦੇ ਚੜ੍ਹਨ ਕਰਿ ਸਭ ਕਾਮ ਪੂਰਨ ਹੋ ਜਾਂਦੇ ਹਨ।

੩੯) **ਸੰਤਹੁ ਸਾਗਰੁ ਪਾਰਿ ਉਤਰੀਐ ॥**
**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ਰਹਾਉ॥੫੦॥**

*(ਸੂਹੀ ਮ: ੫, ਪੰਨਾ ੭੪੭)*

 www.sikhbookclub.com

ਐਥੇ ਭੀ 'ਸੰਤਹੁ' ਦਾ ਸੰਬੋਧਨ ਗੁਰਸਿੱਖਾਂ ਤੇ ਹੀ ਘਟਦਾ ਹੈ। ਕਹਹੁ ! ਨਹੀਂ ਘਟਦਾ ? ਨਾਮ ਕਮਾਈ ਵਾਲੇ ਸਾਗਰ ਪਾਰ-ਉਤਰਨੀਏ ਸਿੱਖਾਂ ਸੰਤਾਂ ਦਾ ਪੰਜਾਂ ਪਿਆਰਿਆਂ ਦੇ ਪੁੰਜ ਦੇ ਸਰੂਪ ਵਿਚ ਬਚਨ ਗੁਰਮੰਤ੍ਰ ਦਿਤਾ ਹੋਇਆ ਜੋ ਜਗਿਆਸੂ ਜਨ ਕਮਾਂਵਦੇ ਹਨ, ਸੋ ਗੁਰ ਪ੍ਰਸਾਦੀ ਤਰ ਜਾਂਦੇ ਹਨ।

(੪੦) **ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥**
**ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥**
**ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥**
**ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ਰਹਾਉ॥**
**ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥**
**ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥**
**ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥**
**ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥**
**ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥**
**ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥**
*(ਬਿਲਾਵਲੁ ਮ: ੪, ਪੰਨਾ ੭੯੯-੮੦੦)*

ਇਸ ਗੁਰਵਾਕ ਅੰਦਰ ਮੁਢਲੀ ਤੁਕ ਵਿਖੇ "ਆਵਹੁ ਸੰਤ ਮਿਲਹੁ ਮੇਰੇ ਭਾਈ" ਅਤੇ ਤੀਜੀ ਦੁਤੁਕੀ ਦੀ ਪਹਿਲੀ ਤੁਕ ਵਿਖੇ "ਹਰਿ ਸੰਤਹੁ ਚਾਖਿ ਦਿਖਹੁ" ਅਤੇ ਚੌਥੀ ਦੁਤੁਕੀ ਦੀ ਪਹਿਲੀ ਤੁਕ ਵਿਖੇ "ਹਰਿ ਸੇਵਹੁ ਸੰਤ ਜਨਹੁ" ਪੰਗਤੀਆਂ ਸਭ ਗੁਰਸਿੱਖਾਂ ਪ੍ਰਥਾਇ ਹੀ ਘਟਦੀਆਂ ਹਨ। ਸਤਿਗੁਰੂ ਸਾਹਿਬ ਫ਼ੁਰਮਾਉਂਦੇ ਹਨ, ਆਵਹੁ ਮੇਰੇ ਸਿਖੋ, ਸੰਤ ਜਨਹੁ, ਭਾਈਓ। ਆਓ ਪ੍ਰਸਪਰ ਰਲ ਮਿਲ ਕੇ ਹਰਿ ਹਰਿ ਨਾਮ ਰੂਪੀ ਕਥਾ ਕਰਹੁ। ਹਰਿ ਹਰਿ ਨਾਮ, ਅਰਥਾਤ, ਗੁਰਮਤਿ ਨਾਮ ਦੀ ਅਭਿਆਸ ਕਮਾਈ ਅਕੱਥ ਕਥਾ ਕਰਹੁ। ਇਹ ਹਰਿ ਹਰਿ ਨਾਮ ਦਾ ਰਟਨ ਹੀ ਕਲਿਜੁਗ ਵਿਖੇ ਭਵ-ਸਾਗਰ ਤਰਨ ਲਈ ਸੱਚਾ ਬੋਹਿਥ ਹੈ। ਗੁਰ-ਸ਼ਬਦ ਹੀ ਸੱਚਾ ਖੇਵਟ ਮਲਾਹ ਹੈ, ਜਿਸ ਕਰਕੇ ਭਵ-ਸਾਗਰ ਤਰ ਸਕੀਦਾ ਹੈ। ਤਾਂ ਤੇ ਹਰਿ ਹਰਿ ਨਾਮ ਰੂਪੀ ਹਰਿ ਗੁਣ ਸਦਾ ਸਦਾ ਹੀ ਉਚਾਰਨ ਕਰਨੇ ਲੋੜੀਐ। ਮਸਤਕਿ ਲਿਖੀ ਲਿਖਤ ਕਰਿ ਇਹ ਹਰਿ ਗੁਣ ਗਾਏ ਜਾਂਦੇ ਹਨ। ਤਾਂ ਤੇ ਸਿਖ ਸਾਧਾਂ ਦੀ ਸੰਗਤਿ ਵਿਚ ਮਿਲ ਕੇ ਹਰਿ ਗੁਣ ਗਾਇਨ ਕਰੀਐ। ਤਦ ਹੀ ਪਾਰ-ਉਤਾਰਾ ਹੁੰਦਾ ਹੈ। ਕਾਇਆਂ ਰੂਪੀ ਨਗਰੀ ਵਿਖੇ ਹੀ ਰਾਮ ਰਸ, ਉਤਮ ਰਾਮ ਰਸ ਭਰਪੂਰ ਹੈ, ਪਰ ਇਹ ਕਿਵੇਂ ਪਾਇਆ ਜਾ ਸਕਦਾ ਹੈ ? ਐ ਸੰਤ ਸਿਖ ਜਨਹੁ ! ਇਹ ਉਪਦੇਸ਼ ਇਉਂ ਹੈ ਕਿ ਸਤਿਗੁਰ, ਸਫਲ ਹਰਿ ਦਰਸ਼ਨ ਸਾਰਖੇ ਸਫਲ ਦਰਸ਼ਨ ਵਾਲੇ ਸਤਿਗੁਰੂ ਨੂੰ ਮਿਲ ਕੇ ਅਤੇ ਗੁਰੂ ਦੇ ਸੇਵਕ ਸਿਖ ਬਣ ਕੇ ਸਤਿਗੁਰੂ ਤੋਂ 'ਅੰਮ੍ਰਿਤ ਪੀਵਹੁ'। ਗੁਰ-ਦੀਖਿਆ ਗੁਰ-ਮੰਤ੍ਰ ਲੈ ਕੇ ਓਸ ਦੀ ਅਭਿਆਸ ਕਮਾਈ ਕਰਹੁ। ਫਿਰ ਘਟ ਅੰਤਰਿ ਹੀ ਹਰਿ ਰਸ ਅੰਮ੍ਰਿਤੁ ਦੇ ਗਟਾਕ ਭੁੰਚਹੁ। ਇਹ ਅੰਮ੍ਰਿਤ ਨਾਮੁ ਅਤਿ ਮੀਠਾ ਹੈ। ਐ ਹਰਿ ਸੰਤਹੁ ! ਸਿਖ ਸੰਤਹੁ ! ਚਖ ਕੇ ਤਾਂ ਦੇਖਹੁ। ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਹੀ ਇਹ ਹਰਿ ਰਸ ਮੀਠਾ ਲਗਦਾ ਹੈ। ਜਿਨ੍ਹਾਂ ਨੂੰ ਮੀਠਾ ਲਗਿਆ ਹੈ, ਤਿਨ੍ਹਾਂ ਨੇ ਹੋਰ ਸਭ ਬਿਖੇ ਰਸਾਂ ਦਾ ਤਿਆਗਨ ਕਰ ਦਿਤਾ


www.sikhbookclub.com

ਹੈ। ਇਹ ਰਾਮ ਨਾਮ ਰਸੁ ਸੱਚ ਮੁੱਚ ਰਾਮ ਰਸਾਇਣ ਹੈ। ਐ ਸੰਤ ਜਨੋ, ਸਿਖੋ, ਸੰਤ ਜਨੋ! ਜਗਿਆਸੂਓ! ਇਸ ਦਾ ਸੇਵਨ ਕਰਹੁ। ਚਾਰ ਪਦਾਰਥ ਅਰਥ, ਧਰਮ, ਕਾਮ ਮੋਖ ਚਾਰੇ ਹੀ ਗੁਰਮਤਿ ਨਾਮ ਦਾ ਭਜਨ ਕੀਤਿਆਂ ਮਿਲਦੇ ਹਨ। ਤਾਂ ਤੇ ਗੁਰਮਤਿ ਨਾਮ ਦੇ ਭਜਨ ਵਿਚ ਜੁਟ ਜਾਓ, ਐ ਸਿਖੋ, ਸੰਤ ਜਨੋ!

(੪੧) **ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥੨॥੫॥**

*(ਬਿਲਾਵਲੁ ਮ: ੫, ਪੰਨਾ ੮੦੩)*

ਨਾਮ ਧਿਆਇਨਹਾਰੇ ਸਾਧ ਜਨਾਂ ਤੋਂ ਮੁਰਾਦ ਏਥੇ ਸਾਫ਼ ਗੁਰਸਿੱਖਾਂ ਦੀ ਹੈ। ਜੋ ਨਾਮ ਧਿਆਇਨਹਾਰੇ ਸਿਖ ਹਨ, ਓਹੀ ਸਹੀ ਮਾਅਨਿਆਂ ਵਿਚ ਸਾਧ ਹਨ। ਹੋਰ ਭੇਖੀ ਆਨਮਤੀਏ ਕੋਈ ਭੀ ਸਾਧ ਜਾਂ ਸੰਤ ਨਹੀਂ।

(੪੨) **ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥**
**ਮੰਦਾ ਕੋ ਨ ਅਲਾਏ ॥ ਸਭ ਜੈਜੈਕਾਰੁ ਸੁਣਾਏ ॥੧॥**
**ਸੰਤਹੁ ਸਾਚੀ ਸਰਣਿ ਸੁਆਮੀ ॥**
**ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ ॥ਰਹਾਉ॥**
**ਕਰਤਬ ਸਭਿ ਸਵਾਰੇ ॥ ਪ੍ਰਭਿ ਅਪਨਾ ਬਿਰਦੁ ਸਮਾਰੇ ॥**
**ਪਤਿਤ ਪਾਵਨ ਪ੍ਰਭ ਨਾਮਾ ॥ ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥**

*(ਸੋਰਠਿ ਮ: ੫, ਪੰਨਾ ੬੨੭)*

ਇਸ ਗੁਰਵਾਕ ਅੰਦਰ ਰਹਾਉ ਦੀ ਤੁਕ ਸਿੱਧੀ ਸਨਮੁਖ ਹੀ ਸੰਬੋਧਨ ਕੀਤੀ ਹੈ ਅਤੇ ਸਿੱਖਾਂ ਨੂੰ 'ਸੰਤਹੁ' ਆਖ ਕੇ ਹੀ ਉਚਾਰਿਆ ਹੈ। ਤਾਂ ਤੇ ਕੋਈ ਸੰਦੇਹ ਬਾਕੀ ਨਹੀਂ ਰਿਹਾ ਕਿ ਗੁਰੂ ਸਾਹਿਬ ਗੁਰਸਿੱਖਾਂ ਨੂੰ ਹੀ ਸੰਤ ਕਰਕੇ ਜਾਣਦੇ ਹਨ। ਸੰਤਾਂ ਸਿੱਖਾਂ ਅਰਥਾਤ ਗੁਰਸਿੱਖਾਂ ਸੰਤਾਂ ਬਾਝੋਂ ਹੋਰ ਕਿਸੇ ਭੇਖੀ ਆਨਮਤੀਏ ਉੱਤੇ ਇਹ ਸੰਤ ਪਦ ਨਹੀਂ ਸਨ ਘਟਾਉਂਦੇ।

(੪੩) **ਸੁਖ ਸਾਂਦਿ ਘਰਿ ਆਇਆ ॥ ਨਿੰਦਕ ਕੈ ਮੁਖਿ ਛਾਇਆ ॥**
**ਪੂਰੈ ਗੁਰਿ ਪਹਿਰਾਇਆ ॥ ਬਿਨਸੇ ਦੁਖ ਸਬਾਇਆ ॥੧॥**
**ਸੰਤਹੁ ਸਾਚੇ ਕੀ ਵਡਿਆਈ ॥ ਜਿਨਿ ਅਚਰਜ ਸੋਭ ਬਣਾਈ ॥੧॥ਰਹਾਉ॥**
**ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥**
**ਨਾਨਕ ਪ੍ਰਭ ਸੁਖਦਾਈ ॥ ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥**

*(ਸੋਰਠਿ ਮ: ੫, ਪੰਨਾ ੬੨੯)*

ਇਸ ਗੁਰ ਪ੍ਰਮਾਣ ਵਿਖੇ ਭੀ ਅਸਥਾਈ ਦੀ ਤੁਕ 'ਸੰਤਹੁ' ਆਖ ਕੇ ਗੁਰਸਿੱਖਾਂ ਪ੍ਰਤੀ ਹੀ ਸੰਬੋਧਨ ਕੀਤੀ ਹੈ, ਅਰਥਾਤ, ਸਿੱਖਾਂ ਨੂੰ ਹੀ ਸੰਤ ਉਚਾਰਿਆ ਹੈ। ਸਿੱਖਾਂ ਦੀ ਸੰਗਤਿ ਹੀ ਸੱਚੀ ਸਾਧ ਸੰਗਤਿ ਹੈ। ਇਕ ਤੋਂ ਵਧ ਸਿਖ ਮਿਲ ਕੇ ਸਾਧ ਸੰਗਤਿ ਬਣ ਜਾਂਦੀ ਹੈ। ਅਸਿੱਖਾਂ ਦਾ ਸੈਂਕੜਿਆਂ ਦਾ ਇਕੱਠ ਭੀ ਸੰਗਤਿ ਰੂਪ ਨਹੀਂ ਕਹਾ ਸਕਦਾ। ਇਹ ਗੁਰਸਿੱਖਾਂ ਨੂੰ ਹੀ ਵਡਿਆਈ ਹੈ ਕਿ ਦੋ ਸਿਖ ਭੀ ਜੁੜ ਬੈਠਣ ਤਾਂ ਸਤਸੰਗਤਿ ਬਣ ਜਾਂਦੀ ਹੈ।

(੪੪) **ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥**
**ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥੬॥**
*(ਕਲਿਆਨ ਮ: ੪, ਪੰਨਾ ੧੩੨੬)*

ਹੇ ਸੰਤਹੁ ! ਬਾਂਹ ਉਲਾਰ ਕੇ, ਉੱਚੀ ਬਾਂਹ ਕੱਢ ਕੇ ਪੁਕਾਰਨਹਾਰਾ (ਕੂਕਣਹਾਰਾ) ਗੁਰੂ ਹੈ ਅਤੇ ਸਿੱਖਾਂ ਪ੍ਰਤੀ ਹੀ ਸਤਿਗੁਰੂ ਇਹ ਪੁਕਾਰ ਕਰ ਕੇ ਸੁਣਾਉਂਦਾ ਹੈ ਅਤੇ ਸਿੱਖਾਂ ਨੂੰ ਇਸ ਪੁਕਾਰ ਦੁਆਰਾ ਸੰਤ ਕਹਿ ਦੇ ਅਲਾਉਂਦਾ ਹੈ। ਸਤਿਗੁਰੂ ਦੀ ਸ਼ਰਨ ਸੁਖਦਾਤੀ ਹੈ। ਸਦ-ਸਦਾ ਸੁਖਦਾਤੀ, ਨਿਤ ਨਿਤ ਸੁਖਦਾਤੀ, ਅਭੰਗ ਸੁਖਦਾਤੀ ਹੈ। ਸਤਿਗੁਰੂ ਦੀ ਸ਼ਰਨੀ ਪਰਨਹਾਰੇ ਗੁਰ-ਸ਼ਰਨੀ ਪੈ ਕੇ ਢਹਿਣ ਵਾਲੇ, ਸਦਾ ਢਹੇ ਰਹਿਣ ਵਾਲੇ ਕਉਣ ਹਨ ? ਗੁਰੂ ਦੀ ਸ਼ਰਨੀ ਪਰਨਹਾਰੇ ਸੰਤ ਹਨ। ਸਤਿਗੁਰੂ ਦੇ ਸਿਖ, ਜਿਨ੍ਹਾਂ ਨੂੰ ਸਤਿਗੁਰੂ ਨੇ ਸੰਤ ਕਹਿ ਕੇ ਪੁਕਾਰਿਆ ਹੈ।

(੪੫) **ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥**
**ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥**
**ਸੰਤਹੁ ਹਰਿ ਹਰਿ ਹਰਿ ਆਰਾਧਹੁ ॥**
**ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ਰਹਾਉ॥੭੬॥**
*(ਸੋਰਠਿ ਮ: ੫, ਪੰਨਾ ੬੨੭)*

ਅਸਥਾਈ ਦੀ ਤੁਕ ਵਿਖੇ ਇਸ ਗੁਰ ਪ੍ਰਮਾਣ ਅੰਦਰ ਭੀ ਹਰਿ ਅਰਾਧਨਹਾਰੇ ਗੁਰਸਿੱਖਾਂ ਨੂੰ ਹੀ ਸਤਿਗੁਰੂ ਨੇ 'ਸੰਤਹੁ' ਕਹਿ ਕੇ ਸੰਬੋਧਨ ਕੀਤਾ ਹੈ। ਤਾਂ ਤੇ ਸਤਿਗੁਰੂ ਦੇ ਨਿਕਟ, ਅਰਥਾਤ, ਗੁਰੂ ਘਰ ਅੰਦਰ ਗੁਰਸਿੱਖਾ ਨੂੰ ਹੀ ਸੰਤ ਸਾਧ ਪਦ ਦਾ ਮਰਤਬਾ ਪ੍ਰਾਪਤ ਹੈ। ਪਰ ਇਹ ਸਦਾ ਸਦਾ, ਸਿਖ ਸੰਤ ਸਿਖ ਸਾਧ ਹੀ ਰਹਿਣਗੇ। ਗੁਰ-ਸੰਤ ਦਾ, ਗੁਰ-ਸਾਧ ਦਾ ਵੱਡਾ ਮਰਤਬਾ ਕੇਵਲ ਸਤਿਗੁਰ ਨੂੰ ਹੀ ਗੁਰਬਾਣੀ ਅੰਦਰ ਦਿੱਤਾ ਹੈ।

(੪੬) **ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥**
**ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ਰਹਾਉ॥੮੫॥**
*(ਸੋਰਠਿ ਮ: ੫, ਪੰਨਾ ੬੨੯)*

ਸਤਿਗੁਰੂ ਆਪ ਤਾਂ ਗੁਰੂ-ਸੰਤ ਹਨ ਹੀ, ਧੁਰ ਦਰਗਾਹੋਂ ਬਖ਼ਸ਼ਿਆ ਹੋਇਆ ਖ਼ਿਤਾਬ ਗੁਰੂ ਅਤੇ ਗੁਰੂ-ਸੰਤ ਦਾ ਸਤਿਗੁਰਾਂ ਨੂੰ ਪ੍ਰਾਪਤ ਹੈ। ਸਤਿਗੁਰੂ ਦਇਆਲ ਨੇ ਆਪਣਿਆਂ ਸਿੱਖਾਂ ਨੂੰ ਸੰਤ ਪਦ, ਸਿਖ ਸੰਤ ਪਦ ਬਖ਼ਸ਼ਿਆ ਹੈ। ਜੈਸੇ ਕਿ ਇਸ ਅਸਥਾਈ ਦੀ ਤੁਕ ਵਿੱਚ 'ਸੰਤਹੁ' ਕਹਿ ਕੇ ਸਿੱਖਾਂ ਨੂੰ ਸੰਬੋਧਨ ਕੀਤਾ ਹੈ।

(੪੭) **ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥**
**ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ ॥੧॥੧॥**
*(ਧਨਾਸਰੀ ਮ: ੪ ਘਰੁ ੧ ਚਉਪਦੇ, ਪੰਨਾ ੬੬੬)*

ਹਰੀ ਭਗਤੀ ਹੀ ਹਰਿ ਕੀ ਸੱਚੀ ਸੇਵਾ ਹੈ। ਇਸ ਵਾਕ ਅੰਦਰ ਹਰਿ ਸੇਵਨਹਾਰੇ ਅਰਥਾਤ ਹਰਿ ਕੀ ਭਗਤਿ ਕਰਨਹਾਰੇ ਸੰਤ ਭਗਤ ਜਨ ਗੁਰਸਿੱਖਾਂ ਨੂੰ ਹੀ ਉਚਾਰਿਆ ਗਇਆ ਹੈ। ਅਰਥਾਤ, ਗੁਰਸਿਖ ਸੇਵਕ ਹੀ ਸੱਚੇ ਸੰਤ ਭਗਤ ਜਨ ਹਨ। ਭਾਵ

ਸਪੱਸ਼ਟ ਹੈ, ਹੋਰ ਖੋਲ੍ਹਣ ਦੀ ਕੀ ਲੋੜ ਹੈ। ਇਤਨਾ ਨਿਰਣਾ ਹੀ ਬਥੇਰਾ ਹੈ।

(੪੮) **ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥...੬॥**

*(ਰਾਮਕਲੀ ਮ: ੩ ਅਨੰਦੁ, ਪੰਨਾ ੯੧੮)*

ਅਕੱਥ ਕੀ ਕਹਾਣੀ ਕਰਨਹਾਰੇ ਸੰਤ ਏਥੇ ਗੁਰਸਿਖ ਹੀ ਹਨ। ਗੁਰਸਿੱਖਾਂ ਨੂੰ ਸਤਿਗੁਰੂ ਨੇ ਸੰਤ ਕਹਿ ਕੇ ਬੁਲਾਇਆ ਹੈ ਕਿ ਆਵਹੁ ਸਿਖੋ ਸੰਤੋ ! ਪ੍ਰਸਪਰ ਮਿਲ ਕੇ ਅਕੱਥ ਕੀ ਕਹਾਣੀ ਕਰਹੁ, ਸਪੱਸ਼ਟ ਹੈ।

(੪੯) **ਹਰਿ ਕੇ ਸੰਤ ਜਨਾ ਹਰਿ ਜਪਿਓ**
**ਤਿਨ ਕਾ ਦੂਖੁ ਭਰਮੁ ਭਉ ਭਾਗੀ ॥... ੧॥੨॥** *(ਧਨਾਸਰੀ ਮ: ੫, ਪੰਨਾ ੬੬੭*

ਏਥੇ ਭੀ ਹਰਿ ਜਪਣਹਾਰੇ ਹਰਿ ਕੇ ਸੰਤ ਜਨ ਗੁਰਸਿਖ ਹੀ ਹਨ। ਗੁਰ-ਸਿੱਖਾਂ ਨੂੰ ਹੀ 'ਹਰਿ ਕੇ ਸੰਤ ਜਨ' ਭਾਖਿਆ ਗਿਆ ਹੈ। ਹੋਰ ਕਿਸੇ ਨੂੰ ਸੰਤ ਨਹੀਂ ਆਖਿਆ।

(੫੦) **ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥...੩॥੪॥**

*(ਧਨਾਸਰੀ ਮ: ੫, ਪੰਨਾ ੬੬੭)*

'ਹਰਿ ਜਪਣਾ' ਜਪਣਹਾਰੇ ਸੰਤ ਏਥੇ ਗੁਰਸਿੱਖਾਂ ਤੋਂ ਹੀ ਮੁਰਾਦ ਹੈ। ਭਾਵ ਸਪੱਸ਼ਟ ਹੈ।

(੫੧) **ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥**
**ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ਰਹਾਉ॥**

*(ਧਨਾਸਰੀ ਮ: ੫, ਪੰਨਾ ੬੬੭)*

ਇਸ ਗੁਰਵਾਕ ਵਿਖੇ ਹਰਿ ਜਸੁ ਕੰਨੀਂ ਸੁਣਨਹਾਰਿਆਂ ਸਿੱਖਾਂ ਨੂੰ ਹੀ ਹਰਿ ਕੇ ਸੰਤ ਆਖਿਆ ਹੈ। ਅਤੇ ਸੰਬੋਧਿਆ ਗਿਆ ਹੈ, ਐ ਹਰੀ ਕੇ ਸੰਤ ਜਨੋ ! ਗੁਰੂ ਕੇ ਸਿਖੋ ! ਹਰਿ ਜਸੁ ਸੁਣਹੁ ਕੰਨ ਲਾ ਕੇ। ਕੰਨੀਂ ਹਰਿ ਜਸ ਸੁਣਨ ਦਾ ਮਹਾਤਮ ਅਗੇ ਦਸਿਆ ਹੈ ਕਿ ਇਕ ਨਿਮਖ ਪਲ ਹਰਿ ਹਰਿ ਨਾਮ ਰੂਪੀ ਕਥਾ ਸੁਣਨ ਕਰਕੇ ਸਭ ਕਿਲਵਿਖ ਪਾਪ ਦੋਖ ਲਹਿ ਜਾਂਦੇ ਹਨ।

(੫੨) **ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥**
**ਸਤਿਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ ॥੨॥੪॥**

*(ਧਨਾਸਰੀ ਮ: ੫, ਪੰਨਾ ੬੬੭)*

ਸਤਿਗੁਰੂ ਨੂੰ ਸੇਵਨਹਾਰੇ ਸੰਤ ਗੁਰੂ ਦੇ ਸਿਖ ਸੇਵਕ ਜਨ ਹੀ ਹੋ ਸਕਦੇ ਹਨ। ਹੋਰ ਕਉਣ ਹੋ ਸਕਦਾ ਹੈ ? ਭੇਖੀ ਸੰਤ ਕਿ ਗੁਰੂ-ਸੰਤ ? ਭੇਖੀ ਸੰਤ ਤਾਂ ਸੇਵਾ ਕਰਾਉਂਦੇ ਹਨ, ਕਰ ਨਹੀਂ ਸਕਦੇ। ਸਤਿਗੁਰੂ ਇਕ ਸਮੇਂ ਇਕੋ ਹੀ ਹੋ ਸਕਦਾ ਹੈ, ਦੂਜਾ ਹੋ ਹੀ ਨਹੀਂ ਸਕਦਾ। ਤਾਂ ਤੇ ਗੁਰੂ ਦੀ ਸੇਵਾ ਕਰਨਹਾਰੇ ਗੁਰੂ ਦਾ ਅਰਥ ਭੀ ਏਥੇ ਸੰਤ ਪਦ ਨਹੀਂ ਲਗ ਸਕਦਾ। ਸਤਿਗੁਰੂ ਜੀ ਤਾਂ ਆਪ ਕਹਿ ਰਹੇ ਹਨ ਕਿ ਹਰਿ ਕੇ ਸੰਤ ਜਨੋ ਭਾਈਓ, ਸੁਣਹੁ ! ਕੀ ਸੁਣਹੁ ? "ਗੁਰੁ ਸੇਵਿਹੁ ਬੇਗਿ ਬੇਗਾਲੀ।" ਤਾਂ ਤੇ ਇਹ ਸੰਤ ਜਨ ਭਾਈ ਗੁਰੂ ਕੇ ਸਿਖ ਹੀ ਹਨ, ਜਿਨ੍ਹਾਂ ਨੂੰ ਉਪਰ ਦਸਿਆ "ਗੁਰੁ ਸੇਵਿਹੁ ਏਹਿ

ਬੇਗਾਨੀ" ਵਾਲਾ ਉਪਦੇਸ਼ ਸਤਿਗੁਰੂ ਜੀ ਸੁਣਾਉਂਦੇ ਹਨ।

(੫੩) **ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ**
**ਲਗਿ ਸੰਗਤਿ ਸਾਧ ਜਨਾ ਕੀ॥...੩॥੬॥**

*(ਧਨਾਸਰੀ ਮ: ੪, ਪੰਨਾ ੬੬੮)*

ਇਥੇ ਭੀ ਸਾਧ ਜਨਾਂ ਦੀ ਸੰਗਤਿ ਤੋਂ ਮੁਰਾਦ ਗੁਰਸਿੱਖਾਂ ਦੀ ਸੰਗਤਿ ਹੈ ਅਤੇ ਮਨ ਕਰਕੇ ਹਰਿ ਜਪਣ ਵਾਲੇ ਹਰਿ ਕੇ ਸੰਤ ਤੋਂ ਮੁਰਾਦ ਭੀ ਗੁਰੂ ਕੇ ਸਿਖ ਤੋਂ ਹੈ। ਗੁਰਸਿਖ ਨੂੰ ਗੁਰ-ਸਿੱਖਾਂ ਦੀ ਸੰਗਤਿ ਵਿਚ ਲਗ (ਜੁੜ) ਕੇ ਨਾਮ ਜਪਣ ਦੀ ਆਗਿਆ ਹੈ।

(੫੪) **ਹਰਿ ਕੇ ਸੰਤ ਜਨਾ ਹਰਿ ਜਪਿਓ ਗੁਰ ਰੰਗਿ ਚਲੂਲੈ ਰਾਤੀ॥੩॥੫॥**

*(ਧਨਾਸਰੀ ਮ: ੫, ਪੰਨਾ ੬੬੮)*

ਹਰਿ ਜਪਦੇ ਗੁਰ ਰੰਗਿ ਚਲੂਲੇ ਰਤੇ ਜਾਣ ਵਾਲੇ ਹਰਿ ਕੇ ਸੰਤ ਜਨ ਸਿਵਾਏ ਗੁਰਮੁਖਿ ਗੁਰ-ਸਿੱਖਾਂ ਤੋਂ ਹੋਰ ਕਿਹੜੇ ਹੋ ਸਕਦੇ ਹਨ? ਤਾਂ ਤੇ ਐਥੇ ਭੀ ਗੁਰੂ ਦੇ ਗੁਰਮੁਖਿ ਸਿਖ ਹੀ ਹਰਿ ਕੇ ਸੰਤ ਜਨ ਭਾਖੇ ਗਏ ਹਨ।

(੫੫) **ਸੰਤਹੁ ਹਰਿ ਹਰਿ ਨਾਮੁ ਧਿਆਈ॥**
**ਸੁਖ ਸਾਗਰ ਪ੍ਰਭੁ ਵਿਸਰਉ ਨਾਹੀ ਮਨ ਚਿੰਦਿਅੜਾ ਫਲੁ ਪਾਈ॥੧॥ਰਹਾਉ॥**

*(ਸੋਰਠਿ ਮ: ੫, ਪੰਨਾ ੬੨੦)*

ਗੁਰਸਿੱਖਾਂ ਪ੍ਰਤੀ 'ਸੰਤਹੁ' ਆਖ ਕੇ ਸਨਮੁਖ ਉਪਦੇਸ਼ ਉਚਾਰਿਆ ਗਿਆ ਹੈ ਕਿ ਹੇ ਸੰਤਹੁ, ਸਿਖੋ! ਹਰਿ ਹਰਿ ਨਾਮ ਦਾ ਧਿਆਵਨ ਅਰਾਧਨ ਕਰੋ। ਇਕ ਨਿਮਖ ਭੀ ਸੁਖ-ਸਾਗਰ ਪ੍ਰਭੂ ਨੂੰ ਨਾ ਬਿਸਾਰੋਗੇ ਤਾਂ ਮਨ-ਚਿੰਦਿਅੜਾ ਫਲ ਪਾਵੋਗੇ। ਸਪੱਸ਼ਟ ਗੁਰਸਿੱਖਾਂ ਪ੍ਰਤੀ ਹੀ ਉਪਦੇਸ਼ ਹੈ ਅਤੇ ਸਿੱਖਾਂ ਨੂੰ ਸੰਤ ਆਖਿਆ ਹੈ।

(੫੬) **ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ॥੧॥**
**ਸੰਤਹੁ ਗੁਰਮੁਖਿ ਦੇਇ ਵਡਿਆਈ॥੧॥ਰਹਾਉ॥੧੧॥**

*(ਰਾਮਕਲੀ ਮ: ੩ ਅਸਟ:, ਪੰਨਾ ੯੦੯)*

'ਸੰਤ', 'ਗੁਰਮੁਖਿ', 'ਸਤਿਗੁਰ' ਪਦ ਇਸ ਦੁਕੀ ਵਿਖੇ ਨਿਆਰੇ ਨਿਆਰੇ ਪਏ ਹਨ। 'ਸੰਤਹੁ' ਤੋਂ ਭਾਵ ਗੁਰਸਿੱਖਾਂ ਤੋਂ ਹੈ। ਹੇ ਸੰਤਹੁ ਸਿਖੋ! ਜਿਹੜੇ ਗੁਰਮੁਖਿ ਜਨਾਂ ਨੇ ਭਗਤਿ-ਖਜਾਨਾ ਸਤਿਗੁਰੂ ਦੀ ਬੁਝਾਈ ਬੂਝ ਦੁਆਰਾ ਜਾਤਾ ਹੈ, ਤਿਨ੍ਹਾਂ ਗੁਰਮੁਖਾਂ ਨੂੰ ਵਾਹਿਗੁਰੂ ਵਡਿਆਈ ਦਿੰਦਾ ਹੈ। ਤਾਂ ਤੇ ਭਗਤਿ ਖਜਾਨਿਆਂ ਵਾਲੇ ਸਿਖ ਸੰਤ ਹੀ ਗੁਰਮੁਖਿ ਬਣ ਸਕਦੇ ਹਨ।

(੫੭) **ਸੰਤਹੁ ਗੁਰਮੁਖਿ ਨਾਮਿ ਨਿਸਤਾਰੀ॥**
**ਸਚਾ ਨਾਮੁ ਵਸਿਆ ਘਟ ਅੰਤਰਿ ਕਰਤੈ ਆਪਿ ਸਵਾਰੀ॥੧॥ਰਹਾਉ॥੧੩॥**

*(ਰਾਮਕਲੀ ਮ: ੩, ਪੰਨਾ ੯੧੦)*

ਸਤਿਗੁਰੂ ਸਿੱਖਾਂ ਪ੍ਰਤੀ ਸਨਮੁਖ ਉਪਦੇਸ਼ ਦਿੰਦੇ ਹਨ ਕਿ ਹੇ ਸਿਖੋ ਸੰਤਹੁ! ਅਰਥਾਤ, ਸੰਤ ਸਰੂਪ ਸਿਖੋ! ਗੁਰਮੁਖਿ ਨਾਮ (ਮੁਖੀ ਗੁਰ ਵਾਹਿਗੁਰੂ ਨਾਮ) ਦੁਆਰਾ

ਹੀ ਨਿਸਤਾਰਾ ਹੈ, ਜਿਨ੍ਹਾਂ ਦੇ ਘਟ ਅੰਦਰ ਸੱਚਾ ਨਾਮ ਵੱਸ ਗਿਆ ਹੈ ਤਿਨ੍ਹਾਂ ਨੂੰ ਕਰਤੇ ਨੇ ਹੀ ਆਪ ਸਵਾਰਿਆ ਸਫਲ ਜਨੰਮਾ ਕੀਤਾ ਹੈ।

(੫੮) **ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥**
**ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ਰਹਾਉ॥**
**ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥੨॥**
**ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥੩॥**
**ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥੪॥**
**ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥੫॥**
**ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥੬॥**
**ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥੭॥**
**ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥੮॥੧੨॥**
*(ਰਾਮਕਲੀ ਮ: ੩, ਪੰਨਾ ੯੧੦)*

ਇਸ ਗੁਰਵਾਕ ਵਿਖੇ ਛੇ ਵਾਰ 'ਸੰਤਹੁ' ਪਦ ਆਇਆ ਹੈ, ਜੋ ਕੇਵਲ ਗੁਰਸਿੱਖਾਂ ਪ੍ਰਥਾਇ ਹੀ ਘਟਦਾ ਹੈ। ਸਿੱਖਾਂ ਨੂੰ ਬਾਰ ਬਾਰ 'ਸੰਤਹੁ' ਪਦ ਨਾਲ ਸੰਬੋਧਨ ਕਰ ਕੇ ਇਹ ਵਾਕ ਉਚਾਰਿਆ ਗਿਆ ਹੈ, ਸਿਖ ਨੂੰ ਸੰਤ ਪਦਵੀ ਦੀ ਕੈਸੀ ਪੱਕੀ ਪ੍ਰੋੜ੍ਹਤਾ ਹੈ।

(੫੯) **ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ ॥੧॥**
**ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥**
**ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ ॥੧॥ਰਹਾਉ॥੧੪॥**
*(ਰਾਮਕਲੀ ਮ: ੩, ਪੰਨਾ ੯੧੧-੧੨)*

ਏਕ ਨਾਮ ਘਟ ਅੰਤਰ ਨਿਵਾਸੀ, ਨਾਮ ਖ਼ਜ਼ਾਨਾ ਗੁਰ ਤੇ ਪਾਉਣਹਾਰੇ ਤ੍ਰਿਪਤਿ ਅਘਾਇ ਰਹੇ ਮੁਕਤਿ ਗਤਿ ਪਦ ਵਾਲੇ ਗੁਰਮੁਖਾਂ ਦੀ ਮਹਿਮਾ ਗਾਈ ਗਈ ਹੈ। ਸੰਤਾਂ ਗੁਰਸਿੱਖਾਂ ਦੇ ਸਨਮੁਖ ਗਾਈ ਗਈ ਹੈ, ਗਾਉਣਹਾਰਾ ਸਤਿਗੁਰੂ ਆਪ ਹੈ। ਉਪਦੇਸ਼ ਸੁਣਨਹਾਰੇ ਗੁਰ-ਸਿਖ ਸੰਤ ਭਿੰਨ ਹਨ। ਅਰਥਾਤ, ਸੰਤ-ਸਿਖ ਨੂੰ ਸੰਤ-ਗੁਰੂ ਉਪਦੇਸ਼ ਕਰਦੇ ਹਨ।

(੬੦) **ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥**
**ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ਰਹਾਉ॥੨੯॥**
*(ਸੋਰਠਿ ਮ: ੫, ਪੰਨਾ ੬੧੭)*

ਸੰਤਾਂ ਗੁਰਸਿੱਖਾਂ ਨੂੰ ਸਤਿਗੁਰੂ ਸਪੱਸ਼ਟਾਉਂਦੇ ਹਨ ਕਿ ਰਮਤ ਰਾਮ ਰਮਈਆ ਘਟਾਂ ਘਟਾਂ ਪਟਾਂ ਪਟਾਂ ਵਿਖੇ ਮਉਜੂਦ ਹੈ। ਪੂਰਨ ਹੋ ਕੇ ਸਰਬ ਮਹਿ ਪੂਰ ਰਹਿਓ ਹੈ ਅਤੇ ਜਲਾਂ ਥਲਾਂ ਵਿਖੇ ਸਰਬਤ੍ਰ ਸਮਾਇ ਰਹਿਓ ਹੈ।

(੬੧) **ਅਪਨੇ ਸਤਿਗੁਰ ਕੀ ਵਡਿਆਈ ॥ ਮਨ ਇਛੇ ਫਲ ਪਾਈ ॥**
**ਸੰਤਹੁ ਦਿਨੁ ਦਿਨੁ ਚੜੈ ਸਵਾਈ ॥ਰਹਾਉ॥੬੭॥**
*(ਸੋਰਠਿ ਮ: ੫, ਪੰਨਾ ੬੨੯)*

ਏਸ ਗੁਰਵਾਕ ਵਿਖੇ ਸਤਿਗੁਰ ਕੀ ਵਡਿਆਈ ਦੱਸੀ ਗਈ ਹੈ। ਗੁਰਸਿੱਖਾਂ ਨੂੰ ਸੰਤ ਪਦ ਕਰ ਕੇ ਸੰਬੋਧਨ ਕੀਤਾ ਹੈ।

(੬੨) **ਸੰਤਹੁ ਤਿਸੁ ਬਿਨੁ ਅਵਰੁ ਨ ਕੋਈ॥ ਕਰਣ ਕਾਰਣ ਪ੍ਰਭੁ ਸੋਈ॥ਰਹਾਉ॥੬੯॥**
*(ਸੋਰਠਿ ਮ: ੫, ਪੰਨਾ ੬੨੬)*

'ਸੰਤਹੁ' ਤੋਂ ਭਾਵ ਸਾਫ 'ਸਿਖੋ' ਦਾ ਹੈ। ਸਿੱਖਾਂ ਨੂੰ ਸੰਤ ਕਹਿ ਕੇ ਸੰਬੋਧਨ ਕੀਤਾ ਗਿਆ ਹੈ।

(੬੩) **ਬੇਦਨ ਸਤਿਗੁਰਿ ਆਪਿ ਗਵਾਈ॥**
**ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ॥ਰਹਾਉ॥੭੦॥**
*(ਸੋਰਠਿ ਮ: ੫, ਪੰਨਾ ੬੨੬)*

ਇਸ ਗੁਰਵਾਕ ਵਿਖੇ ਸਾਫ਼ ਸਪੱਸ਼ਟ ਕੀਤਾ ਗਿਆ ਹੈ ਕਿ ਸਿਖ ਅਤੇ ਸੰਤ ਦਾ ਇਕੋ ਸਰੂਪ-ਲਖਸ਼ਨੀ ਅਰਥ ਹੈ। ਸਿਖ ਰੂਪੀ ਸੰਤ ਯਾ ਸੰਤ ਸਰੂਪੀ ਸਿਖ ਹਰਿ ਹਰਿ ਨਾਮ ਧਿਆਇ ਕੈ ਸਰਸੇ ਹੋਏ ਹਨ। ਓਹਨਾਂ ਦੀ ਬੇਦਨ ਸਤਿਗੁਰੂ ਨੇ ਆਪ ਗਵਾਈ ਹੈ। ਕੈਸਾ ਸਪੱਸ਼ਟ ਨਿਰਣਾ ਹੋਇਆ।

(੬੪) **ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥... ੨॥੭੦॥**
*(ਸੋਰਠਿ ਮ: ੫, ਪੰਨਾ ੬੨੬)*

ਗੁਰੂ ਘਰ ਦੇ ਪ੍ਰਭ-ਅਪਣਾਏ ਹੋਏ ਸੰਤ, ਗੁਰਸਿਖ ਹੀ ਹਨ, ਹੋਰ ਕਿਹੜੇ ਹਨ? ਆਪਣੇ ਮਨਜ਼ੂਰੇ-ਨਜ਼ਰ, ਦ੍ਰਿਸ਼ਟ-ਨਦਰਾਏ ਸਿੱਖਾਂ ਸੰਤਾਂ ਨੂੰ ਗੁਰੂ ਕਰਤਾਰ ਸਭ ਕੁਝ ਦਿੰਦਾ ਹੈ। ਜੋ ਕੁਝ ਭੀ ਗੁਰੂ ਘਰ ਦੇ ਸੰਤ ਸਿਖ ਗੁਰ-ਕਰਤਾਰ ਪਾਸੋਂ ਮੰਗਦੇ ਹਨ, ਸੋਈ ਲੈਂਦੇ ਹਨ। ਧੰਨ ਗੁਰਸਿੱਖਾਂ ਸੰਤਾਂ ਦੀ ਵਡਿਆਈ!

(੬੫) **ਕਿਨ ਹੀ ਬਨਜਿਆ ਕਾਂਸੀ ਤਾਂਬਾ ਕਿਨ ਹੀ ਲਉਗ ਸੁਪਾਰੀ॥**
**ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ॥੧॥**
**ਹਰਿ ਕੇ ਨਾਮ ਕੇ ਬਿਆਪਾਰੀ॥**
**ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥੧॥ਰਹਾਉ॥੨॥**
*(ਕੇਦਾਰਾ ਕਬੀਰ ਜੀਉ, ਪੰਨਾ ੧੧੨੩)*

ਇਸ ਗੁਰਵਾਕ ਵਿਖੇ ਨਾਮ ਗੋਬਿੰਦ ਦਾ ਬਨਜਨਹਾਰਿਆਂ ਸਿੱਖਾਂ ਨੂੰ ਹੀ ਸੰਤ ਆਖਿਆ ਹੈ। ਧਨਵੰਤ ਨਾਮ ਦੇ ਵਣਜਾਰੇ ਸੰਤ ਗੁਰੂ ਕੇ ਸਿੱਖ ਹੀ ਹਨ। ਸਿਖ ਸੰਤ ਭਗਤ ਸੰਸਾਰੀਆਂ ਨਾਲੋਂ ਨਿਰਾਰੇ ਹਨ। ਨਿਰਮੋਲਕ ਨਾਮ-ਹੀਰੇ ਦੇ ਵਪਾਰੀ ਸਿੱਖਾਂ ਨੂੰ ਸੰਤ ਪਦ ਗੁਰੂ ਘਰੋਂ ਪ੍ਰਾਪਤ ਹੈ।

(੬੬) **ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥**
**ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥੧੯॥**
*(ਸਲੋਕ ਕਬੀਰ ਜੀਉ, ਪੰਨਾ ੧੩੬੫)*

ਛਾਛ-ਪੀਣੇ ਸੰਸਾਰੀਆਂ ਤੋਂ ਨਿਆਰੇ ਮੱਖਣ ਖਾਣਹਾਰੇ ਨਾਮ-ਅਧਾਰੀ,

ਨਾਮ-ਅਹਾਰੀ, ਨਾਮ ਦੇ ਵਪਾਰੀ ਗੁਰਮੁਖਿ ਸਿਖ ਸੰਤ ਭਗਤ ਹਨ। ਹੋਰ ਭੇਖੀ ਸੰਤ ਸਾਧ ਨਹੀਂ। ਸਾਫ਼ ਸਪੱਸ਼ਟ ਹੈ ਕਿ ਸੰਤ ਪਦ ਏਥੇ ਭੀ ਸਿੱਖਾਂ ਪ੍ਰਥਾਇ ਵਰਤਿਆ ਗਿਆ ਹੈ।

(੬੭) **ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ਰਹਾਉ॥੧੦॥**
*(ਸੋਰਠਿ ਭਗਤ ਕਬੀਰ ਜੀ, ਪੰਨਾ ੬੫੬)*

(੬੮) **ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥**
**ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥**
**ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥**
**ਇਹੁ ਮਨੁ ਤੇਰਾ ਭਾਈ ॥ਰਹਾਉ॥**
**ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥**
**ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥**
**ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮਰਾਇ ''ਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥**
**ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥**
*(ਸੋਰਠਿ ਮ: ੫, ਪੰਨਾ ੬੧੪)*

ਸਮੁੱਚੇ ਗੁਰਵਾਕ ਅੰਦਰ ਤੁਕ ਤੁਕ ਵਿਖੇ 'ਸੰਤਨ' ਪਦ ਜੋ ਵਰਤਿਆ ਗਿਆ ਹੈ, ਇਹ ਗੁਰਸਿੱਖਾਂ ਦੇ ਸਮੁਦਾਇ ਪ੍ਰਥਾਇ ਹੀ ਹੈ। ਸੰਤ ਇਕ-ਵਚਨ ਗੁਰੂ ਪ੍ਰਥਾਇ ਹੋ ਸਕਦਾ ਹੈ, ਪਰ ਸੰਤ ਦਾ ਬਹੁ-ਵਚਨ 'ਸੰਤਨ' ਪਦ ਸਿੱਖਾਂ ਦੇ ਸਮੁਦਾਇ ਪ੍ਰਥਾਇ ਹੀ ਘਟਦਾ ਫਬਦਾ ਹੈ।

(੬੯) **ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥... ੨੭॥**
*(ਸਲੋਕ ਮ: ੪, ਪੰਨਾ ੧੪੨੪)*

ਗੁਰਵਾਕ ਦੇ ਭਾਵ ਅਨੁਸਾਰ ਗੁਰਸਿੱਖਾਂ ਸੰਤਾਂ ਦੀ ਰੇਣ, ਸਿੱਖਾਂ ਸੰਤਾਂ ਦੀ ਗੁਰ-ਸ਼ਰਨ ਦੀ ਯਾਚਨਾ ਕੀਤੀ ਗਈ ਹੈ। ਸਿੱਖਾਂ ਸੰਤਾਂ ਦੀ ਹੀ ਓਟ ਸਤਾਣੀ ਮਤਲੂਬ ਹੈ। ਸਿੱਖਾਂ ਸੰਤਾਂ ਨੂੰ ਹੀ ਸਤਸੰਗਤਿ ਦਾ ਸੀਂਗਾਰ ਗਹਿਣਾ ਦਸਿਆ ਗਿਆ ਹੈ। ਪੂਰਬ ਲਿਖਤ ਆ-ਮੁਹਾਰੀ-ਸਿੱਖਾਂ ਸੰਤਾਂ ਵਲ ਬਣਿ ਆਉਂਦੀ ਹੈ। ਗੁਰੂ ਦੇ ਸਿਖ ਸੰਤ ਦਾ ਪ੍ਰਸਪਰੀ ਮੇਲ ਐਸੀ ਪਾਕ ਕੁਰਬਾਨੀ ਵਾਲਾ ਹੁੰਦਾ ਹੈ ਕਿ ਇਕ ਦੂਜੇ ਲਈ ਆਪਣਾ ਆਪ ਅਰਪਣ ਕਰਨੋ ਵੀ ਦਰੇਗ਼ ਨਹੀਂ ਕਰਦੇ। ਏਸੇ ਤਰ੍ਹਾਂ ਮਨ ਬਚਨ ਕਰਮ ਕਰਕੇ ਹਰ ਇਕ ਸਿਖ, ਸਿਖ ਭਾਈ ਨੂੰ ਆਪਣਾ ਆਪ ਅਰਪਨ ਕਰਦਾ ਹੈ ਅਤੇ ਕਦੀ ਦੁਖ ਹੋਵੇ ਤਾਂ ਗੁਰਸਿਖ ਪਿਆਰੇ ਭਾਈ ਇਹੋ ਕਹਿੰਦੇ ਹਨ ਕਿ ਇਹ ਮੇਰਾ ਮਨ ਤੇਰਾ ਹੀ ਹੈ। "ਇਹ ਮਨ ਤੇਰਾ ਭਾਈ" ਗੁਰਸਿੱਖਾਂ ਸੰਤਾਂ ਦਾ ਪ੍ਰਸਪਰ ਵਰਤੋਂ-ਵਿਉਹਾਰ ਅਤੇ ਲੇਵਾ ਦੇਵੀ ਲੈਣ ਦੇਣ ਗੁਰ-ਸਿੱਖਾਂ ਸੰਤਾਂ ਨਾਲ ਹੀ ਹੋਣਾ ਲੋੜੀਏ। ਸੱਚੇ ਸਿੱਖਾਂ ਦਾ ਹੁੰਦਾ ਭੀ ਹੈ। ਓਹਨਾਂ ਦਾ ਆਨਮਤੀਆਂ ਨਾਲ ਵਰਤੋਂ-ਵਿਉਹਾਰ ਰੱਖਣ ਦਾ ਕੋਈ ਵਾਸਤਾ ਨਹੀਂ। ਕਾਸ਼ ਕਿ ਹਰ ਇਕ ਸਿਖ ਸੱਜਨ ਪਰਵਾਰ ਦਾ ਜੇ ਉਪਰ ਲਿਖੇ ਗੁਰਵਾਕ ਅਨੁਸਾਰ ਅਮਲ ਹੁੰਦਾ ਤਾਂ ਅੱਜ ਖ਼ਾਲਸਾ ਕੌਮ ਸਭ ਕੌਮਾਂ ਨਾਲੋਂ ਨਿਆਰੀ ਪ੍ਰਸਿੱਧ

ਹੁੰਦੀ ਤੇ ਮਿਲਗੋਭਾ ਨਾ ਹੁੰਦੀ। ਸੱਚੇ ਪਾਤਸ਼ਾਹ ਦਾ ਅਫ਼ਜ਼ਲ ਹੁਕਮ ਇਹੀ ਹੈ ਕਿ ਪ੍ਰਸਪਰ ਗੁਰ-ਸਿਖ ਸਭ ਆਪਸ ਵਿਚ ਹੀ ਇਕ ਦੂਜੇ ਦੀ ਸੰਗਤਿ ਕਰਨ। ਸਾਕਤਾਂ ਅਸਿੱਖਾਂ ਆਨਮਤੀਆਂ ਦੀ ਕੁਸੰਗਤ ਕਰਨ ਵਿਚ ਤੋਟਾ ਹੀ ਤੋਟਾ ਹੈ, ਲਾਹਾ ਕੁਛ ਨਹੀਂ। ਲਾਹੇ ਦੀ ਖੱਟੀ ਹੈ ਤਾਂ ਗੁਰਸਿੱਖਾਂ ਸੰਤ ਜਨਾਂ ਦੀ ਸੰਗਤਿ ਤੋਂ ਹੀ ਹੈ, ਕਿਉਂਕਿ ਓਹਨਾਂ ਦੀ ਸੰਗਤਿ ਤੋਂ ਭਗਤਿ-ਭੰਡਾਰ ਭਰੀ ਪੂੰਜੀ ਹਰਿ-ਨਾਮ ਦੀ ਪ੍ਰਾਪਤ ਹੁੰਦੀ ਹੈ। ਜਿਸ ਪੂੰਜੀ ਦੇ ਪ੍ਰਾਪਤ ਹੋਣ ਕਰਿ ਸਾਰੇ ਪੂਰਬ-ਕਮਾਤੇ ਕਰਮ ਅਕਰਮਾਂ ਦੇ ਲੇਖੇ ਦੀ ਬਹੀ ਫਟ ਜਾਂਦੀ ਹੈ। ਧਰਮਰਾਇ ਬਿਚਾਰੇ ਦਾ ਫੇਰ ਕੁਝ ਨਹੀਂ ਵਸਾਉਂਦਾ। ਗੁਰ-ਸਿੱਖਨ ਸੰਤਨ ਕੀ ਕਿਰਪਾ ਪਰਸਾਦ ਕਰਿ ਹੀ ਆਤਮ-ਸੁਖ ਮਈ ਮਹਾਂ ਅਨੰਦ ਨਸੀਬ ਹੁੰਦਾ ਹੈ ਅਤੇ ਪਰਮਾਤਮਾ ਦੇ ਸਰੂਪ ਸੰਗ ਬਿਸਮਾਦ ਰੰਗ-ਰਤੰਨੀ ਏਕ-ਮੇਕਤਾ ਵਾਲੀ ਬਿਵਸਥਾ ਪ੍ਰਾਪਤ ਹੁੰਦੀ ਹੈ। ਐਸੀ ਅਨੂਪਮ ਹੈ ਗੁਰ-ਸਿੱਖਨ ਸੰਤਨ ਕੀ ਸੰਗਤਿ।

(੨੦) **ਸੰਤਹੁ ਰਾਮੁ ਜਪਤ ਸੁਖੁ ਪਾਇਆ॥**
**ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ॥੧॥ਰਹਾਉ॥੮੨॥**
*(ਸੋਰਠਿ ਮ: ੫, ਪੰਨਾ ੬੨੯)*

ਸੰਤਾਂ ਸਿੱਖਾਂ ਨੇ ਨਾਮ ਜਪ ਕੇ ਹੀ ਸਦਾ ਆਤਮ-ਸੁਖ ਪਾਇਆ ਹੈ। ਸੰਤਾਂ ਸਿੱਖਾਂ ਦੀ ਸਤਸੰਗਤਿ ਦੇ ਸ਼ੁਭ ਅਸਥਾਨ ਵਿਖੇ ਬਸਿਆਂ ਇਹ ਆਤਮ-ਸੁਖ ਸਹਜੇ ਹੀ ਪ੍ਰਾਪਤ ਹੋ ਜਾਂਦਾ ਹੈ ਅਤੇ ਸਗਲੇ ਸਰੀਰਕ ਮਾਨਸਕ ਰੋਗ ਦੁਖ ਮਿਟ ਜਾਂਦੇ ਹਨ।

(੨੧) **ਸੰਤਹੁ ਰਾਮਦਾਸ ਸਰੋਵਰੁ ਨੀਕਾ॥**
**ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥੧॥ਰਹਾਉ॥੫੦॥**
*(ਸੋਰਠਿ ਮ: ੫, ਪੰਨਾ ੬੨੩)*

ਭਾਵ, ਸਭ ਤੋਂ ਨੀਕੇ ਸਰਬੋਤਮ ਰਾਮਦਾਸ ਸਰੋਵਰ ਵਿਚ ਨ੍ਹਾਵਣਹਾਰੇ ਅਤੇ ਨ੍ਹਾ ਕੇ ਕੁਲ ਤਰਾਵਣਹਾਰੇ ਅਤੇ ਜੀਆ ਉਧਾਰਨਹਾਰੇ ਗੁਰਸਿਖ ਸੰਗਤਾਂ ਦੇ ਸਮੂਹ ਸੰਤ ਹਨ।

(੨੨) **ਸੰਤਹੁ ਰਾਮ ਨਾਮਿ ਨਿਸਤਰੀਐ॥**
**ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ॥੧॥ਰਹਾਉ॥੫੩॥**
*(ਸੋਰਠਿ ਮ: ੫, ਪੰਨਾ ੬੨੨)*

ਨਾਮ ਦੁਆਰਾ ਨਿਸਤਰਨੀਏ, ਹਰਿ ਧਿਆਇ ਧਿਆਇ ਉਭਰਨੀਏ, ਅਨਦਿਨ ਸੁਕ੍ਰਿਤ ਕਰਨੀਏ ਗੁਰਸਿੱਖਾਂ ਨੂੰ ਸੱਚੇ ਸੰਤਾਂ ਦੀ ਪਦਵੀ ਦੇ ਕੇ ਇਸ ਅਸਥਾਈ ਰੂਪ ਗੁਰਵਾਕ ਅੰਦਰ ਸੰਬੋਧਨ ਕੀਤਾ ਹੈ।

(੨੩) **ਸੰਤਾ ਕੀ ਇਹ ਰੀਤਿ ਨਿਰਾਲੀ॥ ਪਾਰਬ੍ਰਹਮੁ ਕਰਿ ਦੇਖਹਿ ਨਾਲੀ॥**
**ਸਾਸਿ ਸਾਸਿ ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ॥੮॥੧੩॥**
*(ਮਾਰੂ ਮ: ੫, ਪੰਨਾ ੧੦੮੫)*

ਇਹ ਰੀਤ ਨਿਰਾਲੀ ਵਾਲੇ ਸੰਤ, ਗੁਰਮੁਖਿ ਸਿਖ ਸਜਨ ਜਨ ਹੀ ਹਨ। ਸਤਿਗੁਰੂ ਵਰੋਸਾਏ, ਸਤਿਗੁਰੂ ਤੋਂ ਦਿਬ-ਦ੍ਰਿਸਟਿ ਦਾ ਦਾਨ ਪਾਏ ਹੋਏ ਗੁਰਸਿਖ ਸੰਤ ਭਗਤ

ਹੀ ਪਾਰਬ੍ਰਹਮ, ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਨੂੰ ਨਿਕਟ ਕਰਿ ਦੇਖਣਹਾਰੇ, ਸਦਾ ਨਿਜ ਅੰਗ ਸੰਗ ਦੇਖਣਹਾਰੇ ਹਨ। ਸਾਸ ਸਾਸ ਨਾਮ ਅਭਿਆਸ ਦੁਆਰਾ ਹਰਿ ਆਰਾਧਣਹਾਰੇ ਇਹ ਗੁਰਸਿਖ ਸੰਤ ਹੀ ਹਨ, ਜਿਨ੍ਹਾਂ ਨੂੰ ਸਿਮਰਨ ਕਰਦਿਆਂ ਕਦੇ ਨਿੰਦ੍ਰਾ ਤੰਦ੍ਰਾ ਵਾਲੀ ਆਲਸ ਨਹੀਂ ਆਵੰਦੀ। ਸਾਵਧਾਨ ਹੋ ਕੇ ਸਿਮਰਨ ਕਰਨ ਦੀ ਜੁਗਤੀ ਸਤਿਗੁਰੂ ਦੁਆਰਿਓਂ ਗੁਰਸਿਖ ਸੰਤਾਂ ਨੂੰ ਹੀ ਪ੍ਰਾਪਤ ਹੈ। ਰੀਤ-ਨਿਰਾਲੀਏ ਪੰਥ ਖਾਲਸਾਲੀਏ ਸਿਖ ਸੰਤਾਂ ਬਾਝੋਂ ਸਿਮਰਨ-ਜੁਗਤਿ, ਵਿਲੱਖਣੀ ਜੁਗਤੀ ਹੋਰ ਕਿਸੇ ਨੂੰ ਨਸੀਬ ਨਹੀਂ ਹੁੰਦੀ।

(੭੪) **ਸੰਤਾ ਕੀ ਹੋਇ ਦਾਸਰੀ ਏਹੁ ਆਚਾਰਾ ਸਿਖੁ ਰੀ ॥... ੧॥੧੧੯॥**
*(ਆਸਾ ਮ: ੫, ਪੰਨਾ ੪੦੦)*

ਪਰਮਾਰਥ ਦੇ ਪਾਧਾਨੂ ਗੁਰਮਤਿ ਦੇ ਜਗਿਆਸੂ ਪਰਮਾਤਮ-ਮੁਤਲਾਸ਼ੀਆਂ ਨੂੰ ਪਹਿਲਾਂ ਗੁਰਸਿੱਖਾਂ ਸੰਗਤਾਂ ਦੀ ਦਾਸ ਭਾਵ ਵਾਲੀ ਸੇਵਾ ਕਰਨੀ ਲਾਜ਼ਮੀ ਹੈ। ਸਿੱਖਾਂ ਸੰਤਾਂ ਦੇ ਦਾਸ ਦਾਸਾਂ ਦੇ ਦਾਸ ਹੋਏ ਰਹਿਣਾ ਪਦਾਰਥ, ਜਗਿਆਸੂ ਦੇ ਆਚਾਰ ਅਮਲਾਂ ਵਿਚ ਇਕ ਸ੍ਰੇਸ਼ਟ ਅਮਲ ਆਚਾਰ ਹੈ। ਪਾਖੰਡੀ ਪਾਜਲ ਸੰਤ ਨਿਜ ਤਾਈਂ ਸੰਤ ਜਣਾਉਂਦੇ ਹੋਏ ਆਪਣਿਆਂ ਚੇਲਿਆਂ ਚਾਟੜਿਆਂ ਦੁਆਰਾ ਅਕਸਰ ਇਸਤ੍ਰੀ ਜਾਮੇ ਨੂੰ ਇਹ ਕੁਹਜੀ ਪ੍ਰੇਰਨਾ ਕਰਦੇ ਦੇਖੇ ਗਏ ਹਨ ਕਿ ਗੁਰੂ-ਡੰਮੀ ਸੰਤਾਂ ਦੀਆਂ ਦਾਸਰੀਆਂ ਹੋਣ ਦੀਆਂ ਆਚਾਰਾਂ ਸਿਖੋ। ਚੇਲਿਆਂ ਚਾਟੜਿਆਂ ਵਾਲੇ ਡਿੰਭੀ ਸੰਤਾਂ ਨੂੰ ਗੁਰੂ ਘਰ ਵਿਖੇ ਕਿਤੇ ਥਾਉਂ ਨਹੀਂ। ਏਹਨਾ ਡਿੰਭੀਆਂ ਨੇ ਹੀ 'ਸੰਤ' ਪਦ ਨੂੰ ਅਜਿਹਾ ਖੱਜਲ ਖੁਆਰ ਕੀਤਾ ਹੈ ਕਿ ਅੱਜ ਦੇ ਗੁਣੀਆਂ ਗਿਆਨੀਆਂ ਨੂੰ 'ਸੰਤ' ਪਦ ਤੋਂ ਹੀ ਨਫ਼ਰਤ ਹੋ ਗਈ ਹੈ। ਪਰ ਗੁਰਬਾਣੀ ਅੰਦਰ 'ਸੰਤ' ਪਦ ਅਨੇਕ ਥਾਵੀਂ ਸਿੱਖਾਂ ਪ੍ਰਥਾਇ ਘਟਦਾ ਪਾਇਆ ਜਾਂਦਾ ਹੈ। ਜਿਸ ਕਰਕੇ ਅਸੀਂ 'ਸੰਤ' ਪਦ ਦੀ ਮਹੱਤਤਾਈ ਤੋਂ ਮੁਨਕਰ ਨਹੀਂ ਹੋ ਸਕਦੇ। ਮੁਨਕਰ ਹੋਣਾ ਕੁਫ਼ਰ ਹੈ। ਪਰ ਸਭ ਤੋਂ ਵੱਡਾ ਕੁਫ਼ਰ ਇਕ ਸਿਖ ਨੂੰ ਸੰਤ ਸਰੂਪ ਜਾਣ ਕੇ ਗੁਰੂ ਸਦਰਸ਼ ਗੁਰੂ ਦੇ ਥਾਉਂ ਪੂਜਣਾ ਹੈ। ਇਹ ਡਿੰਭੀ ਸੰਤ ਗੁਰੂ ਦੀ ਥਾਉਂ ਦੀ ਥਾਪਨਾ ਸੰਤਾਂ ਨੂੰ ਦੇਣ ਨੂੰ ਉਦਮਾਦੇ ਫਿਰਦੇ ਹਨ। ਇਕ ਨਹੀਂ, ਅਨੇਕਾਂ ਅਜਿਹੇ ਉਦਮਾਦੀਏ ਸੰਤ ਵੇਖਣ ਵਿਚ ਆਏ ਹਨ।

(੭੫) **ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥... ੧॥੧੦॥**
*(ਸੂਹੀ ਮ: ੫, ਪੰਨਾ ੭੮੩)*

ਗੁਰਸਿਖ ਸੰਗਤਾਂ ਗੁਰਸਿੱਖਾਂ ਸੰਤਾਂ ਦੇ ਕਾਰਜ ਕਰਨ ਲਈ ਕਰਤਾ ਪੁਰਖ ਆਪ ਪਰਗਟ ਹੋਇ ਖਲੋਵੰਦਾ ਹੈ, ਜੈਸੇ ਕਿ 'ਹੋਇ ਖਲੋਇਆ'। ਅਤੇ ਖੁਦ ਸਿੱਖਾਂ ਸੰਤਾਂ ਸੰਗਤਾਂ ਦੇ ਕੰਮ ਕਰਾਵਣਿ ਆਵੰਦਾ ਹੈ। ਗੁਰੂ ਘਰ ਦੇ ਸੇਵਕ ਜਨਾਂ ਸੰਤਾਂ ਸਿੱਖਾਂ ਦੀ ਵਡਿਆਈ ਵਿਸ਼ੇਸਤਾ ਕੈਸੀ ਦਰਸਾਈ ਹੈ।

(੭੬) **ਹਰਿ ਭਗਤਨ ਕੋ ਨਾਮੁ ਅਧਾਰੁ ॥ ਸੰਤੀ ਜੀਤਾ ਜਨਮੁ ਅਪਾਰੁ ॥... ੪॥੨੨॥**
*(ਰਾਮਕਲੀ ਮ: ੫, ਪੰਨਾ ੮੯੯)*

ਗੁਰੂ ਘਰ ਦੇ ਗੁਰਮੁਖਿ ਸਿਖ ਭਗਤਾਂ ਨੂੰ ਨਾਮੁ ਆਧਾਰ ਰੂਪ ਹੀ ਹੋ ਜਾਂਦਾ ਹੈ। ਇਸ ਬਿਧਿ ਨਾਮ ਆਹਾਰੀ, ਨਾਮ ਆਧਾਰੀ ਹੋ ਕੇ ਨਿਰੰਕਾਰੀ ਸੰਤਾਂ ਸਿੱਖਾਂ ਨੇ

ਆਪਣਾ ਜਨਮ ਸਫਲਾ ਕੀਤਾ ਹੈ ਅਤੇ ਇਸ ਅਪਾਰ ਜਨਮ ਸਫਲਤਾਈ ਦੇ ਕਾਰਨ ਉਹ ਸੋਭਾ ਸੇਤੀ ਜਿਣ ਘਰਿ ਆਏ ਹਨ।

(੭੭) **ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥**
**ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥੧॥੧੭॥**

*(ਵਾਰ ਜੈਤਸਰੀ, ਸਲੋਕ ਮ: ੫, ਪੰਨਾ ੭੦੯)*

ਦਇਆਲ ਸਤਿਗੁਰੂ ਦੇ ਸਿਖ ਸੰਤ ਗੋਪਾਲ-ਕੀਰਤਨ ਦੇ ਆਸਰੇ ਸੱਚੀ ਉਧਰਨੀ ਉਧਰਦੇ ਹਨ। ਤਾਂ ਤੇ ਏਹਨਾਂ ਉਧਰਨਹਾਰੇ ਸਿਖ-ਸੰਤਾਂ ਦੀ ਸੰਗੇਣ ਸੰਗਤਿ ਨਿਰਮਲੀ ਹੈ। ਓਹ ਆਸਰਾ ਗੁਰੂ ਕਰਤਾਰ ਦਾ ਹੀ ਰਖਦੇ ਹਨ।

(੭੮) **ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ ॥੧੭॥**

*(ਵਾਰ ਜੈਤਸਰੀ ਮ: ੫, ਪੰਨਾ ੭੦੯)*

ਗੁਰਸਿੱਖਾਂ ਸੰਤਾਂ ਦਾ ਸੰਗ ਵੱਡੇ ਪੁੰਨ ਕਰ ਕੇ ਹੀ ਲਭਦਾ ਹੈ।

(੭੯) **ਬਸੰਤੁ ਹਮਾਰੈ ਰਾਮ ਰੰਗੁ ॥ ਸੰਤ ਜਨਾ ਸਿਉ ਸਦਾ ਸੰਗੁ ॥੧॥ਰਹਾਉ॥੧੧॥**

*(ਬਸੰਤੁ ਮ: ੫, ਪੰਨਾ ੧੧੮੩)*

ਗੁਰਸਿੱਖਾਂ, ਸੰਗਤਾਂ, ਸੰਤ ਜਨਾਂ ਸਿਉਂ ਸਦਾ ਸੰਗ ਵਾਲਾ ਰਲੀਆਲਾ ਰਾਮ ਰੰਗੁ ਹੀ ਗੁਰੂ ਘਰ ਦਾ ਸੱਚਾ ਬਸੰਤ ਹੈ। ਸਿੱਖਾਂ ਸੰਤ ਜਨਾਂ ਸੰਗ ਅਨਦ ਕੇਲ ਰੰਗ-ਰਲੀਆਂ ਸਦਾ ਕਰਨਾ ਇਹੋ ਗੁਰਸਿੱਖਾਂ ਦਾ ਸਦਾ ਬਸੰਤ ਬਹਾਰੀ ਹੋਲਾ ਮਹੱਲਾ ਹੈ।

(੮੦) **ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥**
**ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥**

*(ਗਉੜੀ ਗੁ: ਮ: ੫, ਪੰਨਾ ੧੯੪)*

ਜਿਨ੍ਹਾਂ ਨੂੰ ਪੂਰਬਲੇ ਲਿਖਤ-ਕਰੰਮੀ ਅੰਕੂਰ ਉਦੇ ਹੋਣ ਨਾਲ ਗੁਰੂ ਕੇ ਸਿੱਖਾਂ ਸੰਤਾਂ ਪ੍ਰਤਿ ਬਣਿ ਆਈ ਹੈ ਤੇ ਵਡਭਾਗੇ ਜਨ (ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ) ਨਾਮ ਦੇ ਜੋਤਿ-ਰੰਗੀ ਸਰੂਪ ਵਿਚ ਸਮਾਇ ਗਏ ਹੈਂ।

(੮੧) **ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥**
**ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥... ੧॥੧੦੦॥**

*(ਸਿਰੀਰਾਗੁ ਮ: ੫, ਪੰਨਾ ੫੨-੫੩)*

ਹੇ ਭਾਈਓ, ਸੰਤ ਜਨੋ, ਗੁਰੂ ਕੇ ਸਿਖੋ! ਸੱਚੇ ਨਾਉਂ ਦੁਆਰਾ ਹੀ ਛੁਟਕਾਰਾ ਹੈ। ਗੁਰ ਕੇ ਚਰਨ ਸਰੇਵਣੇ ਅਤੇ ਗੁਰਮਤਿ ਨਾਮ ਸਿਮਰਨਾ ਇਹੋ ਸੱਚੇ ਤੀਰਥ ਇਸ਼ਨਾਨ ਹਨ।

(੮੨) **ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮ ਕਾਲੁ ॥**
**ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥**
**ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥੧॥੯੮॥**

*(ਸਿਰੀਰਾਗੁ ਮ: ੫, ਪੰਨਾ ੫੨)*


www.sikhbookclub.com

ਗੁਰਸਿੱਖ ਭਾਈਆਂ ਰੂਪੀ ਸੰਤ ਜਨਾਂ ਸਿਉਂ ਮਿਲ ਕੇ ਜਮ ਕਾਲੁ ਕਟ ਸਿਟਿਆ। ਇਉਂ ਜਦ ਖਸਮ ਦਇਆਲ ਹੋਇਆ ਤਾਂ ਸੱਚਾ ਸਾਹਿਬ ਮਨ ਵਿਖੇ ਆਣ ਵੁਠੜਾ। ਇਹ ਸਾਰੀ ਵਡਿਆਈ ਪੂਰੇ ਸਤਿਗੁਰ ਦੇ ਭੇਟਣ ਦੀ ਹੈ, ਜਿਸ ਤੇ ਸਾਰੇ ਜੰਜਾਲ ਮਿਟ ਗਏ। ਤਾਂ ਤੇ ਇਸ ਗੁਰਵਾਕ ਦੇ ਭਾਵ ਤੋਂ ਕੋਈ ਸੰਦੇਹ ਬਾਕੀ ਨਹੀਂ ਰਿਹਾ ਕਿ ਸੰਤ ਜਨਾਂ ਤੋਂ ਮੁਰਾਦ ਗੁਰਸਿੱਖਾਂ ਦੀ ਹੈ। ਸੰਤ ਜਨਾਂ ਦੇ ਨਾਲ ਹੀ ਅਗੇ 'ਭਾਈਆ' ਦਾ ਪਦ ਇਸ ਭਾਵ ਨੂੰ ਹੋਰ ਭੀ ਸਪੱਸ਼ਟ ਕਰਦਾ ਹੈ। 'ਪੂਰਾ ਸਤਿਗੁਰ' ਸੰਤ ਜਨਾਂ ਨੇ ਭੇਟਿਆ। ਕਿਹੜੇ ਸੰਤ ਜਨਾਂ ਨੇ ? ਗੁਰਸਿਖ ਸੰਤ ਜਨਾਂ ਨੇ। 'ਸੰਤ' ਤੋਂ ਮੁਰਾਦ ਗੁਰੂ-ਸੰਤ ਦੀ ਨਹੀਂ ਹੋ ਸਕਦੀ, ਸਿਖ ਸੰਤ ਦੀ ਹੀ ਹੈ। ਕਿਉਂਕਿ 'ਸਤਿਗੁਰੁ' ਪਦ ਏਥੇ ਅਲਗ ਪਿਆ ਹੈ, ਜਿਸ ਨੂੰ ਭੇਟਣ ਦਾ ਇਸ਼ਾਰਾ ਹੈ। ਸਤਿਗੁਰੂ ਨੂੰ ਸੰਤ-ਸਿਖ ਭੇਟਦੇ ਹਨ। ਭੇਖੀ ਸੰਤਾਂ ਨੇ ਤਾਂ ਭੇਟਣਾ ਹੀ ਕੀ ਸੀ, ਜੋ ਆਪੇ ਹੀ ਗੁਰੂ ਬਣੇ ਬੈਠੇ ਹਨ ਅਤੇ ਨਿਰਲੱਜ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੱਦੀਆਂ ਲਾ ਲਾ ਬਹਿੰਦੇ ਹਨ। ਆਪਣੀ ਪੂਜਾ ਕਰਾਉਂਦੇ ਤੇ ਚਰਨ ਧੁਆਉਂਦੇ ਹਨ। ਇਹ ਸਭ ਝੂਠੇ ਸੰਤ ਹਨ। ਸੱਚੇ ਸੰਤ ਗੁਰੂ ਕੇ ਸਿੱਖ ਹੀ ਹਨ, ਜੋ ਸ੍ਰੀ ਗੁਰੂ ਸਾਹਿਬ ਦੀਆਂ ਭੈ-ਭਾਵਨੀਆਂ ਅਤੇ ਅਦਬ ਸਤਿਕਾਰ ਸੱਚੇ ਹਿਰਦਿਓਂ ਕਮਾਉਂਦੇ ਹਨ। ਆਪਣੇ ਆਪ ਨੂੰ ਸੰਤ ਕਹਾ ਕੇ ਭੀ ਰਾਜ਼ੀ ਨਹੀਂ, ਅਧਮ ਸੇਵਕ ਬਣ ਕੇ ਹੀ ਸੁਪ੍ਰਸੰਨ ਰਹਿੰਦੇ ਹਨ।

(੮੩) **ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥**
**ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥**
**ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥**
**ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥੧॥੯੦॥**

*(ਸਿਰੀਰਾਗੁ ਮ: ੫, ਪੰਨਾ ੪੯)*

ਹੇ ਭਾਈਓ, ਸੰਤ ਜਨਹੁ, ਸਿਖੋ ! ਪ੍ਰਸਪਰ ਮਿਲ ਕੇ ਸੱਚਾ ਨਾਮ ਸੰਮਾਲੋ। ਜੀਅ ਕਾ ਇਹ ਤੋਸ਼ਾ ਬੰਧਹੁ, ਜੋ ਐਥੇ ਓਥੇ ਲੋਕ ਪਰਲੋਕ ਵਿਖੇ ਸਦਾ ਸੰਗ ਨਿਬਹੇ। ਇਹ ਸੱਚਾ ਨਾਮ ਰੂਪੀ ਤੋਸ਼ਾ ਐਥੇ ਓਥੇ ਸਾਥ ਨਿਭਣ ਵਾਲਾ ਹੇ ਗੁਰਸਿੱਖੋ, ਭਾਈਓ, ਸੰਤ ਜਨੋ ! ਗੁਰੂ ਪੂਰੇ ਤੇ ਪਾਈਦਾ ਹੈ ਅਤੇ ਗੁਰ ਪੂਰਾ ਨਦਰੀ ਨਦਰਿ ਨਿਹਾਲ ਹੋ ਕੇ ਆਪਣੇ ਸਿੱਖਾਂ ਸੰਤ ਜਨਾਂ ਭਾਈਆਂ ਨੂੰ ਇਹ ਤੋਸ਼ਾ ਬਖ਼ਸ਼ਦਾ ਹੈ ਸੱਚੇ ਨਾਮ ਦਾ, ਅਤੇ "ਜਿਨ ਕਉ ਨਦਰਿ ਕਰਮੁ ਤਿਨ ਕਾਰ"[੧] ਦੇ ਗੁਰ-ਭਾਵ ਅਨੁਸਾਰ ਜਿਸ ਨੂੰ ਦਇਆਲ ਆਪ ਦਇਆਲ ਹੁੰਦਾ ਹੈ, ਤਿਸੈ ਸੰਤ ਸਿਖ ਭਾਈ ਨੂੰ ਗੁਰਮਤਿ ਨਾਮ ਅਭਿਆਸ ਕਮਾਈ ਵਾਲਾ ਸੱਚਾ ਕਰਮੁ ਪ੍ਰਾਪਤ ਹੁੰਦਾ ਹੈ।

(੮੪) **ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਣਾਈ ॥੪॥੩੯॥੫੦॥**

*(ਰਾਮਕਲੀ ਮ: ੫, ਪੰਨਾ ੮੯੮)*

ਸਤਿਗੁਰੂ ਨਾਨਕ ਦੇ ਚਰਨ ਕਮਲ ਸਰਣਾਈ ਵਾਲੇ ਸਿੱਖਾਂ, ਸੰਤ ਜਨਾਂ ਨੂੰ ਸੱਚਾ ਸਾਹਿਬ ਆਪ ਸਹਾਈ ਹੁੰਦਾ ਹੈ।

---

੧. ਜਪੁਜੀ ਸਾਹਿਬ, ਪਉੜੀ ੩੮


www.sikhbookclub.com

(੯੫) ਸੰਤ ਜਨਾਂ ਹਰਿ ਧਨੁ ਜਸੁ ਪਿਆਰਾ॥ ਗੁਰਮਤਿ ਪਾਇਆ ਨਾਮੁ ਤੁਮਾਰਾ॥
ਜਾਚਿਕੁ ਸੇਵ ਕਰੇ ਦਰਿ ਹਰਿ ਕੈ ਹਰਿ ਦਰਗਹ ਜਸੁ ਗਾਇਆ॥੬॥
ਸਤਿਗੁਰੁ ਮਿਲੈ ਤ ਮਹਲਿ ਬੁਲਾਏ॥ ਸਾਚੀ ਦਰਗਹ ਗਤਿ ਪਤਿ ਪਾਏ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ॥੭॥੨੨॥

*(ਮਾਰੂ ਮ: ੧ ਸੋਲਹੇ, ਪੰਨਾ ੧੦੪੩)*

ਸੰਤ ਜਨਾਂ ਗੁਰਸਿੱਖਾਂ ਨੂੰ ਹਰਿ ਜਸੁ ਰੂਪੀ ਹਰਿ ਧਨੁ ਹੀ ਪਿਆਰਾ ਹੈ। ਹੇ ਵਾਹਿਗੁਰੂ! ਤਿਨ੍ਹਾਂ ਸਿਖ ਸੰਤ ਜਨਾਂ ਨੇ ਤੁਮਾਰਾ ਗੁਰਮਤਿ ਨਾਮੁ ਗੁਰੂ ਦੁਆਰਿਓਂ ਪਾਇਆ ਹੈ। ਗੁਰੂ ਦੁਆਰਿਓਂ ਨਾਮ ਪਾਵਨਹਾਰੇ ਨਾਮ ਜਪ ਕੇ, ਸੰਤ ਸਰੂਪ ਹੋ ਕੇ ਭੀ ਸਿਖ ਹੀ ਬਣੇ ਰਹਿੰਦੇ ਹਨ ਅਤੇ ਜਾਚਕ ਜਨ ਸੇਵਕ ਜਨ ਬਣ ਕੇ ਤੇਰੇ ਦਰ ਖੜੇ ਅਭਿਆਸ ਕਮਾਈ ਰੂਪੀ ਸੇਵਾ ਕਰਨ ਵਿਚ ਸਦਾ ਤਤਪਰ ਰਹਿੰਦੇ ਹਨ ਅਤੇ ਤੇਰੀ ਦਰਗਾਹ ਵਿਚ ਜਸ ਪਾਉਂਦੇ ਹਨ। ਤੇਰੀ ਦਰਗਾਹੇ ਪੁਜ ਕੇ, ਪੁੱਗ ਕੇ ਭੀ ਤੇਰਾ ਹੀ ਜਸ ਗਾਉਂਦੇ ਹਨ। ਗੁਰਸਿੱਖਾਂ ਸੰਤਾਂ ਨੂੰ ਆਪ ਸਤਿਗੁਰੂ ਮਹਲਿ ਬੁਲਾਏ ਲੈਂਦਾ ਹੈ। ਇਸ ਬਿਧਿ ਮਹਲਿ ਬੁਲਾਇਅੜੇ ਸਿੱਖਾਂ ਸੰਤਾਂ ਨੂੰ ਸੱਚੀ ਦਰਗਾਹੇ ਸੱਚੀ ਮੱਤਿ ਅਤੇ ਸੱਚੀ ਪੱਤਿ ਪ੍ਰਾਪਤ ਹੁੰਦੀ ਹੈ। ਸਤਿਗੁਰੂ ਤੋਂ ਆਕੀ ਸਾਕਤਾਂ, ਅਸੰਤ ਅਨਾੜੀਆਂ, ਆਪੋਂ ਗੁਰੂ ਬਣ ਬੈਠੇ ਮਨਮੁਖਾਂ ਨੂੰ ਹਰਿ-ਮੰਦਰ ਦੇ ਨੇੜੇ ਢੁਕਣਾ ਨਹੀਂ ਮਿਲਦਾ। ਓਹ ਚੁਰਾਸੀ ਦੇ ਗੇੜ ਵਿਚ ਪੈ ਕੇ ਧੱਕੇ ਧੂਸੇ ਖਾਂਦੇ ਰਹਿੰਦੇ ਹਨ ਅਤੇ ਜੰਮਿ ਜੰਮਿ ਮਰਦੇ ਅਤੇ ਮਰਿ ਮਰਿ ਫੇਰ ਜੰਮਦੇ ਰਹਿੰਦੇ ਹਨ। ਇਸ ਬਿਧਿ ਜੰਮਣ ਮਰਨ ਦਾ ਦੁਖ ਸਹਿੰਦੇ ਹਨ।

(੯੬) ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ॥੩॥੨॥

*(ਸੂਹੀ ਮ: ੪, ਪੰਨਾ ੭੭੪)*

ਤੀਜੜੀ ਲਾਵ ਗੁਰਮਤਿ ਅਨੰਦ ਬਿਵਾਹ ਦੀ ਦਸਦੀ ਹੈ ਕਿ ਜਿਨ੍ਹਾਂ ਜਗਿਆਸੂ ਜਨ ਬੈਰਾਗੀਆਂ ਨੂੰ ਵਾਹਿਗੁਰੂ ਮਿਲਣ ਦਾ ਰਿਦੰਤਰਿ ਸੱਚਾ ਚਾਉ ਉਪਜਦਾ ਹੈ ਤਿਨ੍ਹਾਂ ਨੂੰ ਵਾਹਿਗੁਰੂ, ਗੁਰੂ ਘਰ ਦੇ ਸੰਤ ਜਨਾਂ ਸਿੱਖਾਂ ਸਾਧੂਆਂ ਸੰਗ ਮਿਲਾਇ ਦਿੰਦਾ ਹੈ। ਤਿਨ੍ਹਾਂ ਸਿੱਖਾਂ ਸੰਤਾਂ ਜਨਾਂ ਨੂੰ ਮਿਲ ਕੇ ਵਡਭਾਗੀ ਜਗਿਆਸੂ ਜਨ ਵਾਹਿਗੁਰੂ ਰੂਪੀ ਸੱਚੇ ਵਰ ਨੂੰ ਪਾਉਂਦੇ ਹਨ। ਤਾਂ ਤੇ 'ਸੰਤ ਜਨਾਂ' ਦਾ ਭਾਵ ਏਥੇ ਭੀ ਸਿਖ ਜਨਾਂ ਤੋਂ ਹੈ।

(੯੭) ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ॥੨॥੮॥

*(ਸੂਹੀ ਮ: ੫ ਛੰਤ, ਪੰਨਾ ੭੮੨)*

ਪੰਚ ਪਰਵਾਨ ਗੁਰਸਿੱਖਾ ਸੰਤਾਂ ਜਨਾਂ ਗੁਰੂ ਪਿਆਰਿਆਂ ਦੇ ਪੁੰਜ ਨੇ ਗੁਰੂ ਸਾਹਿਬ ਦੀ ਤਾਬਿਆ ਗੁਰਮੰਤ੍ਰ ਗੁਰਮਤਿ ਨਾਮ ਜਿਸ ਜਗਿਆਸੂ ਜਨ ਨੂੰ ਦ੍ਰਿੜ੍ਹਾਇਆ ਅਤੇ ਜਿਨ੍ਹਾਂ ਜਗਿਆਸੂ ਜਨਾਂ ਨੇ ਇਸ ਅੰਮ੍ਰਿਤ ਦਾਤਿ ਲਈ ਆਪਣਾ ਸੀਸ ਸਰਬੰਸ ਵਾਰ ਕੇ ਪੰਜਾਂ ਪਿਆਰਿਆਂ ਦੇ ਸਨਮੁਖ ਸਤਿਗੁਰੂ ਦੇ ਅਗੇ ਰਖ ਦਿਤਾ ਹੈ, ਤਿਨ੍ਹਾਂ ਮਰਜੀਵੜਿਆਂ ਨੂੰ ਸਤਿਗੁਰੂ ਨੇ ਵਾਹਿਗੁਰੂ ਰੂਪੀ ਸਾਜਨ ਵਸਗਤਿ ਕਰਿ ਦੀਨਾ ਹੈ।

 www.sikhbookclub.com

ਤਿਨ੍ਹਾਂ ਵਾਹਿਗੁਰੂ ਵਸਗਤਿ ਕੀਨੇ ਸੰਤ ਜਨਾਂ ਨੂੰ ਵਾਹਿਗੁਰੂ ਰੂਪੀ ਸੱਚੇ ਠਾਕੁਰ ਨੇ ਸਭ ਕੁਛ ਸਰਬੰਸ ਅਰਪ ਦਿਤਾ ਹੈ। ਸਰਬੰਸ ਅਰਪਨੀ ਦਾਤਿ ਬਖ਼ਸ਼ ਦਿਤੀ ਹੈ।

(੮੮) **ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ ॥**
**ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥੨॥੩॥**

*(ਭੈਰਉ ਮ: ੩, ਪੰਨਾ ੧੧੫੫)*

ਗੁਰਮਤਿ ਨਾਮ ਅਭਿਆਸੀ ਗੁਰੂ ਘਰ ਦੇ ਸਿਖ ਸੰਤ ਜਨਾਂ ਨੂੰ ਜਮ ਜੋਹ ਨਹੀਂ ਸਕਦਾ। ਰਤੀ ਅੰਚ ਮਾਤਰ ਓਹਨਾਂ ਨੂੰ ਜਮ ਦਾ ਦੁਖ ਪੋਹ ਨਹੀਂ ਸਕਦਾ। ਜਮ ਦੁਖ ਹੀ ਨਹੀਂ ਦੇ ਸਕਦਾ ਓਹਨਾਂ ਨੂੰ। ਓਹ ਆਪ ਤਰ ਜਾਂਦੇ ਹਨ ਭਵ ਸਾਗਰ ਤੋਂ, ਅਤੇ ਆਪਣੀਆਂ ਸਗਲੀਆਂ ਕੁਲਾਂ ਨੂੰ ਤਾਰ ਲੈਂਦੇ ਹਨ। ਜੋ ਸਦਾ ਗੁਰੂ ਵਾਹਿਗੁਰੂ ਦੇ ਘਰ ਦੇ ਲਾਲੇ ਗੋਲੇ ਸਰਣਾਗਤੀ ਸਿਖ ਸੇਵਕ ਬਣੇ ਰਹਿੰਦੇ ਹਨ, ਸੰਤ ਪਦ ਪ੍ਰਾਪਤ ਕਰ ਕੇ ਭੀ ਆਪਣੇ ਆਪ ਨੂੰ ਸੰਤ ਨਹੀਂ ਕਹਾਉਂਦੇ।

(੮੯) **ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥**
**ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥੩॥੬॥**

*(ਸਾਰੰਗ ਮ: ੫, ਪੰਨਾ ੧੨੦੦)*

ਹੇ ਬਉਰੇ! ਗੁਰੂ ਘਰ ਦੇ ਸਿੱਖਾਂ ਸੰਤਾ ਦੇ ਸੰਗ ਵਿਚ ਮਿਲ ਅਤੇ ਮਿਲ ਕੇ ਮਿਲਿਆ ਹੀ ਰਹੁ। ਤਉ ਮੋਖ ਦੁਆਰਾ ਮਿਲ ਸਕੇਗਾ। ਸਤਸੰਗ ਬਿਨਾਂ, ਸੱਚੇ ਗੁਰਸਿੱਖਾਂ ਸੰਤਾ ਦੀ ਸੰਗਤਿ ਕੀਤੇ ਬਿਨਾਂ ਸੱਚਾ ਆਤਮ-ਸੁਖ ਕਿਸੇ ਨੂੰ ਭੀ ਪ੍ਰਾਪਤ ਨਹੀਂ ਹੋਇਆ। ਬਿਚਾਰੇ ਬੇਦਾਂ ਨੂੰ ਬੀਚਾਰਨ ਵਾਲੇ ਭੀ ਸਭ ਸੱਖਣੇ ਰਹਿ ਗਏ ਹਨ ਇਸ ਸੱਚੇ ਸੁਖ ਖੁਣੋਂ। ਨਿਸੰਗ ਓਹਨਾਂ ਨੂੰ ਜਾ ਕੇ ਪੁਛ ਲਵੋ ਅਤੇ ਦੇਖ ਲਵੋ, ਸੱਖਣੇ ਦੇ ਸੱਖਣੇ ਹੀ ਬੈਠੇ ਹਨ।

(੯੦) **ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥**
**ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥੧॥**
**ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥**
**ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ**
**ਸਬਦੇ ਮੇਲਿ ਮਿਲਾਇਆ ॥੧॥ਰਹਾਉ॥...**
**ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥੩॥...**
**ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥੪॥੨੧॥**

*(ਭੈਰਉ ਮ: ੩, ਪੰਨਾ ੧੧੩੩)*

ਸੰਤ ਜਨਾਂ ਦਾ ਭਾਵ ਐਥੇ ਨਾਮ ਜਪਣਹਾਰੇ ਪ੍ਰਹਿਲਾਦ ਅਤੇ ਪ੍ਰਹਿਲਾਦ ਦੇ ਸਾਥੀ ਜਨਾਂ ਤੋਂ ਹੈ। ਪ੍ਰਥਾਇ ਘਟਾਇ ਕੈ ਸੰਤ ਅਰਥ ਸਰਬੱਤਰ ਨਾਮ ਅਭਿਆਸੀ ਸੰਤ ਜਨ ਜਗਿਆਸੀਆਂ ਪ੍ਰਤੀ ਸਾਂਝਾ ਹੈ। ਜੋ ਜੋ ਭੀ ਸੰਤ ਜਨ ਨਾਮ ਦੇ ਜਪਣਹਾਰੇ ਹਨ, ਤਿਨ੍ਹਾਂ ਦੀ ਜੁਗ ਜੁਗ ਆਪ ਕਰਤਾ ਪੁਰਖ ਪੈਜ ਰਖਦਾ ਆਇਆ ਹੈ, ਅਗਾਹਾਂ ਨੂੰ ਰਖਦਾ ਰਹੇਗਾ। ਪਰ ਸੰਤ ਜਨ ਗੱਦੀ ਤਕੀਏ ਲਾ ਕੇ ਨਹੀਂ ਬਣੀਦਾ, ਨਾ ਹੀ

ਗੁਰੂ ਸਤਿਗੁਰੂ ਦੀ ਰੀਸ ਕੀਤਿਆਂ ਬਣ ਸਕੀਦਾ ਹੈ। ਪ੍ਰਹਿਲਾਦ ਦੀ ਨਿਆਈਂ ਆਪਾ ਹੋਮ ਕੇ ਅਤੇ ਨਿਰਭਉ ਨਾਮ ਜਪ ਕੇ, ਗੁਰੂ ਕਰਤਾਰ ਪ੍ਰਾਇਣ ਹੀ ਹੋਇ ਰਹਿਣ ਕਰਕੇ, ਸਾਸ ਗਿਰਾਸੀ ਨਾਮ ਨਾਮੀ ਅਭੇਦਤਾ ਵਾਲਾ ਭਰੋਸਾ ਰਗ ਰਗ ਵਿਚ ਸੰਚਰਾਇ ਕੇ ਸੰਤਤਾਈ ਸਿੱਖੀ ਦਾ ਮੁਸ਼ਕ ਆਉਂਦਾ ਹੈ। ਭੇਖੀ ਸੰਤ ਬਣਿਆਂ ਕੁਛ ਨਹੀਂ ਸਉਰਦਾ, ਸਗੋਂ ਅੱਗਾ ਹੀ ਬਿਗੜਦਾ ਹੈ।

(੯੧) **ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥**
**ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥**
**ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥**
**ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥**

*(ਭੈਰਉ ਮ: ੩, ਪੰਨਾ ੧੧੩੩)*

ਏਥੇ ਨਾਮ ਨਿਸਤਾਰਿਆਂ ਨੂੰ ਸੰਤ ਜਨਾਂ ਦਾ ਖ਼ਿਤਾਬ ਸਤਿਗੁਰੂ ਨੇ ਦਿਤਾ ਹੈ। ਜਿਨ੍ਹਾਂ 'ਗੁਰੂ ਕੈ ਸਬਦਿ' ਹਉਮੈ ਬਿਖ ਮਾਰੀ ਹੈ ਅਤੇ 'ਗੁਰ ਕੈ ਸਬਦਿ' ਗੁਰਮਤਿ ਨਾਮ ਨਾਲ ਲਿਵ ਲਾਈ ਹੈ, ਤਿਨ੍ਹਾਂ ਸੰਤ ਜਨਾਂ ਦੇ ਕਾਰਜ ਵਾਹਿਗੁਰੂ ਨੇ ਆਪ ਸਵਾਰੇ ਹਨ। ਪ੍ਰਹਿਲਾਦ ਸਾਰਖੇ ਸੰਤਾਂ ਭਗਤਾਂ ਦੇ ਇਕੀਹ ਕੁਲ ਉਧਾਰੇ ਹਨ। ਇਸ ਵਿਚ ਰੰਚਕ ਸੰਦੇਹ ਨਹੀਂ।

(੯੨) **ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥**
**ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥੪॥**

*(ਭੈਰਉ ਮ: ੧, ਪੰਨਾ ੧੧੨੬)*

ਜਿਹੜੇ ਸਾਕਤ ਪੁਰਸ਼ ਨਾਮ ਜਪਣਹਾਰੇ ਸੰਤ ਜਨਾਂ ਦੀ ਨਿੰਦਾ ਕਰਨ ਵਿਚ ਖਪਤ ਰਹਿੰਦੇ ਹਨ, ਓਹਨਾਂ ਪਸ਼ੂਆਂ ਖਲ ਮੂਰਖਾਂ ਦਾ ਕਦੇ ਭਲਾ ਨਹੀਂ ਹੋਣਾ। ਤਿਨ੍ਹਾਂ ਨੂੰ ਨਾਮ ਜਪਣਹਾਰੇ ਸੰਤਾਂ ਗੁਰਮੁਖਿ ਸਿੱਖਾਂ ਦੀ ਸਾਰ ਨਹੀਂ। ਓਹਨਾਂ ਦੀ ਜਿਹਬਾ ਹਰਿ ਰੰਗ ਦੇ ਸੁਆਦ ਤੋਂ, ਨਾਮ ਰੰਗ ਤੋਂ ਸੱਖਣੀ ਹੁੰਦੀ ਹੈ। ਇਸ ਕਰਕੇ ਉਹ ਜਦ ਬੋਲਦੀ ਹੈ ਤਾਂ ਫਿੱਕੇ ਬਚਨ ਹੀ ਬੋਲਦੀ ਹੈ, ਨਾਮ ਜਪਣਹਾਰਿਆਂ ਸੰਤਾਂ ਗੁਰਮੁਖਿ ਸਿੱਖਾਂ ਦੀ ਨਿੰਦਾ ਹੀ ਕਰਦੀ ਰਹਿੰਦੀ ਹੈ।

(੯੩) **ਸਾਧੂ ਧਿਆਇਨਿ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥੭॥**

*(ਬਸੰਤੁ ਮ: ੩, ਪੰਨਾ ੧੧੭੪)*

ਜਿਹੜੇ ਅਭਿਆਸੀ ਸਿਖ ਸੱਚੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਹਜ਼ੂਰ ਵੇਖ ਕੇ ਧਿਆਉਂਦੇ ਹਨ, ਤਿਨ੍ਹਾਂ ਸੰਤ ਜਨਾਂ ਗੁਰਸਿੱਖਾਂ ਦੀ ਪਗ-ਪੰਕਜ ਧੂਰ ਬਾਛਣੀ ਲੋੜੀਏ।

(੯੪) **ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥**
**ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ ਦੀਆ ਬੁਝਾਇ ॥੧॥੮॥**

*(ਬਸੰਤੁ ਮ: ੩, ਪੰਨਾ ੧੧੭੪)*

ਭਗਤ ਜਨ ਵਾਹਿਗੁਰੂ ਨੂੰ ਹਜ਼ੂਰ ਦੇਖ ਕੇ ਨਾਮ ਅਭਿਆਸ ਭਗਤੀ ਕਰਦੇ

ਹਨ। ਤਿਨ੍ਹਾਂ ਸੰਤ ਜਨਾਂ (ਗੁਰਸਿੱਖਾਂ) ਦੀ ਪਗ-ਪੰਕਜ ਧੂਰੀ ਬਾਛਣੀ ਉਚਿਤ ਹੈ। ਓਹ ਨਾਮ-ਰਸੀਅੜੇ-ਸੇਵਕ ਸਿਖ ਸੰਤ ਜਨ ਸਦਾ ਹੀ ਹਰਿ ਸੇਤੀ ਲਿਵ ਲਾਈ ਰਖਦੇ ਹਨ। ਵਾਹਿਗੁਰੂ ਦਾ ਸਨਮੁਖ ਦੀਦਾਰ ਕਰਦੇ ਹਨ। ਵਾਹਿਗੁਰੂ ਨੇ ਹੀ ਤਿਨ੍ਹਾਂ ਸੰਤ ਜਨਾਂ ਭਾਈਆਂ ਨੂੰ ਵਾਹਿਗੁਰੂ ਬੁਝਾਇ ਦਿਤਾ ਹੈ।

(੯੫) **ਹਰਿ ਕੇ ਸੰਤ ਮਿਲਹਿ ਮਨਿ ਪ੍ਰੀਤਮ ਕਟਿ ਦੇਵਉ ਹੀਅਰਾ ਤੋਨ॥**
**ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ॥੨॥੨॥**

*(ਕਾਨੜਾ ਮ: ੪, ਪੰਨਾ ੧੨੯੪-੯੫)*

ਨਾਮ ਦੇ ਜਪਣਹਾਰੇ ਹਰਿ ਕੇ ਸੰਤ ਜਨਾਂ ਦਾ ਮਿਲਾਪ ਵਾਹਿਗੁਰੂ ਪ੍ਰੀਤਮ ਦਾ ਮਿਲਾਪ ਕਰਾਇ ਦਿੰਦਾ ਹੈ। ਅਜਿਹੇ ਵਾਹਿਗੁਰੂ-ਪ੍ਰੀਤਮ ਮਿਲੇ ਸੰਤ ਜਨਾਂ ਗੁਰਮੁਖਾਂ ਵਿਟਹੁ ਹੀਅੜਾ ਕਾਟ ਕਾਟ ਕੇ ਭੀ ਜੇ ਅਰਪਨ ਕਰ ਦਿਤਾ ਜਾਵੇ ਤਾਂ ਭੀ ਥੋੜਾ ਹੈ। ਹਰਿ ਕੇ ਗੁਰਮੁਖਿ ਸੰਤ ਮਿਲਿਆਂ 'ਤੇ ਵਾਹਿਗੁਰੂ ਹੀ ਆ ਮਿਲਦਾ ਹੈ ਅਤੇ ਪਤਿਤੋਂ ਪਾਵਨ ਪਵਿੱਤਰ ਹੋ ਜਾਈਦਾ ਹੈ। ਐਸੀ ਮਹਿਮਾ ਹੈ ਗੁਰੂ ਘਰ ਦੇ ਸੰਤਾਂ ਸਿੱਖਾਂ ਭਗਤਾਂ ਦੀ।

(੯੬) **ਜਪਿ ਮਨ ਰਾਮ ਨਾਮ ਪਰਗਾਸ॥**
**ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ॥੧॥ਰਹਾਉ॥੩॥**

*(ਕਾਨੜਾ ਮ: ੪, ਪੰਨਾ ੧੨੯੫)*

ਗੁਰਮਤਿ ਨਾਮ-ਪ੍ਰਗਾਸੀਆਂ, ਸੁਆਸ ਗਿਰਾਸ ਅਭਿਆਸੀਆਂ ਸੰਤ ਜਨਾਂ ਗੁਰਮੁਖਾਂ ਸਿੱਖਾਂ ਨੂੰ ਮਿਲ ਕੇ ਹੀ ਵਾਹਿਗੁਰੂ ਮਿਲਣ ਦੀ ਪ੍ਰੀਤ ਲਗਦੀ ਹੈ। ਐਸੀ ਪ੍ਰੀਤ ਲਗਦੀ ਹੈ ਕਿ ਘਰ ਵਿਚ ਗ੍ਰਿਹਸਤ ਵਿਚ ਰਹਿ ਕੇ ਹੀ ਵੈਰਾਗੀ ਅਨੁਰਾਗੀ ਸੰਤ ਫ਼ਕੀਰ ਬਣੇ ਰਹੀਦਾ ਹੈ। ਅਕਸਰ ਗ੍ਰਿਹਸਤ-ਤਿਆਗੀਆਂ ਨੂੰ ਹੀ ਸੰਤ ਫ਼ਕੀਰ ਲੋਕੀਂ ਮੰਨਦੀ ਹੈ। ਇਸ ਲੋਕ-ਮਨੌਤ ਲਈ ਅੱਜ-ਕੱਲ੍ਹ ਗੁਰੂ ਘਰ ਵਿਖੇ ਅਜਿਹੇ ਅਖੌਤੀ ਸੰਤ ਬਥੇਰੇ ਗ੍ਰਿਹਸਤ ਤਿਆਗੀ ਫਿਰਦੇ ਹਨ। 'ਸੰਤ' ਪਦ ਭੀ ਲੋਕੀਂ ਓਹਨਾਂ ਬਗਲ-ਸਮਾਧਿ ਗ੍ਰਿਹਸਤ-ਤਿਆਗੀਆਂ ਨੂੰ ਹੀ ਦਿੰਦੀ ਹੈ। ਮਾਇਆ ਅੰਦਰ ਗ੍ਰਿਹਸਤ ਵਿਚ ਰਹਿ ਕੇ, ਅਲੇਪ ਰਹਿਣ ਵਾਲੇ ਗੁਰਮੁਖਿ ਜੋਗੀ ਜਾਗਦਿਆਂ ਨੂੰ ਸੰਤ ਕੋਈ ਨਹੀਂ ਕਹਿੰਦਾ। ਇਹੋ ਤਾਂ ਗੁਰਮੁਖਿ ਗ੍ਰਿਹਸਤ ਜੋਗ ਦੀ ਸੱਚੀ ਵਡਿਆਈ ਹੈ ਕਿ ਗੁਰੂ ਘਰ ਦੇ ਗ੍ਰਿਹਸਤ ਉਦਾਸ ਸਿੱਖਾਂ ਨੂੰ ਅਣਹੋਈ ਲੌਕਿਕ ਵਡਿਆਈ ਦੀ ਚਮੇੜ ਨਹੀਂ ਚਿਮੜਦੀ। ਓਹ ਸਦਾ ਹੀ ਸਿੱਖੀ ਭਾਵ ਵਿਚ ਨਿਰਮਾਣ ਸਿਖ ਹੀ ਬਣੇ ਰਹਿੰਦੇ ਹਨ। ਗ੍ਰਿਹਸਤੀ ਨੂੰ ਨਾ ਕੋਈ ਸੰਤ ਕਹਿੰਦਾ ਹੈ, ਨਾ ਓਹਨਾਂ ਨੂੰ ਸੰਤ ਬਣਨ ਦੀ ਫਿਟਕ ਚਿਮੜਦੀ ਹੈ। ਅੰਤਰ-ਗਤੀ ਭਾਵੇਂ ਓਹ ਸਹਜ ਜੋਤਿ ਪ੍ਰਗਾਸੀ ਪਦ ਨੂੰ ਹੀ ਮਾਣਦੇ ਹੋਣ, ਪਰ ਓਹਨਾਂ ਨੂੰ ਪਛਾਣਦਾ ਕੋਈ ਹੈ। ਅੰਧੀ ਲੁਕਾਈ ਨੂੰ ਤਾਂ ਭੇਖਾਂ ਦੀ ਹੀ ਪਛਾਣ ਹੈ। ਭੇਖ ਉਤੇ ਹੀ ਰੀਝਣ ਦੀ ਬਾਣ ਓਹਨਾਂ ਨੂੰ ਪਈ ਹੋਈ ਹੈ। ਰੀਝਾਵਣ ਵਾਲੇ ਭੇਖ ਬਣਾ ਲੈਂਦੇ ਹਨ ਅਤੇ ਪਏ ਪਚਿ ਪਚਿ ਮਰਦੇ ਹਨ।

ਗੁਰੂ ਦੇ ਸਿੱਖਾਂ ਦਾ ਬਾਣਾ ਹੀ ਓਹਨਾਂ ਨੂੰ ਸੰਤਤਾਈ ਦੀ ਮਨੌਤ ਵਿਚ ਨਹੀਂ ਆਉਣ ਦਿੰਦਾ। ਓਹ ਭੇਖ-ਮਨੌਤੀ ਸੰਤ ਨਹੀਂ। ਵਾਸਤਵ ਵਿਚ ਸੱਚੇ ਸੰਤ ਬ੍ਰਿਤੀਸ਼ਰੀ,

ਸੰਤ ਸੁਰਤੀਸ਼ਰੀ ਸਿਖ ਹਨ, ਆਪਣੇ ਆਪ ਨੂੰ ਭਾਈ ਕਹਾ ਕੇ ਹੀ ਰਾਜ਼ੀ ਹਨ। ਜੇ ਕੋਈ ਸੰਤ ਓਹਨਾਂ ਨੂੰ ਕਹਿ ਭੀ ਦੇਵੇ ਤਾਂ ਓਹਨਾਂ ਨੂੰ ਪੋਂਹਦਾ ਨਹੀਂ, ਪਏ ਕਹੀ ਜਾਣ। ਅੰਤਰ ਆਤਮਾ ਊਹਨਾਂ ਦਾ ਇਸ ਮੰਨ ਮਨੌਤ ਤੋਂ ਪਾਕ ਹੁੰਦਾ ਹੈ। ਓਹ ਸਗੋਂ ਸਗਰੇ ਨਾਮ-ਅਭਿਆਸੀ ਸਿੱਖਾਂ ਨੂੰ ਸੰਤ ਸਰੂਪ ਜਾਣਦੇ ਹਨ ਅਤੇ ਆਪਣੇ ਆਪ ਨੂੰ ਓਹਨਾਂ ਦਾ ਅਧਮ ਸੇਵਕ ਕਰਕੇ ਹੀ ਮੰਨਦੇ ਹਨ। ਓਹਨਾਂ ਨੂੰ ਸਿੱਖੀ ਵਿਚ ਹੀ ਸੁਆਦ ਹੈ। ਸੰਤਤਾਈ ਤੋਂ ਓਹਨਾਂ ਕੀ ਲੈਣਾ ਹੈ ? ਨਿਰੀ ਲੋਕ-ਵਡਿਆਈ। ਤਿਸ ਦੇ ਓਹ ਗਾਹਕ ਹੀ ਨਹੀਂ। ਆਪਣੇ ਪੂਜਯ ਪ੍ਰੀਤਮ ਸਰਬੱਗ ਵਾਹਿਗੁਰੂ ਨੂੰ ਵਡਿਆਉਣ, ਸਲਾਹੁਣ, ਸਿਫ਼ਤਾਉਣ ਵਾਲੇ ਕਦੇ ਆਪਣੀਆਂ ਨਿਜ ਅਲਪੱਗ ਵਡਿਆਈਆਂ ਨੂੰ ਲੋਚਣ ਸੋਚਣਹਾਰੇ ਬਣ ਸਕਦੇ ਹਨ ? ਗੁਰੂ ਵਾਹਿਗੁਰੂ ਨੂੰ ਭਾਵੇਂ ਆਪਣੇ ਸੇਵਕਾਂ ਸਿੱਖਾਂ ਦੀ ਵਡਿਆਈ ਭਾਂਵਦੀ ਹੋਵੇ, ਪਰ ਸਿੱਖਾਂ ਨੂੰ ਤਾਂ ਵਾਹਿਗੁਰੂ ਦੀ ਹੀ ਵਡਿਆਈ ਭਾਵੰਦੀ ਹੈ। ਇਹ ਵਾਹਿਗੁਰੂ-ਵਡਿਆਈ ਚਾਹੇ ਵਾਹਿਗੁਰੂ ਨੂੰ ਵਡਿਆਉਣਹਾਰਿਆਂ ਦਾ ਭੀ ਸੁਤੇ ਜੈਕਾਰ ਕਰਾਵੰਦੀ ਹੈ, ਪਰ ਇਸ ਨੂੰ ਮਾਣਦੇ ਨਹੀਂ। ਇਸ ਦੇ ਫੋਕਟ ਸੁਆਦ ਵਿਚ ਲੰਪਟ ਨਹੀਂ ਹੁੰਦੇ। ਨਾਮ-ਸੁਆਦ-ਅਹਿਲਾਦੀਆਂ ਨੂੰ ਕਦੇ ਹੋਛੇ ਸੁਆਦ ਭਾਉਂਦੇ ਹਨ ? ਓਹ ਤਾਂ ਸਦਾ ਏਹਨਾਂ ਸੁਆਦਾਂ ਥੀਂ ਉਪਰਾਮ ਅਤੇ ਉਦਾਸ ਹੀ ਰਹਿੰਦੇ ਹਨ। ਪਰ ਵਾਸਤਵ ਵਿਚ ਇਹ ਗ੍ਰਿਹਸਤ-ਉਦਾਸ ਗੁਰਮੁਖਿ ਸਿਖ ਹੀ ਸੱਚੇ ਜੋਗ-ਬੈਰਾਗੀ, ਪ੍ਰੀਤਮ ਪ੍ਰੇਮ ਅਨੁਰਾਗੀ ਸੰਤ ਹਨ।

(੯੭) ਮੇਰੈ ਮਨਿ ਰਾਮ ਨਾਮੁ ਜਪਿਓ ਗੁਰਵਾਕ ॥
ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ
ਦੁਰਮਤਿ ਦੂਜਾ ਭਾਉ ਗਇਓ ਸਭ ਝਾਕ ॥੧॥ਰਹਾਉ॥
ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ ॥
ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ ॥੧॥
ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ ॥
ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ ॥੨॥
ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ ॥
ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ ॥੩॥
ਤੁਮਰੇ ਜਨ ਤੁਮ੍ ਹੀ ਪ੍ਰਭ ਕੀਏ ਹਰਿ ਰਾਖਿ ਲੇਹੁ ਆਪਨ ਅਪਨਾਕ ॥
ਜਨ ਨਾਨਕ ਕੇ ਸਖਾ ਹਰਿ ਭਾਈ ਮਾਤ ਪਿਤਾ ਬੰਧਪ ਹਰਿ ਸਾਕ ॥੪॥੪॥

*(ਕਾਨੜਾ ਮ: ੪, ਪੰਨਾ ੧੨੯੫)*

ਜਿਨ੍ਹਾਂ ਨੇ ਮਨ ਬਚਨ ਕਰਮ ਕਰਕੇ ਗੁਰਵਾਕ ਵਾਕੀਏ ਨਾਮ, ਅਰਥਾਤ, ਗੁਰਮਤਿ ਨਾਮ ਨੂੰ ਜਪਿਆ ਹੈ, ਓਹਨਾਂ ਉਪਰ ਜਗਦੀਸ਼ਰ ਹਰੀ ਪਰਮਾਤਮਾ ਦੀ ਖ਼ਾਸ ਕਿਰਪਾ ਹੋਈ ਹੈ। ਓਹਨਾ ਦਾ ਦੁਰਮਤਿ ਦੂਜਾ ਭਾਉ ਸਭ ਝਾਕਿਆ ਗਿਆ ਹੈ। ਨਾਮ ਰੂਪ ਰੰਗਾਂ ਵਾਲਾ ਰਮਤ ਰਾਮ, ਜੋ ਘਟ ਘਟ ਵਿਖੇ ਗੁਪਤ ਗੁੱਝਾ ਹੋ ਕੇ ਰਵਿ ਰਹਿਆ ਹੈ, ਓਹ ਹਰਿ ਕੇ ਸੰਤਾਂ, ਗੁਰਮੁਖਿ ਨਾਮ-ਰੱਤੜੇ ਸਿੱਖਾਂ ਦੇ ਮਿਲਾਪ ਕਰਕੇ ਜਗਿਆਸੂ ਜਨਾਂ ਦੇ ਘਟਾਂ ਵਿਚੋਂ ਹੀ ਪਰਗਟ ਹੋ ਕੇ ਜ਼ਹੂਰ ਪਜ਼ੀਰ ਹੋ ਜਾਂਦਾ ਹੈ। ਓਹਨਾਂ ਦੇ ਬਿਖਿਆ-ਬੰਧਨੀ ਜੜੇ ਹੋਏ ਤਾਕ, ਕਪਟ ਕਪਾਟ ਉਘੜ ਜਾਂਦੇ ਹਨ। ਐਸਾ ਪਰਤਾਪ

ਹੈ ਗੁਰੂ ਘਰ ਦੇ ਗੁਰਮੁਖਿ ਸੰਤ ਜਨਾਂ ਦਾ।

ਪੰਜ ਪਰਵਾਨ ਗੁਰਮੁਖਿ ਜਨਾਂ ਗੁਰੂ ਕੇ ਸੰਤ ਜਨਾਂ ਦੀ ਬਹੁਤ, ਬਹੁ, ਬਾਹਲੀ ਸੋਭਾ ਮਹਿਮਾ ਹੈ, ਜਿਨ੍ਹਾਂ ਨੇ ਰਸਾਇਣ ਰਸਨਾ ਦੀ ਗੁਰਮੰਤ੍ਰ ਅਭਿਆਸਨੀ ਪਾਰਸ ਰਸਕ ਜੋਤਿ ਕਲਾ ਦਾ ਛੋਹੂ ਛੋਹ ਕੇ ਅੰਤਰੋਂ ਹੀ ਜੋਤੀ ਸਰੂਪ ਵਾਹਿਗੁਰੂ ਨੂੰ ਪ੍ਰਗਟਾਇ ਕੈ ਰਵਿਆ ਰਵਾਇਆ ਹੈ। ਤਾਂ ਤੇ ਐਸੇ ਜੋਤਿ ਵਿਗਾਸੀਏ ਪੰਜ ਪਰਵਾਨ ਗੁਰਮੁਖਿ ਸੰਤਾਂ ਦੇ ਪੁੰਜ ਦੇ ਮਿਲਾਪ ਦੇ ਪਰਤਾਪ ਕਰਿ ਵਾਹਿਗੁਰੂ ਆਪ ਆ ਮਿਲਦਾ ਹੈ, ਜਿਵੇਂ ਬਛਰੇ ਨੂੰ ਦੇਖ ਕੇ ਗਊ ਆਪੇ ਬਛਰੇ ਨੂੰ ਧਾ ਕੇ ਆਪ ਮਿਲਦੀ ਹੈ। ਹਰਿ ਕੇ ਸੰਤ ਜਨਾਂ ਵਿਚ ਹਰੀ ਪਰਮਾਤਮਾ ਆਪ ਵਸਦਾ ਹੈ। ਤੇ ਜਨ ਅਤੀ ਉਤਮ ਪੁਰਖ ਹਨ, ਕਿਉਂਕਿ ਓਹ ਆਪ ਭੀ ਜੋਤੀ ਸਰੂਪ ਵਾਹਿਗੁਰੂ ਨੂੰ ਪਰਤੱਖ ਜਾਣਨਹਾਰੇ ਅਤੇ ਲਖਣਹਾਰੇ ਹਨ ਅਤੇ ਹੋਰਨਾਂ ਨੂੰ ਭੀ ਜਨਾਉਣ, ਲਖਾਉਣ, ਪਰਤੱਖ ਦਰਸ਼ਨ ਕਰਾਉਣਹਾਰੇ ਹਨ। ਤਿਨ੍ਹਾਂ ਦੇ ਹਿਰਦੇ ਅੰਦਰ ਹਰੀ ਦੀ ਵਾਸ਼ਨਾ ਸੁਗੰਧੀ ਐਸੀ ਵਸੀ ਹੋਈ ਹੁੰਦੀ ਹੈ ਕਿ ਬਿਖ ਰਸ ਬਾਸਨਾ ਦੀਆਂ ਮੁਸ਼ਕ ਮਾਤਰਾਂ ਭੀ ਓਹਨਾਂ ਦੇ ਅੰਦਰ ਨਹੀਂ ਰਹਿੰਦੀਆਂ। ਬਿਖੇ ਮੁਸ਼ਕਾਂ ਦੀਆਂ ਜਨਮ ਜਨਮ ਦੀਆਂ ਦਿੜੀਆਂ ਹੋਈਆਂ ਬਿਕਟ ਗੰਢਾਂ ਸਭ ਛੁਟ ਜਾਂਦੀਆਂ ਹਨ।

ਹੇ ਵਾਹਿਗੁਰੂ। ਐਸੇ ਤੇਰੇ ਖ਼ਾਮੁਲ ਖ਼ਾਸ ਗੁਰਮੁਖਿ ਜਨ ਤੈਂ ਆਪ ਹੀ ਪ੍ਰਗਟ ਕੀਨੇ ਹੈਂ ਤੇ ਆਪ ਹੀ ਅਪਣਾਇ ਲੀਨੇ ਹੈਂ। ਅਪਨੇ ਪੱਨੇ ਪਾਇਆਂ ਦੀ ਤੈਨੂੰ ਆਪ ਹੀ ਲਾਜ ਹੈ। ਆਪ ਹੀ ਤੈਂ ਨਿਜ-ਅਪਣਾਇਆਂ ਦੀ ਰੱਖਿਆ ਕਰਨੀ ਹੈ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਐਸੇ ਸੰਤ ਜਨ ਗੁਰਸਿਖ ਭਾਈ ਹੀ ਅਸਾਡੇ ਸਜਨ ਸਖਾ ਸੈਨ ਅਤੇ ਮਾਤ ਪਿਤਾ ਜਾਇਆਂ ਤੋਂ ਵਧ ਕੇ ਸਕੇ ਬੰਧਪ ਸਾਕ ਹਨ। ਗੁਰਸਿੱਖੀ ਦਾ ਐਸਾ ਸਾਕ ਪੁਨੀਤ ਨਾਤਾ ਹੈ। ਕੋਈ ਸੰਦੇਹ ਬਾਕੀ ਨਹੀਂ ਰਿਹਾ ਕਿ ਇਸ ਸਮੁੱਚੇ ਗੁਰਵਾਕ ਅੰਦਰ 'ਸੰਤ ਜਨਾਂ' ਤੋਂ ਭਾਵ ਗੁਰਸਿਖ ਮੀਤ ਜਨਾਂ ਦਾ ਹੈ, ਜੋ ਗੁਰੂ ਦੇ ਪਰਮ ਆਗਿਆਕਾਰੀ ਉਪਦੇਸ਼-ਅਧਿਕਾਰੀ ਹਨ।

(੯੮) **ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ ਰੰਗੀਤਿ ॥**
**ਹਰਿ ਰੰਗੁ ਲਹੈ ਨ ਉਤਰੈ ਕਬਹੂ ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ ॥੩॥੫॥**
*(ਕਾਨੜਾ ਮ: ੪, ਪੰਨਾ ੧੨੯੬)*

ਨਾਮ-ਰਸੀਅੜੇ, ਨਾਮ ਰੰਗ-ਰੱਤੜੇ ਗੁਰੂ ਕੇ ਸਿਖ ਗੁਰਮੁਖਿ ਪਿਆਰੇ ਸੱਚੇ ਹਰਿ ਕੇ ਸੰਤ ਹਨ, ਤਿਨ੍ਹਾਂ ਨੂੰ ਹੀ ਸੱਚੇ ਸੰਤ ਜਨ ਕਹਿਣਾ ਉਚਿਤ ਹੈ, ਐਨ ਗੁਰਮਤਿ ਅਨਕੂਲ ਹੈ। ਆਹ ਕੈਸੇ ਨੀਕੇ, ਰਸਕ ਰਸੀਕੇ, ਪਾਕ ਪੁਨੀਤ, ਪਾਰਸ ਰਸਾਇਣੀ ਗੁਰਸਿਖ ਸੰਤ ਜਨ ਹਨ, ਜਿਨ੍ਹਾਂ ਦੇ ਮਿਲਣ ਕਰਿ, ਆਤਮ-ਮੇਲੀਆਂ ਹਰਿ ਨਾਮੇ ਕੈ ਜੋੜੀਆਂ ਦਾ ਮਨ ਚਲੂਲੇ ਆਤਮ-ਰੰਗਾਂ ਵਿਚ ਰੰਗਿਆ ਜਾਂਦਾ ਹੈ। ਹਰਿ ਰੰਗ ਭੀ ਐਸਾ, ਜੋ ਕਦੇ ਲਹਿੰਦਾ ਨਾ ਉਤਰਦਾ ਹੈ। ਹਰਿ-ਰੰਗੀ, ਹਰਿ ਪ੍ਰੀਤਿ ਰੰਗੀ ਰੰਗਲੇ ਸੰਤ ਜਨ ਗੁਰਸਿਖ ਰੰਗੀਤ ਜਨ, ਏਹਨਾਂ ਪ੍ਰੀਤਿ-ਰੰਗਾਂ ਵਿਚ ਰੰਗੇ ਹੋਏ ਹੀ ਪ੍ਰੀਤਮ ਨੂੰ ਜਾਇ ਮਿਲਦੇ ਹਨ।

ਐਸੇ ਹਨ ਹਰਿ ਜਨ, ਹਰਿ ਕੇ ਸੰਤ ਜਨ, ਹਰਿ ਕੇ ਪ੍ਰੇਮੀ ਪ੍ਰੀਤਮ ਪ੍ਰੇਮੀ ਗੁਰਮੁਖਿ ਸਿਖ ਸੰਤ, ਨਾਮ ਰੰਗੀਤ ਜਨ, ਜਿਨ੍ਹਾਂ ਦੀ ਗੁਰਬਾਣੀ ਅੰਦਰ ਏਵਡ ਵੱਡੀ ਮਹਿਮਾ

ਲਿਖੀ ਹੈ। ਨਾਮ-ਰੰਗਾਂ ਤੋਂ ਖ਼ਾਲੀ ਖ਼ੁਸ਼ਕ ਗਿਆਨ ਖਰਤਾਲੀ ਨੁਕਤਾਚੀਨ ਆਪੋ ਆਪਣੀਆਂ ਮਨ-ਘੜਤ ਥੀਊਰੀਆਂ ਘੜ ਘੜ ਕੇ ਲੋਕਾਂ ਨੂੰ ਸੁਣਾਉਂਦੇ ਹਨ ਕਿ ਗੁਰਸਿੱਖਾਂ ਪ੍ਰਤੀ ਘਟਦਾ ਹੋਇਆ ਸੰਤ ਪਦ ਹੀ ਗੁਰਬਾਣੀ ਵਿਚੋਂ ਉੜਾ ਦੇਣਾ ਚਾਹੀਦਾ ਹੈ। ਜੇ ਕਿਤੇ ਹੋਵੇ ਤਾਂ ਉਸ ਦੇ ਹੋਰ ਮਾਅਨੇ ਘੜ ਲੈਣੇ ਚਾਹੀਦੇ ਹਨ। ਐਤਨਾ ਮੂੰਹ-ਜ਼ੋਰ ਵਿਰੋਧ ਸੰਤ ਪਦ ਦਾ, ਸਿਖ ਅਖਵਾਣ ਵਾਲੇ ਬਹੁ-ਉਪਦੇਸ਼ੀਆਂ, ਖ਼ੁਸ਼ਕ ਗਿਆਨ ਖਰੜੇਸੀਆਂ, ਕਥਾ ਕਥੇਸੀਆਂ, ਧੰਦ ਧੰਦੇਸੀਆਂ ਨੂੰ ਸੋਭਦਾ ਨਹੀਂ। ਓਹਨਾਂ ਬਿਚਾਰਿਆਂ ਦਾ ਭੀ ਕੀ ਕਸੂਰ ? ਓਹਨਾਂ ਨੂੰ ਨਾਮ-ਰੰਗਾਂ ਦੀ ਸੂਝ ਬੂਝ ਹੀ ਨਹੀਂ। ਜੇ ਅੱਜ ਓਹਨਾਂ ਦੇ ਪਿਛੇ ਲਗ ਕੇ ਨਾਮ-ਰੰਗਾਂ ਵਾਲੇ ਸਿੱਖਾਂ ਨੂੰ ਸੰਤ ਕਹਿਣੋਂ ਹਟ ਜਾਈਏ ਤਾਂ ਗੁਰਮਤਿ ਦੀ ਸਾਰੀ ਹੀ ਮਹੱਤਤਾ ਉਡ ਜਾਂਦੀ ਹੈ। ਸਤਿਗੁਰੂ ਨੇ, ਸਤਿਗੁਰੂ ਦੀ ਬਾਣੀ ਨੇ ਨਿਰਾ ਨਾਮਧ੍ਰੀਕ ਸਿਖ ਬਣਾਉਣ ਦਾ ਆਦਰਸ਼ ਨਹੀਂ ਆਦਰਸ਼ਿਆ; ਸਗੋਂ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ॥"[1] ਵਾਲਾ ਅਤਿ ਉਚ ਆਦਰਸ਼ ਮੁਖ ਰਖਿਆ ਹੈ। ਮਹਾਂ ਜਨ ਸਤਿਗੁਰੂ ਪਰਉਪਕਾਰੀਆ ਦਾ ਅਵਤਾਰ ਹੀ ਇਸ ਖ਼ਾਤਰ ਹੋਇਆ ਕਿ ਆਪਣੇ ਸਿੱਖਾਂ ਨੂੰ ਜੀਅ ਦਾਨ ਦੇ ਕੇ, ਪ੍ਰੇਮਾ ਭਗਤੀ ਵਿਚ ਲਾ ਕੇ ਅਰੂੜ ਕਰ ਦੇਣ ਅਤੇ ਭਗਤੀ ਵਿਚ ਲਾ ਕੇ ਹਰਿ ਸੰਗ ਮਿਲਾਇ ਦੇਣ। ਕੈਸਾ ਉਚ ਆਦਰਸ਼ ਹੈ।

ਗੁਰੂ ਘਰ ਵਿਚ ਅਜਿਹੇ ਉਚ-ਜੀਵਨੀ ਸਿੱਖਾਂ ਦੇ ਸਮੂਹਾਂ ਦੇ ਸਮੂਹ ਹੀ ਹੁੰਦੇ ਚਲੇ ਆਏ ਹਨ ਅਤੇ ਅਗੋ ਨੂੰ ਭੀ ਹੁੰਦੇ ਰਹਿਣਗੇ, ਹੁਣ ਭੀ ਹਨ, ਜੋ ਭਗਤੀ ਦੇ ਪ੍ਰੇਮ-ਰੰਗਾਂ ਵਿਚ ਖੇਡਦੇ ਆਤਮ ਰੰਗਾਂ ਵਿਚ ਰੰਗੀਜਦੇ ਅਤੇ ਪ੍ਰੀਤਮ ਪਰਮਾਤਮਾ ਨੂੰ ਪ੍ਰਾਪਤ ਹੁੰਦੇ ਰਹੇ ਹਨ, ਹੁੰਦੇ ਰਹਿਣਗੇ ਅਤੇ ਹਨ। ਤਿਨ੍ਹਾਂ ਰੰਗ-ਚਲੂਲੜੇ, ਮਹਿਬੂਬ ਮਹਿਲੀ ਹਲੂਲੜੇ ਗੁਰਸਿੱਖਾਂ ਨੂੰ ਸੰਤ ਪਦ ਨਾਲ ਸੰਬਾਧਨਾ ਐਨ ਗੁਰਮਤਿ-ਆਦਰਸ਼ ਦੇ ਅਨਕੂਲ ਹੈ। ਜੇ ਗੁਰਬਾਣੀ ਦਾ ਨਿਧਿਆਸਨ ਕਰ ਕੇ ਅਤੇ ਨਾਮ-ਅਭਿਆਸਨੀ ਕਮਾਈਆਂ ਕਰ ਕੇ ਗੁਰਬਾਣੀ ਨਿਧਿਆਸਨੀ, ਨਾਮ ਅਭਿਆਸਨੀ ਜਨ ਪ੍ਰੀਤਮ-ਦਰ-ਪ੍ਰਗਟੇ ਸੰਤ ਨਹੀ ਬਣਦੇ ਤਾਂ ਗੁਰਬਾਣੀ ਦੀ ਗੁਰਮਤਿ-ਆਦਰਸ਼ ਦੀ ਮਹੱਤਤਾ ਹੀ ਕੀ ਰਹੀ ? ਪ੍ਰੀਤਮ-ਦਰ-ਪ੍ਰਗੜੇ ਸਿੱਖਾਂ ਤੋਂ ਸੰਤ ਹੋਏ ਪਰਵਾਨ ਜਨਾਂ ਦੀ ਮਹਿਮਾ ਗੁਰਬਾਣੀ ਅੰਦਰ ਥਾਉਂ ਥਾਈਂ ਗਾਈ ਹੋਈ ਹੈ। ਗੁਰਬਾਣੀ ਮੂੰਹ-ਪਾੜ ਖੰਡਨ-ਮੰਡਨੀਏ ਨਿਰੇ ਉਪਰਲੀ ਰਹਿਤ ਦੇ ਸੁਆਂਗੀ ਸਿਖ ਪੈਦਾ ਨਹੀਂ ਕਰਦੀ, ਬਲਕਿ ਸੱਚ ਮੁੱਚ ਦੇ ਜਾਗਤ ਜੋਤਿ ਜਗੰਤਰੜੀ, ਘਟਿ ਜੋਤਿ ਪ੍ਰਗਟੰਤਰੜੀ ਗੁਰੂ ਕੇ ਲਾਲ ਰੰਗੀਲੇ ਖ਼ਾਲਸਾ ਸੰਤ ਜਨ ਖ਼ਾਲਸੇ ਪੈਦਾ ਕਰਦੀ ਹੈ। ਨਾ ਪੈਦਾ ਕਰੇ ਤਾਂ ਗੁਰਬਾਣੀ ਦੀ ਮਹੱਤਤਾ ਹੀ ਕੀ ਰਹੀ ? ਗੁਰਮਤਿ ਦੀ ਵਿਲੱਖਣਤਾ ਹੀ ਇਸ ਵਿਚ ਹੈ ਕਿ ਗੁਰਮਤਿ-ਧਾਰਨੀ ਗੁਰਬਾਣੀ ਦੇ ਉਪਕਾਰ ਕਰਨੀ ਜੋਤ ਉਚੇ ਸੁੱਚੇ ਸੰਤ ਜੋਤਿ-ਜਗੰਤ ਬਣਿ ਬਣਿ ਗੁਰੂ ਘਰ ਵਿਚ ਉਪਜਣ ਅਤੇ ਜੀਵਨ ਮੁਕਤਿ ਹੋ ਹੋ ਸਾਰੇ ਸੰਸਾਰ ਨੂੰ ਸੱਚੀ ਜੀਵਨ-ਕਣੀ ਵਾਲੇ ਭਗਤੀਸਰ, ਪਰਮਾਤਮਾ-ਮਿਲੀਸਰੀ ਆਦਰਸ਼ ਮਾਰਗ ਤੇ ਲਿਆਉਣ ਅਤੇ ਖ਼ਾਲਸ ਪੰਚ ਪੰਜੀਸਰੀ ਜੋੜ ਵਿਚ ਜੁੜ ਕੇ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ"[1] ਵਾਲਾ ਪਰਉਪਕਾਰ ਕਮਾਉਂਦੇ ਹੋਏ ਆਪਣੇ ਆਪ ਨੂੰ ਕੁਝ

੧ ਸੂਹੀ ਮ: ੫, ਪੰਨਾ ੭੪੯

 www.sikhbookclub.com

ਕਹਾਉਣ ਦੀ ਲਿਬੇੜ ਚਮੇੜ ਤੋਂ ਅਲੇਪ ਅਛੇਪ ਰਹਿਣ।

(੯੯) **ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥**
**ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥**
**ਰਾਮ ਮੋਕਉ ਹਰਿ ਜਨ ਕਾਰੈ ਲਾਈਐ ॥**
**ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ਰਹਾਉ॥**
**ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥**
**ਸਤਿਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥**
**ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥...੩॥੪॥**
*(ਰਾਮਕਲੀ ਮ: ੪, ਪੰਨਾ ੮੮੧)*

ਇਸ ਗੁਰ ਪ੍ਰਮਾਣ ਅੰਦਰ ਹਰਿ ਜਨ ਸੰਤ ਵਖਰੇ ਨਿਰਣਾਏ ਗਏ ਹਨ, ਸਤਿਗੁਰ ਪੁਰਖ ਵਖਰੇ ਸਪੱਸ਼ਟਾਏ ਗਏ ਹਨ। ਹਰਿ ਕੇ ਸੰਤ, ਹਰੀ ਜਨ ਭੀ ਵਡੇ ਵਡੇ ਅਤੇ ਵਡ ਉਚੇ ਮਰਤਬੇ ਵਾਲੇ ਹਨ, "ਜੋ ਸਤਗੁਰ ਮੇਲਿ ਮਿਲਾਈਐ॥" ਸਾਫ਼ ਸਿਧ ਹੈ ਕਿ ਸਤਿਗੁਰੂ-ਮੇਲ ਮਿਲ ਰਹੇ ਅਤੇ ਸਤਿਗੁਰ-ਮੇਲ ਮਿਲਾਉਣਹਾਰੇ ਸੰਤ ਹਰੀ ਜਨ, ਸਤਿਗੁਰ ਤੋਂ ਵਖਰੇ ਸੰਤ ਪਦਵੀ ਵਾਲੇ ਸਿਖ ਹਨ। ਨਿਰਸੰਦੇਹ ਸਤਿਗੁਰੂ ਦਾ ਮਰਤਬਾ ਉਚੀ ਹੀ ਉਚਾ ਵਡੀ ਹੂ ਵਡਾ ਅਪਾਰ ਹੈ, ਜੈਸਾ ਕਿ ਇਸ ਗੁਰਵਾਕ ਅੰਦਰ ਨਿਰਣਾਇਆ ਗਿਆ ਹੈ ਕਿ "ਸਤਿਗੁਰ ਜੇਵਡੁ ਅਵਰੁ ਨ ਕੋਈ" ਸਤਿਗੁਰ ਜੇਵਡ ਸੰਤ ਭੀ ਨਹੀਂ ਹੋ ਸਕਦੇ, ਭਾਵੇਂ ਕਿੰਨੇ ਹੀ ਹਰਿ-ਦਰ ਪ੍ਰਗੇ ਹੋਏ ਸੰਤ ਹੋਣ। ਪਰ ਸਤਿਗੁਰੂ ਦੇ ਦਰਜੇ ਦੇ ਪੈਜ ਪਰਤਵ ਤਲੇ ਗੁਰੂ ਘਰ ਦੇ ਸਿੱਖਾਂ ਸੰਤਾਂ ਹਰਿ ਜਨਾਂ ਦਾ ਦਰਜਾ ਭੀ ਹੈ, ਜਿਨ੍ਹਾਂ ਨੂੰ ਭੇਟਿਆਂ "ਹਰਿ ਅਮਿਉ ਰਸਾਇਣੁ ਪੀਵੀਐ॥ ਮੁਹਿ ਡਿਠੈ ਜਨ ਕੈ ਜੀਵੀਐ"[1] ਵਾਲੀਆ ਅਮੋਘ ਇਲਾਹੀ ਬਰਕਤਾਂ ਨਾਜ਼ਲ ਹੁੰਦੀਆਂ ਹਨ। ਤਿਨ੍ਹਾਂ ਹਰਿ ਜਨਾਂ ਸਿੱਖਾਂ ਗੁਰਮੁਖਾਂ ਨੂੰ ਹੀ ਇਸ ਉਪਰਲੇ ਵਾਕ ਅੰਦਰ "ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ" ਪਾਰਸ ਰਸਾਇਣੀ ਸਰ ਸੁਭਰੇ ਅੰਮ੍ਰਿਤ ਕੁੰਟ ਦਸਿਆ ਗਿਆ ਹੈ, ਜਿਨ੍ਹਾਂ ਮਿਲਿਆਂ ਅੰਮ੍ਰਿਤ ਸਰੋਵਰ ਵਿਚ ਨ੍ਹਾਵਣਾ ਹੁੰਦਾ ਹੈ। ਜਿਨ੍ਹਾਂ ਦੇ ਨੈਣਾਂ ਚੋਂ, ਜਿਨ੍ਹਾਂ ਦੇ ਮਸਤਕ ਮੁਖੜੇ ਤੋਂ, ਅਮਿਉ ਰਸਾਇਣੀ ਮੁਖੜਿਆਂ ਦੇ ਲਿਵ-ਦਰਸ਼ਨਾਂ ਵਿਚ ਤ੍ਰਿਬ੍ਰਡ ਹੋ ਕੇ ਅਮੀ ਕੁੰਟ ਸਰ ਮੱਜਨ ਇਸ਼ਨਾਨ ਹੋ ਜਾਂਦਾ ਹੈ। ਜਿਨ੍ਹਾਂ ਨੇ ਇਹ ਇਸ਼ਨਾਨ ਕੀਤੇ ਹਨ, ਓਹ ਸ਼ਾਹਦੇ-ਹਾਲ ਹਨ ਅਤੇ ਜ਼ਮਾਨਾਏ-ਹਾਲ ਵਿਚ ਹਾਲੇ ਭੀ ਮਉਜੂਦ ਹਨ। ਇਹ ਭਾਗਾਂ ਦੀ ਖੇਡ ਹੈ। ਵਡ ਊਚੇ ਵਡ ਭਾਗ ਜਿਨ੍ਹਾਂ ਦੇ ਹੋਵਣ, ਓਹਨਾ ਨੂੰ ਅਜਿਹੇ ਅੰਮ੍ਰਿਤ ਕੁੰਟੀ ਜਨਾਂ ਨੂੰ ਮਿਲਦਿਆਂ ਢਿਲ ਨਹੀਂ ਲਗਦੀ ਅਤੇ ਅਮੀ ਕੁੰਟ ਸਰ ਨ੍ਹਾਂਵਦਿਆਂ ਬਿਲਮ ਪਲ ਨਹੀਂ ਲਗਦਾ। ਓਹ ਤਾਂ ਅਤਿ ਵਡਭਾਗੀ ਹਨ, ਜੋ ਅਜਿਹੇ ਹਰੀ ਜਨਾਂ (ਅਮਿਉ ਰਸਾਇਣ ਮੁਖੜੀਸ਼ਰੀ, ਅਮਿਉ ਮਜਨੀਸ਼ਰੀ ਸੰਤ ਗੁਰਮੁਖਿ ਸਿੱਖਾਂ) ਦੀ ਕਾਰ ਸੇਵਾਦਾਰੀ ਵਿਚ ਲਗ ਗਏ ਹਨ। ਉਹਨਾਂ ਵਡਭਾਗਿਆਂ ਨੂੰ ਸਿਖ ਸੰਤ ਹਰੀ ਜਨਾਂ ਦੇ ਅਗੇ ਪਾਣੀ ਢੋਵਣ, ਬੀਜਨ ਝੁਲਾਵਨ (ਪੱਖਾ ਝਲਣ) ਅਤੇ ਪੀਸਣ ਪੀਸ ਕਮਾਵਨ ਵਿਚ ਕੋਈ ਲਾਜ-ਲੋਣੀਆ ਦਰੇਗ ਨਹੀਂ ਹੁੰਦਾ। ਤਿਨ੍ਹਾਂ ਨੂੰ ਅਜਿਹੇ ਹਰੀ ਜਨਾਂ ਦੇ ਪਗ ਮਲਿ ਮਲਿ ਧੂਰ ਮੁਖ ਲਾਵਣ ਵਿਚ ਬੜਾ ਹੀ ਫ਼ਖ਼ਰ

੧. ਮਾਝ ਮ: ੫ ਘਰੁ ੨, ਪੰਨਾ ੧੩੨

ਅਤੇ ਅਨੰਦ ਮਈ ਮਾਣ ਹੁੰਦਾ ਹੈ। ਨਿਰਸੰਦੇਹ ਅਜਿਹੇ ਹਰਿ ਜਨ ਵਡੇ ਵਡੇ ਵਡ ਊਚ ਮਰਤਬੇ ਵਾਲੇ ਗੁਰੂ ਘਰ ਵਿਖੇ ਸਨਮਾਨੇ ਗਏ ਹਨ। ਸਤਿਗੁਰੂ ਜੇਵਡ ਵਡਾ ਮਰਤਬਾ ਓਹਨਾਂ ਹਰਿ ਜਨਾਂ ਸੰਤਾਂ ਗੁਰਮੁਖਾਂ ਸਿੱਖਾਂ ਦਾ ਫੇਰ ਭੀ ਨਹੀਂ ਹੁੰਦਾ। ਓਹ ਜਗਿਆਸੂ ਜਨ ਤਾਂ ਹਰੀ ਜਨਾਂ ਸੰਤਾਂ ਪੰਚ ਪਰਵਾਨ ਗੁਰਮੁਖਾਂ ਨੂੰ ਮਿਲਦੇ ਹਨ ਅਤੇ ਗੁਰਮੁਖਿ ਸੰਤ ਜਨ ਤਿਨ੍ਹਾਂ ਨੂੰ ਸਤਿਗੁਰੂ ਦੀ ਸ਼ਰਨੀ ਲੈ ਜਾਂਦੇ ਹਨ। ਅੰਤ ਸਤਿਗੁਰੂ ਦੀ ਸ਼ਰਨਾਗਤੀ ਪਇਆਂ ਪੁਆਇਆਂ ਹੀ ਕਲਿਆਣ ਹੁੰਦੀ ਹੈ। ਸਚਿਆਰ ਸਿਖ ਸੰਤ ਜਨ ਭਾਵੇਂ ਕਿਤਨੇ ਹੀ ਵਡੇ ਵਡ ਊਚ ਮਰਤਬੇ ਵਾਲੇ ਹੋ ਜਾਣ, ਪਰ ਓਹ ਗੁਰੂ ਬਣ ਕੇ ਕਦੇ ਨਹੀਂ ਬਹਿੰਦੇ।

(੧੦੦) **ਸੰਤ ਜਨਾ ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ ॥**
**ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ ॥੩॥੨੨॥**

*(ਆਸਾ ਮ: ੧, ਪੰਨਾ ੪੨੨)*

ਗੁਰੂ ਘਰ ਦੇ ਸਿੱਖਾਂ ਰੂਪੀ ਸਾਧੂਆਂ ਸੰਤਾਂ ਸੰਗ ਮਿਲ ਕੇ ਗੁਰਬਾਣੀ ਕੀਰਤਨ ਰੂਪੀ ਧਨ ਹਰਿ ਜਸੁ ਗਾਵੀਦੇ ਹਨ। ਕਲਿ ਕੀਰਤਨ ਪਰਧਾਨ ਦੇ ਭਾਵ ਅਨੁਸਾਰ ਸਤਸੰਗ-ਮੰਡਲਾਂ ਵਿਚ ਕੀਰਤਨ ਕਰਨਹਾਰੇ ਬਾਣੀ ਦੇ ਰਸੀਏ ਗੁਰਮੁਖਿ ਸਿਖ ਹੀ ਸੰਤ ਕਰਕੇ ਪਰਵਾਨੇ ਪਰਧਾਨੇ ਜਾਂਦੇ ਹਨ।

(੧੦੧) **ਸੰਤ ਜਨਾ ਕੈ ਸੰਗਿ ਹਉਮੈ ਰੋਗੁ ਜਾਇ ॥... ੧॥** (੮)

*(ਵਾਰ ਰਾਮ:, ਸਲੋਕ ਮ: ੫, ਪੰਨਾ ੯੬੧)*

ਸੰਤ ਜਨਾਂ ਦੇ ਸੰਗ ਤੋਂ ਭਾਵ ਗੁਰਸਿੱਖਾਂ ਦਾ ਸੰਗ ਸਾਥ ਹੈ।

(੧੦੨) **ਵਡਭਾਗੀ ਤੇ ਸੰਤ ਜਨ ਜਿਨ ਮਨਿ ਵੁਠਾ ਆਇ ॥੨॥** (੮)

*(ਵਾਰ ਰਾਮਕਲੀ, ਮ: ੫, ਪੰਨਾ ੯੬੧)*

ਤੇ ਸੰਤ ਗੁਰਮੁਖਿ ਸਿਖ ਜਨ ਵਡਭਾਗੀ ਹਨ, ਜਿਨ੍ਹਾਂ ਦੇ ਮਨ ਵਿਖੇ ਆਇ ਵੁੱਠਾ ਹੈ ਵਾਹਿਗੁਰੂ ਆਪ। ਗੁਰੂ ਘਰ ਦੇ ਸਿੱਖਾਂ ਨੂੰ ਹੀ ਐਸਾ ਵੁੱਠਣਾ ਤੁੱਠਣਾ ਹੁੰਦਾ ਹੈ, ਐਰੇ ਗ਼ੈਰੇ ਨਥੂ ਖ਼ੈਰੇ ਸੰਤ ਨੂੰ ਥੋੜ੍ਹੇ ਹੁੰਦਾ ਹੈ।

(੧੦੩) **ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥**
**ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥੧॥** (੯)

*(ਵਾਰ ਰਾਮ:, ਸਲੋਕ ਮ: ੫, ਪੰਨਾ ੯੬੧)*

ਕਿਹੜਿਆਂ ਸੰਤਾਂ ਸੰਗ ਵਿਹਾਵੇ ? ਗੁਰੂ ਘਰ ਦੇ ਗੁਰਮੁਖਿ ਨਾਮ-ਅਭਿਆਸੀ, ਜੋਤਿ ਵਿਗਾਸੀ, ਕੀਰਤਨ ਕਿਰਤਾਸੀ ਸਿੱਖਾਂ ਸੰਤਾਂ ਸੰਗ, ਨਾ ਕਿ ਆਨਮਤ ਭੇਖ ਦੇ ਕਹੰਤੀ ਸੰਤਾਂ ਸੰਗ।

(੧੦੪) **ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ ॥੨੦॥**

*(ਗੂਜਰੀ ਵਾਰ ਮ: ੩, ਪੰਨਾ ੫੧੭)*

'ਸੰਤ ਜਨਾ ਕੈ ਸੰਗਿ' ਦਾ ਭਾਵ ਏਥੇ ਭੀ ਗੁਰਸਿੱਖਾਂ ਦੀ ਸੰਗਤਿ ਤੋਂ ਹੈ।

(੧੦੫) **ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥**
**ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥**
**ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ ॥**
**ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥**
*(ਬਿਲਾਵਲੁ ਮ: ੪, ਪੰਨਾ ੮੩੫)*

ਵਾਹਿਗੁਰੂ ਦੀ ਭਗਤੀ ਕਰਨਹਾਰੇ ਨਾਮ-ਰਸੀਆਂ ਤੇ ਭਗਤ ਜਨਾਂ ਪ੍ਰਥਾਇ ਹੀ ਇਸ ਗੁਰਵਾਕ ਅੰਦਰ 'ਸੰਤ ਜਨਾਂ' ਦੀ ਪਦਵੀ ਘਟਾਈ ਗਈ ਹੈ। ਗੁਰੂ ਪ੍ਰਥਾਇ ਨਹੀਂ ਘਟਾਈ ਗਈ। ਭਾਵ ਸਪੱਸ਼ਟ ਹੈ।

(੧੦੬) **ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥ ਤਾ ਤੂੰ ਦਰਗਹ ਪਾਵਹਿ ਮਾਨੁ ॥**
**ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥੨॥੭੩॥**
*(ਗਉੜੀ ਗੁਆ: ਮ: ੫, ਪੰਨਾ ੧੭੬)*

ਸਾਵਧਾਨ ਹੋ ਕੇ ਵਾਹਿਗੁਰੂ ਦੀ ਭਗਤੀ ਕੀਤਿਆ ਹੀ ਉਸ ਦੀ ਦਰਗਾਹ ਵਿਚ ਮਾਣ ਪਾਈਦਾ ਹੈ। ਇਹ ਨਹੀ ਕਿ ਮੁਖ ਤੋਂ ਤਾਂ ਨਾਮ ਜਪੇ ਅਤੇ ਸੁਰਤੀ ਹੋਰ ਪਾਸੀਂ ਉਘਲਾਉਂਦੀ ਹੋਵੇ। ਸਾਵਧਾਨ, ਸੁਚੇਤ-ਚਿਤ, ਚਿਤੰਨ ਹੋ ਕੇ ਭਗਤੀ ਕਮਾਈ ਵਾਲੇ ਸਿੱਖਾਂ ਸੰਤਾਂ ਦੀ ਸੰਗਤਿ ਵਿਚ ਮਿਲ ਕੇ ਭਗਤੀ ਕੀਤੀ ਜਾ ਸਕਦੀ ਹੈ। ਸੋ ਸਭ ਉਕਤ ਸਿਆਣਪਾਂ ਚਤੁਰਾਈਆਂ ਛਡ ਕੇ ਸਿਖ ਸੰਤ ਜਨਾਂ ਦੀ ਚਰਨੀ ਹੀ ਸਮਾਇ ਰਹਿਣਾ ਚਾਹੀਦਾ ਹੈ।

(੧੦੭) **ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥... ੫॥੨੪॥**
*(ਗਉੜੀ ਸੁਖਮਨੀ ਮ: ੫, ਪੰਨਾ ੨੯੫)*

ਸਿਫਤ ਸਾਲਾਹ ਮਈ ਪ੍ਰਭ ਕੀ ਉਸਤਤਿ ਕਰਨਹਾਰਿਆਂ ਸੰਤਾਂ ਮੀਤਾਂ ਸਿੱਖਾਂ ਪ੍ਰਥਾਇ ਸਨਮੁਖ ਉਪਦੇਸ਼ ਹੈ ਕਿ ਸਾਵਧਾਨਤਾ ਸਹਿਤ ਏਕਾਗਰ ਚੀਤ ਹੋ ਕੇ ਵਾਹਿਗੁਰੂ ਦੀ ਭਗਤੀ ਬੰਦਗੀ ਕਰਹੁ, ਹੇ ਸੰਤ ਮੀਤ ਭਗਤੋ ਸਿਖੋ! ਸਪੱਸ਼ਟ ਹੋਇਆ ਕਿ 'ਸੰਤ' ਪਦ ਸਿੱਖਾਂ ਪ੍ਰਤੀ ਹੈ।

(੧੦੮) **ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥**
**ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥**
**ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥**
**ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥**
**ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥**
*(ਸਿਰੀਰਾਗ ਵਾਰ ਮ: ੪, ਪੰਨਾ ੬੫੨)*

ਏਥੇ ਨਾਮ ਧਿਆਇਨ-ਹਾਰ ਬਿਚੱਖਣ ਜੰਤਾਂ ਨੂੰ ਭਗਤਾਂ ਸੰਤਾਂ ਦਾ ਮਰਤਬਾ ਦਿਤਾ ਹੈ। ਗੁਰੂ ਕਰਤਾਰ ਨੂੰ ਭਾਣੇ ਪਰਵਾਨ ਜਨ ਗੁਰਮੁਖਿ ਸਿੱਖਾਂ ਨੂੰ ਏਥੇ ਸੰਤ ਭਗਤ ਕਹਿ ਕੇ ਵਰਨਿਆ ਗਿਆ ਹੈ। ਅੰਮ੍ਰਿਤ ਨਾਮ ਨਿਧਾਨ ਰੂਪੀ ਭੋਜਨ ਭੁੰਚਣਹਾਰੇ ਸਿਖ ਸੰਤ ਮੀਤ ਜਨ ਹਰਿ ਹਰਿ ਨਾਮ ਰੂਪੀ ਤੀਰਥ ਨਹਾਇ ਕਰਿ ਹੀ ਪੁਨੀਤ ਭਏ ਹੈ।

 www.sikhbookclub.com

ਤਿਨ੍ਹਾਂ ਲਿਵਤਾਰੀਆਂ ਨੇ ਸਰਬ ਤੀਰਥਾਂ ਦੇ ਮੱਜਨ ਕਰ ਲਏ ਹਨ।

(੧੦੯) **ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲ ਭਖੁ ਮਾਇਆਧਾਰੀ ॥**
**ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਿਵਾਰ ਨ ਪਾਰੀ ॥੬॥੧॥**

*(ਗੂਜਰੀ ਮ: ੪, ਪੰਨਾ ੫੦੭)*

ਮਾਇਆਧਾਰੀ ਸੰਸਾਰੀ ਸਾਕਤ ਪੁਰਸ਼ ਕੀ ਸਾਰ ਜਾਣਦੇ ਹਨ ਨਿਰੰਕਾਰੀ ਨਾਮ ਦੇ ਜਪਣਹਾਰੇ ਗੁਰਸਿੱਖਾਂ ਦੀ ਗਤਿ ਮਿਤਿ ਨੂੰ। ਓਹ ਤਾਂ ਉਲਟਾ ਸੰਤ ਜਨਾਂ, ਨਾਮ ਜਪਣਹਾਰੇ ਗੁਰਸਿੱਖਾਂ ਦੀ ਨਿੰਦਾ ਕਰਨ ਵਿਚ ਰਚੇ ਪਚੇ ਰਹਿੰਦੇ ਹਨ।

**ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥**
**ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥**

*(ਰਾਮਕਲੀ ਮ: ੪, ਪੰਨਾ ੮੮੧)*

ਓਹ ਸਾਕਤ ਪੁਰਸ਼ ਗੁਰੂ ਘਰ ਦੇ ਭਗਤ ਜਨਾਂ ਜਿੱਖਾਂ ਨੂੰ ਸੰਤ ਕਹਿ ਕੇ ਕਦੇ ਰਾਜ਼ੀ ਹੋ ਸਕਦੇ ਹਨ ? ਓਹਨਾਂ ਨੂੰ ਨਾਮ ਜਪਣਹਾਰੇ ਸਿਖ ਸੰਤ ਜਨ ਸੁਖਾਉਂਦੇ ਹੀ ਨਹੀਂ। ਭਾਗਹੀਨ ਜੁ ਹੋਏ। ਓਹਨਾਂ ਦਾ ਭੱਖ ਹੀ ਛਿੱਦਰ ਫਰੋਲਣਾ ਹੈ, ਮਲ ਭੱਖਣਹਾਰੇ ਹੋ ਕੇ।

(੧੧੦) **ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥...**
**ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥੧॥੧੯॥**

*(ਗਉੜੀ ਸੁਖਮਨੀ ਮ: ੫, ਪੰਨਾ ੨੮੮)*

ਗੁਰਸਿੱਖਾਂ ਸੰਤ ਜਨਾਂ ਸੰਗ ਮਿਲ ਕੇ ਨਾਮ-ਅਭਿਆਸ ਦੀਆਂ ਕਮਾਈਆਂ ਕਰਹੁ, ਇਹੋ ਗੁਰਮਤਿ ਸੱਚਾ ਬੀਚਾਰੁ ਹੈ। ਏਕੋ ਨਾਮ ਸਿਮਰਨ ਰੂਪੀ ਭੋਜਨ ਭੁੰਚਣਾ ਹੀ ਸੱਚਾ ਨਾਮ-ਅਧਾਰੁ ਹੈ। ਨਾਮ ਧਨ ਸੰਚਨਹਾਰੇ ਹੀ ਸੱਚੇ ਭਾਗਵੰਤ ਪੁਰਸ਼ ਹਨ। ਸੱਚੇ ਸੰਤ ਜਨ ਓਹ ਸਿਖ ਹਨ, ਜੋ ਇਕੋ ਸਤਿਨਾਮ ਨਿਰਮਲ ਗੁਰਮੰਤ੍ਰ ਦੇ ਅਭਿਆਸੀ ਹਨ।

(੧੧੧) **ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥**
**ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ਰਹਾਉ॥੭॥੧੨॥**

*(ਬਿਲਾਵਲੁ ਮ: ੫, ਪੰਨਾ ੮੦੪)*

ਜਿਨ੍ਹਾਂ ਨੂੰ ਵਾਹਿਗੁਰੂ ਨੇ ਤੁੱਠ ਕੇ ਸਤਿਗੁਰ ਪ੍ਰਸਾਦੀ ਆਪਣਾ ਨਾਮ ਦੀਨਾ ਹੈ, ਸੋਈ ਸਿਖ ਸੰਤ ਜਨ ਨਾਮ ਜਪਣਹਾਰੇ ਹੋਏ ਹਨ। ਤਿਨ੍ਹਾਂ ਸਿਖ ਸੰਤ ਜਨਾਂ ਦਾ ਹੀ ਮੁਖ ਵਾਹਿਗੁਰੂ ਨੇ ਉਜਲ ਕੀਤਾ ਹੈ। ਨਾਮ ਦਾ ਦਾਤਾ ਸਤਿਗੁਰੂ ਹੈ। ਨਾਮ-ਦੀਖਿਆ ਦੇ ਅਧਿਕਾਰੀਆਂ ਨੂੰ ਨਾਮ-ਭੀਖਿਆ ਮਿਲਦੀ ਹੈ। ਜਿਨ੍ਹਾਂ ਨੂੰ ਨਾਮ ਦੀ ਦਾਤਿ ਮਿਲਦੀ ਹੈ, ਓਹੀ ਪਰਵਾਨ ਸਿਖ ਗੁਰਮੁਖਿ ਸੰਤ ਹਨ।

(੧੧੨) **ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥...**
**ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ ਸਾਧ ਕਮਾਤਿ ॥੫॥੨॥**

*(ਗਉੜੀ ਸੁਖ: ਮ: ੫, ਪੰਨਾ ੨੬੪)*

ਇਸ ਗੁਰਵਾਕ ਅੰਦਰ 'ਭਗਤ', 'ਸੰਤ' ਅਤੇ 'ਸਾਧ' ਪਦ ਕੇਵਲ ਗੁਰਸਿਖ ਸੰਤਾਂ ਪ੍ਰਥਾਇ ਹੀ ਉਚਰਣ ਹੋਏ ਹਨ। ਨਾਮ ਬਰਤਨਿ ਵਾਲੇ ਭਗਤ ਜਨ ਭੀ ਗੁਰੂ ਕੇ ਸਿਖ ਹੀ ਹਨ। ਮਨਿ ਨਾਮ ਬਿਸਰਾਮੀ ਸੰਤ ਜਨ ਭੀ ਗੁਰੂ ਕੇ ਸਿਖ ਹਨ। ਦਿਨ ਰਾਤ ਹਰਿ-ਜਸ ਕਰਨਹਾਰੇ ਸੰਤ ਭੀ ਗੁਰੂ ਘਰ ਦੇ ਸਿਖ ਹੀ ਹਨ। ਹਰਿ ਹਰਿ ਅਉਖਧ ਕਮਾਉਣਹਾਰੇ ਸਾਧ ਜਨ ਭੀ ਗੁਰਮੁਖਿ ਨਾਮ ਅਭਿਆਸੀ ਗੁਰੂ ਦੇ ਸਿਖ ਹੀ ਹਨ।

(੧੧੩) **ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥**
**ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ਰਹਾਉ॥੧੫॥੪੫॥**

*(ਬਿਲਾਵਲੁ ਮ: ੫, ਪੰਨਾ ੮੫੨)*

ਏਥੇ ਸੰਤ ਜਨਾਂ ਕੀ ਰੇਣਕਾ ਤੋਂ ਭਾਵ ਗੁਰਸਿਖ ਸਾਧ ਸੰਤਾਂ ਦੀ ਧੂੜੀ ਤੋਂ ਹੈ, ਗੁਰਸਿੱਖਾਂ ਦੀ ਰੇਣਕਾ ਤੋਂ ਹੀ ਮੁਰਾਦ ਹੈ। ਗੁਰਸਿੱਖਾਂ ਨੂੰ ਹੀ ਸੰਤ ਜਨ ਆਖਿਆ ਹੈ।

(੧੧੪) **ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥**
**ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥**
**ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥... ੩॥੨੧॥੫੧॥**

*(ਬਿਲਾਵਲ ਮ: ੫, ਪੰਨਾ ੮੧੩)*

ਪ੍ਰਸਪਰ ਮਿਲ ਕੇ ਅੰਮ੍ਰਿਤ ਗੁਣ ਬੋਲਣਹਾਰੇ ਸੰਤ ਭੀ ਏਥੇ ਗੁਰੂ ਦੇ ਸਿਖ ਹਨ। ਅੰਮ੍ਰਿਤ ਕੀਰਤਨ ਸੁਣਨਹਾਰੇ, ਸੁਣ ਕੇ ਗੁੜਨਹਾਰੇ ਭੀ ਸਿਖ ਸੰਤ ਹਨ। ਉਆ ਰਸ ਮਹਿ ਸਾਂਤਿ ਤ੍ਰਿਪਤ ਹੋਣ ਵਾਲੇ ਭੀ ਗੁਰਸਿਖ ਸੰਤ ਹਨ। ਭਗਤਿ ਕਰਨਹਾਰੀ ਸੰਤ-ਮੰਡਲੀ ਹੀ ਗੁਰਸਿੱਖਾਂ ਦੀ ਕੀਰਤਨ-ਮੰਡਲੀ ਹੈ। ਤਿਨ੍ਹਾਂ ਨਾਲ ਮਿਲ ਕੇ ਗਾਵਣਹਾਰੇ ਸੰਤ ਭੀ ਸਿਖ ਜਨ ਹੀ ਹਨ। ਬਲਿਹਾਰੇ ਸਿਖ ਜਨ ਸੰਤਾਂ ਭਗਤਾਂ ਦੇ !!!

(੧੧੫) **ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥**
**ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥੬॥**

*(ਨਟ ਮ: ੪, ਪੰਨਾ ੯੮੩)*

ਜਿਹੜੇ ਸੰਤਨ ਸੰਤ ਸਾਧ ਜਨ ਨਿਰੋਲ ਸੱਚੇ ਪਰਉਪਕਾਰ ਹੇਤ ਕੀਰਤਨ-ਮਈ ਹਰਿ ਗੁਣ ਉਚਰਦੇ ਹਨ, ਤਿਨ੍ਹਾਂ ਪਰਉਪਕਾਰੀ ਸੱਚੇ ਸੰਤਾਂ ਸਿੱਖਾਂ ਦਾ ਸੰਗ ਮੇਲ ਹਰ ਛਿਨ ਬਣਿਆ ਰਹਿਣਾ ਚਾਹੀਦਾ ਹੈ। ਸੱਚਾ ਸਤਸੰਗ ਹਰਿ ਕੀਰਤਨੀ ਸਿਖ ਸੰਤਾਂ ਦਾ ਸਦੀਵੀ ਮਿਲਾਪ ਹੈ। ਅਜਿਹੇ ਸੰਤਾਂ ਸਿੱਖਾਂ ਦੇ ਮਿਲਾਪ ਕਰਕੇ ਮਨ ਕਮਲ ਵਾਂਗ ਖਿੜਿਆ ਰਹਿੰਦਾ ਹੈ।

(੧੧੬) **ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ ॥**
**ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥੨॥੧॥**

*(ਸੂਹੀ ਮ: ੪, ਪੰਨਾ ੭੭੩)*

ਸੱਚਾ ਜਪ ਤਪ ਸੰਜਮੀ ਸੰਤੁਸ਼ਟਤਾ ਵਾਲਾ ਜਦੋਂ ਸੱਚਾ ਭਾਉ ਪ੍ਰੇਮ ਪ੍ਰਬਲ ਹੋਇ ਅੰਤਰਿ ਵਿਗਸਿਆ ਤਾਂ ਕਰਤਾ ਪੁਰਖ ਕਰਤਾਰ ਆਪੇ ਕੁੜਮ ਬਣ ਕੇ ਜਗਿਆਸਾ ਇਸਤ੍ਰੀ ਨੂੰ ਕੁੜਮਾਉਣ ਲਈ ਅੰਤਰ-ਆਤਮੇ ਆਇ ਵੁੱਠਾ। ਤਾਂ ਸੁਹਾਗਣ ਸੰਤ ਸਿਖ

ਸਖੀ-ਸਹੇਲੀਆਂ ਨੇ ਗੁਰਬਾਣੀ ਰੂਪੀ ਮੰਗਲ-ਸਿਠਣੀਆਂ ਦੇਣੀਆਂ ਅਰੰਭ ਦਿਤੀਆਂ।

(੧੧੭) **ਹਰਿ ਕੇ ਸੰਤ ਸਦਾ ਪਰਵਾਣੁ ॥ ਸੰਤ ਜਨਾ ਮਸਤਕਿ ਨੀਸਾਣੁ ॥**
**ਦਾਸ ਕੀ ਰੇਣੁ ਪਾਏ ਜੇ ਕੋਇ ॥ ਨਾਨਕ ਤਿਸ ਕੀ ਪਰਮਗਤਿ ਹੋਇ ॥੪॥੩੫॥੪੬॥**
*(ਰਾਮਕਲੀ ਮ: ੫, ਪੰਨਾ ੮੯੨)*

ਸੇਵਕ ਸਿਖ ਹਰਿ ਕੇ ਦਾਸਾਂ ਨੂੰ ਏਥੇ ਹਰਿ ਕੇ ਸੰਤ, ਸੰਤ ਜਨ ਉਚਾਰਨ ਕੀਤਾ ਗਿਆ ਹੈ। ਗੁਰੂ ਘਰ ਦੇ ਗੁਰਮੁਖਿ ਸਿਖ ਸੰਤ ਜਨਾਂ ਦੇ ਮੁਖ ਮਸਤਕ ਉਤੇ ਨਾਮ-ਰੰਗ ਦੀਆਂ ਦਗ ਰਹੀਆਂ ਲਾਲੀਆਂ ਦਾ ਸੱਚਾ ਨੀਸਾਨ ਹੁੰਦਾ ਹੈ। ਅਜਿਹੇ ਮਸਤਕ-ਨੀਸਾਨੀਏ ਸਿਖ ਸੰਤ ਜਨ ਹੀ ਸਦਾ ਹਰਿ ਦਰਗਾਹ ਪਰਵਾਨ ਹਨ। ਅਜਿਹੇ ਸਿੱਖਾਂ ਦਾਸਾਂ ਸੰਤਾਂ ਦੀ ਚਰਨ-ਰੇਣ ਜਿਸ ਕਿਸੇ ਨੂੰ ਪ੍ਰਾਪਤ ਹੋ ਜਾਏ, ਉਸ ਦੀ ਪਰਮ ਗਤਿ ਹੋਣ ਵਿਚ ਕੋਈ ਭੀ ਸੰਦੇਹ ਨਹੀਂ ਰਹਿੰਦਾ। ਜੋ ਜਗਿਆਸੂ ਜਨ ਮਨ ਬਚਨ ਕਰਮ ਕਰਕੇ ਸਿੱਖਾਂ ਦੀ ਸੰਗਤਿ ਦੀ ਸ਼ਰਨੀ ਆਇ ਪਿਆ, ਉਹ ਫੇਰ ਸਿਖ ਸੰਗਤਿ ਦਾ ਹੀ ਬਣ ਰਿਹਾ। ਜੋ ਗੁਰੂ ਘਰ ਦੇ ਦਾਸਾਂ ਦੇ ਦਾਸ ਹੋਇ ਰਹੇ, ਸੋ ਗੁਰਮੁਖਿ ਹੀ ਬਣ ਰਹੇ। ਇਹ ਗੁਰਮਤਿ ਸੰਗਤਿ ਰੀਤ ਦੇ ਤਜਰਬੇ ਵਿਚ ਆਈ ਹੋਈ ਗੱਲ ਹੈ।

(੧੧੮) **ਸੰਤ ਜਨਾ ਕੀ ਲੇਹੁ ਮਤੇ ॥**
**ਸਾਧ ਸੰਗਿ ਪਾਵਹੁ ਪਰਮ ਗਤੇ ॥੧॥ਰਹਾਉ॥੫॥**
*(ਭੈਰਉ ਮ: ੫, ਪੰਨਾ ੧੧੩੭)*

ਇਹੋ ਉਪਰਲੀ ਗੱਲ ਹੈ। ਗੁਰਸਿੱਖਾਂ ਦੀ ਸਾਧ ਸੰਗਤਿ ਪਰਮ ਗਤਿ ਮੁਕਤਿ-ਦਾਤੀ ਹੈ। ਸਿੱਖਾਂ ਸੰਤ ਜਨਾਂ ਦੀ ਮਤਿ ਸੁਮਤਿ ਨੂੰ ਲੈਣ ਦਾ ਫਲ ਇਹੀ ਹੈ ਕਿ ਜਗਿਆਸੂ ਜਨ ਸਤਸੰਗਤਿ ਕਰਨ ਲਗ ਪੈਂਦਾ ਹੈ, ਜਿਸ ਤੋਂ ਉਸ ਦੀ ਪਰਮ ਗਤਿ ਹੋ ਜਾਂਦੀ ਹੈ।

(੧੧੯) **ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ ॥**
**ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ ॥੧॥੫॥੯॥**
*(ਮਲਾਰ ਮ: ੫, ਪੰਨਾ ੧੨੬੮)*

ਗੁਰਸਿੱਖਾਂ ਸੁਹਾਗਵੰਤਿਆਂ ਦੀ ਇਹ ਭਲੀ ਰੀਤ ਹੈ ਕਿ ਸੁਖਦਾਤੇ ਨੂੰ ਨੀਤ ਨੀਤ ਜਪਦੇ ਜਪਦੇ, ਪ੍ਰੀਤਮ ਦੇ ਰਿਦ ਜੋਤਿ ਵਿਗਾਸੀ ਨਾਮ ਕ੍ਰਿਣ ਜੋਤਾਸੀ ਚਰਨ ਸਿਮਰਦੇ ਸੇਵਦੇ ਹੋਏ, ਹੋਰ ਤੋਂ ਹੋਰ ਪ੍ਰੀਤਮ ਦੇ ਸਮੀਪੀ ਮਿਲਾਪ ਵਿਚ ਮਿਲੇ ਰਹਿਣ ਦੀਆਂ ਪਰੇ ਤੋਂ ਪਰੇ ਆਸਾਂ ਅੰਤਰਿ-ਆਤਮੇ ਵਸਾਈ ਰਖਦੇ ਹਨ। ਅਤੇ ਸੰਗ ਸਾਥ ਦੀਆਂ ਸੰਤ ਸਰੂਪ ਸਹੇਲੀਆਂ ਪ੍ਰੇਮ-ਜੋਦੜੀਆਂ ਕਰਿ ਕਰਿ ਪ੍ਰੀਤਮ-ਦਰਸ-ਮਿਲਾਪ ਦੀਆਂ ਪਰਮ ਰੁੰਚੀਆਂ ਰੁਚਾਉਂਦੇ ਵਧਾਉਂਦੇ ਰਹਿੰਦੇ ਹਨ। ਪ੍ਰਸਪਰ ਗੁਰਮੁਖਿ ਸੰਤ-ਸਿਖ ਗੁਰੂ ਘਰ ਦੇ ਹੀ ਸਿਖ-ਸੰਤ ਜਨਾਂ ਸੇਤੀ ਰਲ ਮਿਲ ਕੇ ਇਹ ਬਿਨੋ ਬਿਨੋਦ ਰਲੀਆਂ ਕਰਦੇ ਰਹਿੰਦੇ ਹਨ। ਇਹੋ ਬਿਨੋ ਬਿਨੋਦ ਰਲੀਆਲੀ ਬਿਰਤੀ ਭੀ ਇਕ ਪ੍ਰਕਾਰ ਦੀ ਪ੍ਰੇਮਾ ਭਗਤੀ ਹੈ।

(੧੨੦) **ਧੂਰਿ ਸੰਤਨ ਕੀ ਮਸਤਕਿ ਲਾਇ ॥**
**ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥੪੭॥**
*(ਰਾਮਕਲੀ ਮ: ੫, ਪੰਨਾ ੮੯੨)*


www.sikhbookclub.com

ਸਾਧ ਸੰਗਤਿ ਵਿਚ ਇਕੱਤਰ ਹੋਇ ਰਹੇ ਸਮੂਹ ਸੰਤਨ ਰੂਪ ਸਿੱਖਨ ਕੀ ਧੂਰੀ ਮਸਤਕ ਲਾਇਆਂ ਜਨਮ ਜਨਮ ਕੀ ਦੁਰਮਤਿ ਮਲ ਲਹਿ ਜਾਂਦੀ ਹੈ। ਐਸਾ ਪ੍ਰਸਪਰ ਪਰਤਾਪ ਹੈ ਸੰਤ ਜਨਾਂ ਗੁਰਮੁਖਿ ਸਿੱਖਾਂ ਦੀ ਚਰਨ-ਰੇਣ ਹੋਇ ਰਹਿਣ ਦਾ। ਭਰਮ-ਭੁੱਲੇ ਲੋਗ ਡਿੰਭੀ ਭੇਖੀ ਸੰਤਾਂ ਦੇ ਚਰਨਾਂ ਨੂੰ ਭਜਦੇ ਹਨ। ਇਕ ਇਕ ਅਜਿਹੇ ਡਿੰਭੀ ਸੰਤ ਦੇ ਅਨੇਕਾਂ ਚਰਨ-ਰੇਨ-ਬਾਂਛੂ ਡਿੰਭੀ ਚੇਲੇ ਬਣੇ ਫਿਰਦੇ ਹਨ। ਜੋ ਐਸਾ ਕਰਕੇ ਕੇਵਲ ਡਿੰਭੀ ਸੰਤਤਾਈ ਦੀ ਫੋਕੀ ਪ੍ਰਭਤਾ ਹੀ ਵਧਾਉਂਦੇ ਹਨ।

(੧੨੧) **ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ ॥**
**ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥...੨॥੩॥**
*(ਬਿਹਾਗੜਾ ਮ: ੫, ਪੰਨਾ ੫੪੩)*

ਸਤਸੰਗ ਦੇ ਸ਼ਰਧਾਲੂਆਂ, ਉਤਮ ਜਗਿਆਸਾ ਵਾਲੇ ਪ੍ਰੇਮੀਆਂ ਦੀ ਸਦਾ ਇਹੋ ਸ਼ਰਧਾ ਹੁੰਦੀ ਹੈ ਕਿ ਹਰਿ ਗੁਣ ਗਾਵਣਹਾਰੇ ਗੁਰੂ ਕੇ ਸਿੱਖਾਂ ਸਾਧਾਂ ਦੀ ਹਰ ਦਮ ਸ਼ਰਨੀ ਪਰ ਰਹੀਏ ਅਤੇ ਖਿਨ ਖਿਨ ਸੰਗਤਿ ਕਰੀਏ ਤੇ ਗੁਰਸਿਖ ਸੰਗਤਾਂ ਵਿਚ ਮਿਲ ਕੇ ਨਿਤਾਪ੍ਰਤਿ ਗੁਣ ਗਾਵਣ ਦਾ ਅਵਸਰ ਪ੍ਰਾਪਤ ਕਰਦੇ ਰਹੀਏ। ਗੁਣ ਗਾਵਣਹਾਰੇ, ਗੁਣ ਗਾਇ ਰਹੇ, ਗੁਣ ਗਾਵਣ ਵਿਚ ਜੁਟ ਰਹੇ ਗੁਰਮੁਖਿ ਸਿੱਖਾਂ ਭਗਤਾਂ ਦੀ ਸੰਤ-ਮੰਡਲੀ ਦੀ ਪ੍ਰੇਮ-ਧੂੜੀ ਵਿਚ ਮਨ ਤਨ ਕਰਕੇ ਮਜਨ ਕੀਤਿਆਂ ਸੱਚ ਮੁੱਚ ਪਤਿਤੋਂ ਪੁਨੀਤ ਹੋ ਜਾਈਦਾ ਹੈ। ਗੁਣ ਗਾਇ ਰਹੀ ਸੰਤ-ਮੰਡਲੀ ਵਿਚ ਕੀਰਤਨ-ਮਈ ਸਿਫ਼ਤ ਸਾਲਾਹ ਕਰ ਰਹੀ ਭਗਤ-ਮੰਡਲੀ ਵਿਚ, ਗੁਰਮੰਤ੍ਰ ਗੁਰੜਾਇ ਰਹੀ ਗੁਰਸਿੱਖਾਂ ਦੀ ਜੁੜ ਰਹੀ ਸੰਗਤਿ ਵਿਚ ਸੱਚ ਮੁੱਚ ਅੰਮ੍ਰਿਤ ਦੀ ਵਰਖਾ ਹੋ ਰਹੀ ਹੁੰਦੀ ਹੈ। ਅੰਮ੍ਰਿਤ ਦੇ ਫੁਹਾਰੇ ਫੁਟ ਰਹੇ ਹੁੰਦੇ ਹਨ। ਜੋ ਕੀਰਤਨ-ਮੰਡਲ ਵਿਚ ਬੈਠੀਆਂ ਸਮੂਹ ਸੰਗਤਾਂ ਦੇ ਰੋਮ ਰੋਮ ਨੂੰ ਅਮੀ ਰਸਾਇਣੀ ਸਪਰਸ ਨਾਲ ਸਰਸ਼ਾਰ ਕਰ ਜਾਂਦੇ ਹਨ। ਸਭਸ ਦੀ ਅਮੀ-ਧੂੜ-ਪ੍ਰਸਿੱਜੀ, ਅਮੀ-ਰਸਾਇਣ-ਰਸਿੱਜੀ ਰੋਮਾਵਲੀ ਅਮਿਉ ਮਜਨ ਪੁਲਕਾਵਲੀ ਹੋ ਜਾਂਦੀ ਹੈ। ਓਹਨਾਂ ਦੇ ਅੰਦਰ ਬਾਹਰ ਹਰਿ-ਰਸ ਧੂੜੀ ਮਜਨ ਜਲ ਟੁੱਲਿ ਟੁੱਲਿ ਪੈਂਦਾ ਹੈ। ਓਹਨਾਂ ਦੇ ਮਨ ਤਨ ਅੰਤਰ ਮਜਨ ਰਸਾਇਣੀ ਅੰਮ੍ਰਿਤ ਮੇਦ ਕਸਤੂਰੀ ਲਿਪਟ ਜਾਂਦੀ ਹੈ। ਕੈਸਾ ਉਤਮ ਆਤਮ ਇਸ਼ਨਾਨ ਹੈ, ਇਹ ਸੰਗਤਿ ਧੂਰ ਮਜਨਾਵਲ ਇਸ਼ਨਾਨ !!! ਵਾਹੁ ! ਵਾਹੁ ! ਵਾਹੁ !

(੧੨੨) **ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥**
**ਕੋਟਿ ਜਨਮ ਕੇ ਦੂਖ ਗਵਾਇਓ ॥੧॥ਰਹਾਉ॥੭॥**
*(ਬੈਰਾੜੀ ਮ: ੫, ਪੰਨਾ ੭੨੦)*

ਪ੍ਰੇਮ ਭਗਤਿ ਗੀਧੀ ਉਪਰਲੇ ਅੰਕ ਵਿਚ ਵਿਆਖਤ ਹੋਈ ਸਤਸੰਗਤਿ ਕੀਰਤਨ-ਮੰਡਲੀਆਂ ਦੀ ਅਮਿਉ ਕਸਤੂਰੜੀ ਆਤਮ ਬਿਰਤ ਨੂੰ ਵੀਚਾਰ ਕੇ ਕੋਈ ਸੰਦੇਹ ਬਾਕੀ ਰਹਿੰਦਾ ਹੈ ਕਿ ਹਰਿ ਜਸ ਗਾਵਨਹਾਰੇ ਸੰਤ ਜਨਾਂ, ਭਾਵ, ਕੀਰਤਨ ਕਰਨਹਾਰੇ ਗੁਰਸਿੱਖਾਂ ਗੁਰਮੁਖਾਂ ਦੇ ਜਨਮ ਜਨਮਾਂਤ੍ਰੀ ਦੁਖ ਦਲਿਦਰ ਦੂਰ ਨਹੀਂ ਹੋ ਜਾਂਦੇ ? ਸੱਚ ਮੁੱਚ ਕੋਟ ਜਨਮ ਦੇ ਦੁਖ ਗਵਾਏ ਜਾਂਦੇ ਹਨ। ਨਾਮ-ਰਤੜੇ ਸਿਖ ਸੰਤ ਜਨਾਂ ਦੀ ਨਾਮ-ਰੰਗ ਰਤੜੀ ਕੀਰਤਨ-ਕਲਾ ਹੀ ਅਨੂਠੀ ਹੁੰਦੀ ਹੈ। ਪਾਰਸ ਰਸਾਇਣੀ

ਰੰਗਲੇ ਗੁਰਮੁਖਿ ਜਨਾਂ ਦੀ ਰੂੜ੍ਹੀ ਬਾਣੀ ਵਿਚ ਰੱਪ ਕੇ ਅੰਮ੍ਰਿਤ ਰਸ ਭਰਪੂਰੇਸ਼ਰੀ ਕੀਰਤਨ ਪ੍ਰਸਪਰ ਮਿਲ ਕੇ ਕਰਨ ਕਰਿ ਸੱਚ ਮੁੱਚ ਕੋਟਿ ਜਨਮਾਂ ਦਾ ਦੁਖ ਮਲ-ਹਰਨਾ ਹੋ ਜਾਂਦਾ ਹੈ। ਨਿਤਾਪ੍ਰਤਿ ਕੀਰਤਨ ਦੀ ਸਮੀਪਤੀ ਤੋਂ ਇਹ ਕੀਰਤਨ-ਫਲ-ਸਮੁਚਨਾ, ਸਭ ਪਾਪ-ਬਿਮੁਚਨਾ ਸ਼ਬਦ ਗੁਰਸਿਖ ਸੰਤ ਜਨਾਂ ਦੇ ਮੰਡਲ ਵਿਚ ਪਾਇਆ ਜਾਂਦਾ ਹੈ। ਫੇਰ ਭੀ ਜੇ ਇਹ ਸਮਝ ਨਾ ਪਵੇ ਕਿ ਹਰਿ ਜਸ ਪ੍ਰਸਪਰ ਮਿਲ ਕੇ ਗਾਵਣਹਾਰੇ ਸੰਤ ਜਨਾਂ ਤੋਂ ਭਾਵ ਸਿਖ ਗੁਰਮੁਖਿ ਜਨਾਂ ਦਾ ਨਹੀਂ ਤਾਂ ਤਿਨ੍ਹਾਂ ਅਪੁੱਠੀ ਸਮਝ ਵਾਲਿਆਂ ਦੇ ਏਦੂੰ ਵਧ ਕੇ ਮੰਦੇ ਭਾਗ ਹੋਰ ਕੀ ਹੋ ਸਕਦੇ ਹਨ ਅਤੇ ਓਹਨਾਂ ਨੂੰ ਕੀ ਸ਼ਰਧਾ ਆਉਣੀ ਹੋਊ ਕੀਰਤਨ ਕਲਾ ਦੀ ਸਫਲ ਫਲ ਕਰਾਮਾਤ ਉਤੇ। ਏਦੂੰ ਵਧ ਕੇ ਹੋਰ ਕੀ ਕਰਾਮਾਤ ਹੋ ਸਕਦੀ ਹੈ ਕਿ ਕੋਟ ਜਨਮਾਂ ਦੇ ਦੁਖ ਗਵਾਏ ਜਾਂਦੇ ਹਨ। ਪਰ ਮਨਮੁਖਾਂ, ਸਾਕਤਾਂ, ਅਉਗਣ ਉਚੇੜਾਂ, ਛਿੱਦਰ-ਫੋਲ ਲਹੂ-ਚੂਸਣੇ ਚਿਚੜਾਂ ਨੂੰ ਪ੍ਰਤੀਤ ਨਹੀਂ ਆਉਂਦੀ। ਨਹੀਂ ਆਉਂਦੀ ਤਾਂ ਕੀ ਕਰੀਏ ? ਨਾ ਆਵੇ, ਰੋਣ ਆਪਣੇ ਕਰਮਾਂ ਨੂੰ।

(੧੨੩) **ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥**
**ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥੭॥**

*(ਸੋਰਠਿ ਮ: ੧, ਪੰਨਾ ੫੯੭)*

ਗੁਰਸਿਖ ਸੰਤ ਜਨਾਂ ਦੀਆਂ ਕੀਰਤਨ-ਕਰਾਮਾਤੀ ਸੰਗਤਾਂ ਵਿਚ ਮਿਲ ਰਹਿਣਾ, ਗੁਰਮੁਖਾਂ ਦਾ ਇਹੋ ਗੁਰਮਤਿ ਤੱਤ ਮਜਨੀ ਤੀਰਥ ਹੈ ਤੇ ਗੁਰਮੁਖਾਂ ਦੀ ਕੀਰਤਨ ਮਜਨੀ ਸੰਗਤਿ ਵਿਚ ਅੰਮ੍ਰਿਤ ਮਜਨਾ ਮੇਲ ਮਿਲ ਕੇ ਜੇ ਜੋਤੀ ਸਰੂਪ ਗੁਰੂ ਦੇ ਜੋਤਿ ਤਰੱਜਨੇ ਦਰਸ਼ਨ ਹੋ ਜਾਣ ਤਾਂ ਅਠਸਠ ਤੀਰਥਾਂ ਦਾ ਮਜਨ ਹੋ ਜਾਂਦਾ ਹੈ। ਅਤੇ ਸੱਚ ਮੁੱਚ ਗੁਰਮੁਖਿ ਸੰਤ-ਮੰਡਲੀ ਸਿਖ ਸੰਗਤਾਂ ਵਿਚ ਮਿਲ ਰਹਿਣ ਦਾ ਇਹ ਜ਼ਾਹਰ ਕਰਾਮਾਤੀ ਪਰਤਾਪ ਵਰਤਦਾ ਹੈ ਕਿ ਸਾਕਸ਼ਾਤ ਗੁਰੂ ਜੋਤਿ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ। ਇਹ ਅੱਖੀਂ ਪੇਖੀ ਪਰਖੀ ਹੋਈ ਸ਼ਹਾਦਤ (ਗਵਾਹੀ) ਮਈ ਸੰਤਨ (ਸਿੱਖਨ) ਕੀ ਸੱਚੀ ਸਾਖੀ ਹੈ।

(੧੨੪) **ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ ॥**
**ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ ॥੧॥੫॥**

*(ਸਾਰਗ ਮ: ੪, ਪੰਨਾ ੧੧੯੯)*

ਗੁਰਬਾਣੀ ਦੇ ਅਖੰਡ ਕੀਰਤਨ ਅਤੇ ਅਖੰਡ ਪਾਠ ਰੂਪੀ ਅਕੱਥ ਕਹਾਣੀ ਦੀ ਦਾਤਿ ਤਿਨ੍ਹਾਂ ਜਨਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਇਹ ਦਾਤਿ ਦਾਨ ਮੰਗਣਹਾਰ ਜਾਚਕਾਂ ਦੀਨ ਜਨਾਂ ਉਤੇ ਦਾਤਾਰ ਕਰਤਾਰ ਪੁਰਖ ਆਪ ਦਇਆਲ ਹੁੰਦਾ ਹੈ। ਤਿਨ੍ਹਾਂ ਨੂੰ ਅੰਮ੍ਰਿਤ ਬਾਣੀ ਦਾ ਅਖੰਡ ਰਸ ਮਾਣ ਰਹੇ ਸਿੱਖਾਂ ਸੰਤ ਜਨਾਂ ਦੀ ਸੰਗਤਿ ਦਾ ਮੇਲ ਪ੍ਰਾਪਤ ਹੁੰਦਾ ਹੈ। ਤਿਨ੍ਹਾਂ ਨਾਮ ਬਾਣੀ ਦੇ ਅਖੰਡ ਅਭਿਆਸੀ ਜਨਾਂ ਸਿੱਖਾਂ ਸੰਤਾਂ ਦੀ ਸੰਗਤਿ ਵਿਚ ਮਿਲ ਕੇ ਸਤਸੰਗ ਦੇ ਸੱਚੇ ਮੁਤਲਾਸ਼ੀਆਂ ਨੂੰ ਸੱਚੇ ਹਰਿ ਰਸ ਦਾ ਅਨੰਦ ਹੁਲਾਸੀ ਸੁਆਦ ਆਉਂਦਾ ਹੈ, ਤਿਨ੍ਹਾਂ ਨੂੰ ਹੀ ਆਨੰਦ ਸਰੂਪੀ ਵਾਹਿਗੁਰੂ ਦੇ ਮਿਲਣ ਦਾ ਚਾਉ ਉਪਜਦਾ ਹੈ ਅਤੇ ਤਿਨ੍ਹਾਂ ਨੂੰ ਹੀ ਵਾਹਿਗੁਰੂ ਦਾ ਮਿਲਾਪ-ਉਮਾਹੁ ਮਨ ਤਨ ਕਰਕੇ ਮੀਠਾ ਲਗਦਾ ਹੈ। ਜਦ ਪਰਤੱਖ ਦਰਸ-ਮਿਲਾਪ ਹੋ ਜਾਣਾ ਹੈ ਤਦ ਤਾਂ ਇਸ

ਦਰਸ-ਮਿਲਾਪ ਦੇ ਮਿਠਾਸ ਰਸ ਦੀ ਗਹਣਗਤਿ ਹੀ ਅਤਿ ਅਨੂਪਮ ਹੋ ਜਾਂਦੀ ਹੈ, ਜਿਸ ਦੀ ਕਿ ਉਪਮਾ ਹੀ ਨਹੀਂ ਹੋ ਸਕਦੀ।

(੧੨੫) **ਮੈ ਮਨੁ ਤਨੁ ਖੋਜਿ ਢੰਢੋਲਿਆ ਕਿਉ ਪਾਈਐ ਅਕਥ ਕਹਾਣੀ ॥**
**ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ ॥**
**ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ ਮੈ ਮੇਲੇ ਪੁਰਖੁ ਸੁਜਾਣੀ ॥੨॥੫॥**

*(ਮਾਰੂ ਮ: ੪, ਪੰਨਾ ੯੯੭)*

ਵਾਹਿਗੁਰੂ ਦੇ ਅਖੰਡ ਨਾਮ-ਜਾਪ, ਅਖੰਡ ਨਾਮ-ਅਭਿਆਸ ਰੂਪੀ ਅਕੱਥ ਕਹਾਣੀ ਦਾ ਮਨ ਤਨ ਖੋਜ-ਢੰਢੋਲਵਾਂ ਸੁਹਾਗ, ਗੁਰੂ ਘਰ ਦੇ ਅਖੰਡ ਨਾਮ-ਅਭਿਆਸ ਕਮਾਈ ਵਾਲੇ ਗੁਰਮੁਖਿ ਸਿਖ ਸੰਤ ਜਨਾਂ ਨੂੰ ਮਿਲ ਕੇ ਹੀ ਮਿਲਦਾ ਹੈ। ਅਤੇ ਤਿਨ੍ਹਾਂ ਅਖੰਡ ਨਾਮ-ਅਭਿਆਸੀ ਜਨਾਂ ਨਾਮ-ਰੰਗੀਸ਼ਰਾਂ ਦੀ ਰਸਨਾ ਦੁਆਰਾ ਅਖੰਡ ਕੀਰਤਨ ਸੁਣ ਕੇ ਹੀ ਅਕੱਥ ਕਹਾਣੀ ਦੇ ਅਸਲ ਅਰਥਾਂ ਦਾ ਪਤਾ ਲਗਦਾ ਹੈ। ਅਤੇ ਗੁਰਬਾਣੀ ਰੂਪੀ ਅਕੱਥ ਕਹਾਣੀ ਮੀਠੀ, ਮਨਿ ਭਾਣੀ, ਰਸ ਅਨੰਦਾਣੀ ਲਗਦੀ ਹੈ। ਅਤੇ ਮਨਿ ਨਾਮ ਆਧਾਰ ਵਾਲਾ ਪਿਰਮ ਰਸ ਭੀ ਗੁਰਸਿਖ ਅਭਿਆਸੀ ਜਨਾਂ ਦੀ ਸਤਸੰਗਤਿ ਕੀਤਿਆਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਸ ਨਾਮ ਆਧਾਰ ਦੇ ਅਪਾਰ ਚੋਜ ਵਿਡਾਣੀ ਰੰਗਾਂ ਵਿਚ ਰੰਗੀਜ ਕੇ ਪ੍ਰੀਤਮ ਪੁਰਖ ਸੁਜਾਣੀ ਦਾ ਮੇਲ-ਦਰਸ਼ਨ ਪ੍ਰਾਪਤ ਹੁੰਦਾ ਹੈ।

(੧੨੬) **ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ**
**ਹਰਿ ਬਾਝਹੁ ਧਨ ਕੁਮਲੈਣੀ ਜੀਉ ॥**
**ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿੰਦਾ**
**ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥... ੨॥੬੭॥**

*(ਗਉੜੀ ਮਾਝ ਮ: ੪, ਪੰਨਾ ੧੭੩-੭੪)*

ਵਾਹਿਗੁਰੂ ਪ੍ਰੀਤਮ ਦੇ ਹਿਤ ਚਿੰਤਨੀ ਬਿਰਹੋਂ ਬੈਰਾਗ ਵਾਲੀ ਪਰਮਾਰਥ ਜਗਿਆਸਨੀ ਧਨ ਇਸਤ੍ਰੀ ਨੂੰ ਪ੍ਰੀਤਮ ਦੇ ਖਿਨ-ਖਿਨੀ ਦਰਸ-ਮਿਲਾਪ ਬਾਝੋਂ ਚੈਨ ਨਹੀਂ ਆਉਂਦਾ। ਜਿਸ ਖਿਨ ਪ੍ਰੀਤਮ-ਦਰਸ-ਝਲਕਾਰ ਦ੍ਰਿਸ਼ ਅੱਖੀਆਂ ਤੋਂ ਓਹਲੇ ਹੋ ਜਾਂਦਾ ਹੈ, ਤਿਸੈ ਖਿਨ ਉਸਦਾ ਮਰਨ ਹੋ ਜਾਂਦਾ ਹੈ। ਬਿਰਹੋਂ ਬੈਰਾਗਨ ਧਨ ਕਮਲੀ ਹੋ ਜਾਂਦੀ ਹੈ। ਉਸ ਦਾ ਮਨ ਤਨ ਕੁਮਲਾ ਜਾਂਦਾ ਹੈ। ਪਿਰ ਮਿਲੇ ਬਾਝਹੁ ਧਨ ਕੁਮਲੈਣੀ ਹੀ ਰਹਿੰਦੀ ਹੈ। ਨਾਮ-ਰੰਗ ਰਤੜੇ ਵਾਹਿਗੁਰੂ ਦਰਸ਼ਨ ਮਗਨੱਤੜੇ ਗੁਰਮੁਖਿ ਸਿੱਖਾਂ ਸੰਤਾਂ ਜਨਾਂ ਦੀ ਸੰਗਤਿ ਵਿਚ ਮਿਲ ਕੇ ਗੋਵਿੰਦ ਹਰਿ ਪ੍ਰਭ ਸਜਣ ਸੈਣੀ ਨੂੰ ਸਦ ਦਰਸ ਵਿਗਾਸ ਮਿਲਾਪ ਦੀ ਸਾਕਸ਼ਾਤੀ-ਸਤਾ ਦੇ ਪਰਤੱਖ ਸਰੂਪ ਵਿਚ ਪਾ ਲਈਦਾ ਹੈ। ਐਸਾ ਹੈ ਦਰਸ-ਵਿਗਾਸੀ, ਨਾਮ ਅਭਿਆਸੀ ਸਿੱਖਾਂ ਸੰਤਾਂ ਦੀ ਸੰਗਤਿ ਦੇ ਮਿਲਾਪ ਦਾ ਪਰਤਾਪ।

(੧੨੭) **ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥...੨॥**

*(ਬਾਰਹਮਾਹਾ ਮਾਂਝ ਮ: ੫, ਪੰਨਾ ੧੩੩)*


www.sikhbookclub.com

ਬਸੰਤ ਰੁਤੀ ਖਿੜੇ ਮਹੀਨੇ ਵਿਚ ਗੋਵਿੰਦ ਅਰਾਧਿਆਂ ਘਣਾ ਆਨੰਦ ਖਿੜਾਉ ਬਖ਼ਸ਼ਦਾ ਹੈ। ਇਸ ਬਿਧਿ ਆਨੰਦ ਖਿੜਾਉ ਸਹਿਤ ਆਰਾਧਨ ਕਰ ਕੇ ਅਤੇ ਨਾਮ-ਅਭਿਆਸੀ ਕਮਾਈ ਵਾਲੇ ਗੁਰਮੁਖਾਂ ਸਿੱਖਾਂ ਸੰਤ ਜਨਾਂ ਨੂੰ ਮਿਲ ਕੇ ਰਸਨਾ ਨਾਮ ਭਣੰਦਿਆਂ ਗੋਵਿੰਦ ਪ੍ਰੀਤਮ ਨੂੰ ਪਾ ਲਈਦਾ ਹੈ। ਐਸਾ ਪਰਤਾਪ ਹੈ ਸਿਖ ਸੰਤਾਂ ਦੇ ਮਿਲਾਪ ਦਾ।

(੧੨੮) **ਸੰਤ ਜਨਾ ਮਿਲਿ ਬੋਲਹੁ ਰਾਮੁ ॥ ਸਭ ਤੇ ਨਿਰਮਲ ਪੂਰਨ ਕਾਮੁ ॥੧॥ਰਹਾਉ॥੧੦॥**

*(ਗੋਂਡ ਮ: ੫, ਪੰਨਾ ੮੬੫)*

ਹੇ ਸੰਤ ਜਨਹੁ ਸਿਖੋ ! ਪ੍ਰਸਪਰ ਮਿਲ ਕੇ ਰਾਮ ਬੋਲਹੁ, ਨਾਮ-ਅਭਿਆਸ ਕਰਹੁ। ਪਾਰਸ ਦ੍ਰਿਸ਼ਟ ਅਮੀ ਰਸਾਇਣ ਬੋਲਿਸ਼ਟ ਨਾਮ ਰਸ ਸੁਭਰ ਭਰੇ ਗੁਰਮੁਖਿ ਸਿਖ ਸੰਤਾਂ ਨਾਲ ਮਿਲ ਕੇ ਨਾਮ ਅਭਿਆਸ ਕਰਨਾ ਅਤੀਅੰਤ ਹੀ ਲਾਭਦਾਇਕ ਅਤੇ ਪਾਰਸ ਫਲ ਫਲਾਇਕ ਹੈ। ਸਭ ਕੰਮਾਂ ਤੋਂ ਨਿਰਮਲ ਕੰਮ ਇਹੋ ਹੀ ਹੈ। ਹੋਰ ਸਭ ਕੰਮ ਮਲ ਮਾਇਆ ਮਲੀਨ ਹੈਨ। ਸਭ ਕੰਮਾਂ ਤੋਂ ਪੂਰਨ ਕੰਮ ਇਹੋ ਹੀ ਹੈ। ਹੋਰ ਸਾਰੇ ਕੰਮ ਊਰੇ ਅਧੂਰੇ ਅਤੇ ਹੋਛੇ ਹਨ। ਇਕੋ 'ਸੰਤ ਜਨਾ ਮਿਲਿ ਬੋਲਹੁ ਰਾਮੁ' ਵਾਲਾ ਕੰਮ ਹੀ ਪੂਰਨ ਕੰਮ ਹੈ।

(੧੨੯) **ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥... ੪॥੩॥**

*(ਸੂਹੀ ਛੰਤ ਮ: ੪, ਪੰਨਾ ੭੭੫)*

ਸਿੱਖਾਂ ਸੰਤ ਜਨਾਂ ਨੇ ਪ੍ਰਸਪਰ ਮਿਲ ਕੇ ਗੁਣ ਕੀਰਤਨ ਮੰਗਲ ਗਾਇਨ ਕੀਤੇ। ਤਿਨ੍ਹਾਂ ਨੂੰ ਹਰਿ ਜੀਉ ਆਪ ਸੰਵਾਰਨ ਤੇ ਉਧਾਰਨਹਾਰਾ ਹੈ। ਪ੍ਰਸਪਰ ਮਿਲ ਕੇ ਗੁਣ ਗਾਵਣ ਦਾ ਐਸਾ ਅਚਰਜ ਪਰਤਾਪ ਹੈ।

(੧੩੦) **ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥...੩॥੨॥**

*(ਸੂਹੀ ਮ: ੪, ਪੰਨਾ ੭੭੪)*

ਗੁਰਬਾਣੀ ਦੇ ਅਖੰਡ ਅਰਾਧਨ-ਮਈ ਅਕੱਥ ਕਥਾ ਨੂੰ ਕਥ ਕਥ ਕੇ, ਸਾਲਾਹ ਸਾਲਾਹ ਕੇ ਵਡਭਾਗੀ ਸਿੱਖਾਂ ਸੰਤ ਜਨਾਂ ਨੇ ਗੁਰ ਪ੍ਰਸਾਦੀ ਵਾਹਿਗੁਰੂ ਨੂੰ ਪਾਇਆ ਹੈ।

(੧੩੧) **ਸੰਤਨ ਕੈ ਮਨਿ ਮਹਾ ਅਨੰਦੁ ॥ ਸੰਤ ਜਪਹਿ ਗੁਰਦੇਉ ਭਗਵੰਤੁ ॥...੩॥੨੯॥**

*(ਗੋਂਡ ਅਸਟ ਮ: ੫, ਪੰਨਾ ੮੬੯)*

ਗੁਰਦੇਉ ਭਗਵੰਤ ਵਾਹਿਗੁਰੂ ਨੂੰ ਜਪਣਹਾਰੇ ਸਿੱਖਾਂ ਸੰਤਾਂ ਦੇ ਮਨ ਮਾਹਿ ਮਹਾ ਆਨੰਦ ਰਸ ਪਰਵੇਸ਼ ਹੋ ਜਾਂਦਾ ਹੈ। ਐਸੀ ਪਾਰਸ ਸ਼ਕਤਿ ਹੈ ਅੰਮ੍ਰਿਤ ਨਾਮ ਰਸਾਇਣ ਦੀ।

(੧੩੨) **ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥...੨॥੧॥**

*(ਸਿਰੀਰਾਗੁ ਮ: ੪ ਵਣਜਾਰਾ, ਪੰਨਾ ੮੨)*

ਗੁਰ-ਦੀਖਿਆ ਲੈ ਕੇ ਗੁਰੂ ਕੇ ਸਿੱਖ ਹੋਇਆਂ ਬਿਨਾਂ ਅਤੇ ਐਸੇ ਗੁਰ-ਦੀਖਿਅਤ ਸਿੱਖਾਂ ਭਾਈਆਂ ਸੰਤ ਜਨਾਂ ਬਿਨਾਂ ਗੁਰਮਤਿ ਨਾਮ ਗੁਰੂ ਦੁਆਰਿਓਂ ਕਿਸੇ ਨੂੰ ਨਹੀਂ

ਮਿਲਦਾ। ਗੁਰੂ ਘਰ ਅੰਦਰ ਤਾਂ ਗੁਰੂ ਦੁਆਰਿਓਂ ਨਾਮ ਲੈਣ ਵਾਲੇ ਸਿਖ ਸੰਤ ਜਨ ਕਹਾਉਂਦੇ ਹਨ। ਡਿੰਭੀ ਸੰਤ-ਡੰਮੀਆਂ ਨੇ ਨਾਮ ਦੇਣ ਵਾਲਿਆਂ ਦਾ ਨਾਉਂ ਸੰਤ ਯਾ ਗੁਰਦੇਵ-ਸੰਤ ਧਰ ਲਿਆ, ਹਾਲਾਂਕਿ ਗੁਰਮਤਿ ਅਨੁਸਾਰ ਨਾਮ ਦੇਣ ਦਾ ਅਧਿਕਾਰ ਸਤਿਗੁਰੂ ਬਾਝੋਂ ਕਿਸੇ ਨੂੰ ਭੀ ਨਹੀਂ। ਸਤਿਗੁਰੂ ਦੀ ਪਦਵੀ ਫ਼ੀ ਜ਼ਮਾਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ। ਸੋ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੋ ਕੇ ਪੰਜ ਪਰਵਾਨ ਪਿਆਰੇ ਹੀ ਨਾਮ-ਅਭਿਲਾਖੀਆਂ ਅਤੇ ਅਧਿਕਾਰੀਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਨਾਮ ਦ੍ਰਿੜ੍ਹਾ ਸਕਦੇ ਹਨ। ਹੋਰ ਕਿਸੇ ਕੱਲ-ਮਕੱਲੇ ਮਟੰਨ ਸਾਧੜੇ ਨੂੰ ਨਾਮ ਦੇਣ ਦਾ ਅਧਿਕਾਰ ਗੁਰਮਤਿ ਅਨੁਸਾਰ ਉੱਕਾ ਹੀ ਨਹੀਂ।

(੧੩੩) **ਭਗਤ ਜਨਾ ਕਾ ਰਾਖਣਹਾਰਾ ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥**
**ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥**
*(ਮਾਰੂ ਮ: ੫, ਪੰਨਾ ੧੦੦੮)*

ਵਾਹਿਗੁਰੂ ਸਮਰੱਥ ਸੁਆਮੀ ਆਪਣੇ ਭਗਤ ਜਨਾਂ ਦਾ ਰਖਵਾਰਾ ਹੈ ਅਤੇ ਗੁਰਮੁਖਿ ਸੰਤ ਜਨਾਂ ਦਾ ਪ੍ਰਾਨ-ਅਧਾਰਾ ਪ੍ਰੀਤਮ ਹੈ। ਤਾਂ ਹੀ ਤੇ ਗੁਰਮੁਖਿ ਸਿਖ ਸੰਤ ਜਨ ਪ੍ਰਾਨ ਅਧਾਰ ਪ੍ਰੀਤਮ ਵਾਹਿਗੁਰੂ ਨੂੰ ਜਪ ਜਪ ਕੇ ਜੀਊਂਦੇ ਹਨ। ਵਾਹਿਗੁਰੂ ਨੂੰ ਜਪਣਾ ਨਾਮ ਜਪਣਹਾਰੇ ਸਿੱਖਾਂ ਸੰਤਾਂ ਦਾ ਜੀਵਨ-ਅਹਾਰ ਪ੍ਰਾਨ-ਆਧਾਰ ਹੈ। ਵਾਹਿਗੁਰੂ-ਜਾਪ ਵਿਸਰਨਾ ਓਹਨਾਂ ਦਾ ਮਰਨ ਹੈ। ਤਾਹੀਓਂ ਸੁਆਸ ਸੁਆਸ ਜਪਣਹਾਰੇ ਸੰਤ ਗੁਰਮੁਖਿ ਸਿਖ ਪਿਆਰੇ, ਜੀਵਨ-ਆਹਾਰੀ-ਜਾਪ ਵਿਚ ਐਸਾ ਜੁਟਦੇ ਹਨ ਕਿ ਇਕ ਖਿਨ ਭੀ ਜਪਣੋਂ ਨਹੀ ਹਟਦੇ। ਮਰ ਮਿਟਦੇ ਹਨ। ਲਟਾ ਪੀਂਘ ਹੋ ਜਾਂਦੇ ਹਨ। ਸਮਰੱਥ ਸੁਆਮੀ ਵਾਹਿਗੁਰੂ ਦੇ ਜਾਪ ਵਿਟਹੁੰ ਤਨ ਮਨ ਧਨ ਸਭ ਕੁਰਬਾਨ ਕਰ ਦਿੰਦੇ ਹਨ। ਧੰਨ ਹਨ ਨਾਮ-ਦੀਪ ਦੇ ਪਤੰਗੇ ਸਿਖ ਸੰਤ।

(੧੩੪) **ਮਾਇਆ ਬਿਆਪਤ ਬਹੁ ਪਰਕਾਰੀ ॥**
**ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥੮੮॥**
*(ਗਉੜੀ ਗੁਆ: ਮ: ੫, ਪੰਨਾ ੧੮੨)*

ਸੰਸਾਰੀਆਂ ਸਾਕਤ ਪੁਰਸ਼ਾਂ ਨੂੰ ਮਾਇਆ ਬਹੁ ਪ੍ਰਕਾਰ ਕਰਕੇ ਗ੍ਰਸੀ ਰਖਦੀ ਹੈ, ਪਰਮਾਰਥ ਵਲ ਓਹਨਾਂ ਦੀ ਸੁਰਤ ਨਹੀਂ ਉਘੜਨ ਦਿੰਦੀ। ਅਨਿਕ ਵੇਸ ਕਰਿ ਕਰਿ ਬਿਮੋਹਦੀ ਹੈ। ਪਰ, ਜੋ ਗੁਰੂ ਕੇ ਸਿਖ ਗੁਰੂ ਸ਼ਰਣਾਗਤਿ ਆਉਣ ਕਰਿ ਗੁਰ ਪ੍ਰਸਾਦੀ ਗੁਰਮੁਖਿ ਸੰਤ ਬਣ ਗਏ ਹਨ, ਉਹਨਾਂ ਨੂੰ ਗੁਰੂ ਕਰਤਾਰ ਦਾ ਓਹਲਾ ਆਸਰਾ ਤੇ ਤਾਣ ਤਕੀਆ ਹੈ। ਓਹ ਗੁਰਮੁਖਿ ਸਿਖ ਸੰਤ ਜਨ ਵਾਹਿਗੁਰੂ ਦੀ ਓਟ ਤਲੇ ਵਿਗਸ ਵਿਗਸ ਕੇ ਨਿਰਭਉ ਜੀਵਣੀ ਜੀਵੰਦੇ ਹਨ। ਤਿਨ੍ਹਾਂ ਨੂੰ ਮਾਇਆ ਜੋਹ ਨਹੀਂ ਸਕਦੀ। ਮਾਇਆ ਦਾ ਲੇਸ ਤਿਨ੍ਹਾਂ ਨੂੰ ਮੋਹ ਨਹੀਂ ਸਕਦਾ। ਐਸੀ ਹੈ ਮਹਿਮਾ ਗੁਰੂ ਘਰ ਦੇ ਨਿਰਭਉ ਨਾਮ ਜਪਣਹਾਰੇ ਸੇਵਕਾਂ ਸਿੱਖਾਂ ਸੰਤਾਂ ਦੀ।

(੧੩੫) **ਨਿੰਦਕ ਕੀ ਗਤਿ ਕਤਹੂ ਨਾਹੀ ਖਸਮੈ ਏਵੈ ਭਾਣਾ ॥**
**ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥੩॥**

**ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥**
**ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥੪॥੨॥੪੧॥**

*(ਆਸਾ ਮ: ੫, ਪੰਨਾ ੩੮੧)*

ਇਕ ਪਾਸੇ ਤਾਂ ਵਾਹਿਗੁਰੂ ਦਾ ਨਾਮ ਜਪਣਹਾਰੇ ਗੁਰੂ ਕੇ ਸਿਖ ਸੰਤ ਹਨ। ਦੂਜੇ ਪਾਸੇ ਨਾਮੋਂ ਘੁੱਥੇ ਓਹ ਸਾਕਤ ਪੁਰਸ਼ ਹਨ ਜਿਨ੍ਹਾਂ ਨੂੰ ਵਾਹਿਗੁਰੂ ਦਾ ਨਾਮ ਸੁਣ ਕੇ ਹੀ ਡੰਸ ਲਗਦਾ ਹੈ। ਓਹ ਵਾਹਿਗੁਰੂ ਦਾ ਨਾਮ ਜਪਣਹਾਰੇ ਗੁਰਮੁਖਿ ਸਿਖ ਸੰਤ ਜਨਾਂ ਦੀ ਉਲਟੀ ਨਿੰਦਾ ਹੀ ਕਰਨ ਲਗ ਜਾਂਦੇ ਹਨ। ਪਰ ਤਿਨ੍ਹਾਂ ਨਿੰਦਕ ਸਾਕਤ ਪੁਰਸ਼ਾਂ ਦੀ ਕਿਤੇ ਭੀ ਗਤੀ ਨਹੀਂ। ਕਦੇ ਭੀ ਗਤੀ ਨਹੀਂ ਹੋ ਸਕਦੀ, ਐਸੀ ਹੀ ਮਾਲਕ ਦੀ ਮਰਜ਼ੀ ਰਜ਼ਾਇ ਹੈ। ਸਗੋਂ ਜਿਉਂ ਜਿਉਂ ਸਾਕਤ ਪੁਰਸ਼ ਨਾਮ ਜਪਣਹਾਰੇ ਸੰਤਾਂ ਸਿੱਖਾਂ ਦੀ ਨਿੰਦਾ ਕਰਦੇ ਹਨ ਤਿਉਂ ਤਿਉਂ ਸੰਤਾਂ ਨੂੰ ਨਾਮ ਦੇ ਰੰਗ ਹੋਰ ਵਧੇਰੇ ਚੜ੍ਹਦੇ ਹਨ ਅਤੇ ਸਿਖ ਸੰਤ ਜਨ ਵਧੇਰੇ ਨਾਮ ਜਪਣ ਦਾ ਸੁਖ ਅਨੰਦ ਮਾਣਦੇ ਹਨ। ਨਾਮ ਜਪਣਹਾਰੇ ਸਿਖ ਸੇਵਕਾਂ ਸੰਤਾਂ ਨੂੰ ਨਾਮੀ ਵਾਹਿਗੁਰੂ ਦੀ ਹੀ ਟੇਕ ਹੈ, ਜਿਸ ਦਾ ਕਿ ਓਹ ਨਾਮ ਜਪਦੇ ਹਨ। ਵਾਹਿਗੁਰੂ ਓਹਨਾਂ ਦੀ ਪੈਜ ਰਖਦਾ ਹੈ, ਕਿਉਂਕਿ ਨਾਮ ਜਪਣਹਾਰਿਆ ਦੀ ਨਿੰਦਾ ਵਾਸਤਵ ਵਿਚ ਵਾਹਿਗੁਰੂ-ਨਾਮ ਦੀ ਹੀ ਨਿੰਦਾ ਹੈ, ਇਸ ਕਰਕੇ ਵਾਹਿਗੁਰੂ ਆਪ ਆਪਣੇ ਨਾਮ ਜਪਣਹਾਰਿਆਂ ਦਾ ਸਹਾਈ ਹੁੰਦਾ ਹੈ। ਗੁਰੂ ਨਾਨਕ ਸਾਹਿਬ ਸ਼ਾਹਦੀ ਭਰਦੇ ਹਨ ਕਿ ਨਾਮ ਜਪਣਹਾਰੇ ਸੰਤਾਂ ਸਿੱਖਾਂ ਦਾ ਵਾਹਿਗੁਰੂ ਆਪ ਰਾਖਾ ਬਣਦਾ ਹੈ ਅਤੇ ਨਿੰਦਕਾਂ ਨੂੰ ਰੁੜ੍ਹਾ ਦਿੰਦਾ ਹੈ। ਖ਼ਬਰ ਨਹੀਂ ਵਿਚਾਰੇ ਕਿਹੜੇ ਨਰਕ ਖੂਹ ਵਿਚ ਗੋਤੇ ਖਾਂਦੇ ਹਨ। ਜਿਥੋਂ ਓਹਨਾਂ ਨੂੰ ਫੇਰ ਸੰਤ ਹੀ ਉਭਾਰਨ ਤਾਂ ਉਭਾਰਨ !! ਕਿਹੜੇ ਸੰਤ ? ਨਾਮ-ਰੰਗ-ਰਤੜੇ ਗੁਰੂ ਕੇ ਗੁਰਮੁਖਿ ਸਿਖ ਸੰਤ। ਨਾ ਕਿ ਆਪੇ ਬਣ ਬੈਠੇ ਮਹੰਤ ਸੰਤ, ਗੁਰ-ਗੱਦੀ ਮੱਲਣ ਵਾਲੇ ਡੰਮੀ ਸੰਤ। ਤਿਨ੍ਹਾਂ ਡੰਮੀਆਂ ਦੀ ਡੰਮਤਾ ਨੂੰ ਸੋਧਣਾ ਪਰਬੋਧਣਾ ਹਰਗਿਜ਼ ਹਰਗਿਜ਼ ਨਿੰਦਾ ਵਿਚ ਦਾਖ਼ਲ ਨਹੀਂ, ਸਗੋਂ ਐਨ ਸਵਾਬ ਹੈ। ਪਰ ਸੰਤ ਪਦ ਦੀ ਹੀ ਨਿਖੇਧੀ ਕਰੀ ਜਾਣੀ ਨਿੰਦਾ ਰੂਪ ਹੈ। ਇਹ ਕਹੀ ਜਾਣਾ ਕਿ ਸੰਤ ਪਦ ਕਿਸੇ ਗੁਰਸਿਖ ਪ੍ਰਥਾਇ ਘਟਦਾ ਹੀ ਨਹੀਂ, ਕੇਵਲ ਗੁਰੂ ਤੇ ਹੀ ਆਇਦ ਹੁੰਦਾ ਹੈ, ਗੁਰਬਾਣੀ ਅੰਦਰ ਆਈ ਸੰਤ ਪਦ ਦੀ ਗੁਰਮਤਿ ਅਸਲੇ ਵਾਲੀ ਮਹਿਮਾ ਤੋਂ ਵੰਚਤ ਹੋਣਾ ਹੈ। ਜਿਸ ਭੁਲ ਤੋਂ ਹਰ ਇਕ ਸਿਖ ਨੂੰ ਬਚਣਾ ਲਾਜ਼ਮੀ ਹੈ।

(੧੩੬) **ਸੰਤਨ ਅਵਰ ਨ ਕਾਹੂ ਜਾਨੀ ॥**
**ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥ਰਹਾਉ॥**
**ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥**
**ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ ॥੧॥**
**ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥**
**ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥੨॥੧॥**

*(ਟੋਡੀ ਮ: ੫, ਪੰਨਾ ੭੧੧)*

ਨਾਮ ਜਪਣਹਾਰੇ ਨਾਮ-ਲਿਵ-ਮਸਤਾਰੇ, ਨਾਮ-ਇਸ਼ਕ-ਖੁਮਾਰੇ ਸੰਤਾ ਗੁਰਮੁਖਿ ਸਿੱਖਾਂ ਨੂੰ ਨਾਮ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਪਰਵਾਹ ਨਹੀਂ। ਨਾ ਦੌਲਤ ਹਸ਼ਮਤ

 www.sikhbookclub.com

ਦੀ, ਨਾ ਸ਼ੁਹਰਤ ਨੇਕਨਾਮੀ ਦੀ, ਨਾ ਨਸ਼ਰਤ ਬਦਨਾਮੀ ਦੀ, ਨਾ ਉਸਤਤ ਦੀ, ਨਾ ਨਿੰਦਾ ਦੀ, ਨਾ ਪੈਜ ਇਜ਼ਤ ਫ਼ੈਜ਼ ਦੀ, ਨਾ ਲਾਜ ਕੁਲਾਜ ਐਬ ਦੀ। ਓਹ ਸਦਾ ਇਕ-ਰਸ ਇਕੋ ਨਾਮ ਦੇ ਰੰਗ ਵਿਚ ਮਸਤ ਅਲਮਸਤ ਅਤੇ ਬੇਪਰਵਾਹ ਰਹਿੰਦੇ ਹਨ। ਤਿਨ੍ਹਾਂ ਬੇਪਰਵਾਹੀਆਂ ਦੇ ਪਾਤਸ਼ਾਹਾਂ ਦੇ ਪੱਖ ਉਤੇ ਪਾਤਸ਼ਾਹਾਂ ਦਾ ਪਾਤਸ਼ਾਹ ਵਾਹਿਗੁਰੂ ਸੱਚਾ ਸੁਆਮੀ ਹੈ। ਤਿਨ੍ਹਾਂ ਦਾ ਤਾਣ ਦੀਬਾਣ ਊਚ ਸਮਾਨਾ ਮੇਹਰਬਾਨ ਠਾਕੁਰ ਪੁਰਖ ਸੁਜਾਨ ਹੈ। ਹੋਰ ਕਿਸੇ ਦੀ ਕਾਣ ਓਹ ਨਹੀਂ ਕਢਦੇ। ਓਹ ਸੱਚੇ ਜੋਤਿ-ਵਿਗਾਸੀ ਪਰਮਾਤਮ ਗਿਆਨ ਦੇ ਰੰਗ ਰਾਚ ਰਹੇ ਗਿਆਨੀ ਸੰਤ ਭਗਤ ਹਨ। ਤਿਨ੍ਹਾਂ ਰੰਗਿ ਰਾਚਿ ਰਹੇ ਸੰਤਾਂ ਗਿਆਨੀਆਂ ਭਗਤਾਂ ਗੁਰਮੁਖਿ ਸਿੱਖਾਂ ਨੂੰ ਧੁਰ ਦਰਗਾਹੋਂ ਹੀ ਬੇਮੁਥਾਜ ਬੇਪਰਵਾਹ ਰਹਿਣ ਦਾ ਅਮਰ ਸੰਧੌਰਾ ਮਿਲਿਆ ਹੋਇਆ ਹੁੰਦਾ ਹੈ। ਤਿਨ੍ਹਾਂ ਅਮਰ ਸੰਧੌਰੇ ਦੇ ਧੁਰ ਦਰਗਾਹੀ ਤਗਮੇ ਵਾਲਿਆਂ ਹਰੀ ਜਨਾਂ ਦੇ ਰੋਗ ਸੋਗ ਜਰਾ ਮਰਾ ਦੁਖ ਦਲਿਦ੍ਰ ਨੇੜੇ ਨਹੀਂ ਆ ਸਕਦਾ। ਤਿਨ੍ਹਾਂ ਹਰਿ ਜਨਾਂ ਸੰਤਾਂ ਗੁਰਮੁਖਿ ਸਿੱਖਾਂ ਦਾ ਹਰਿ ਸੇਤੀ ਹੀ ਮਨ ਮਾਨਿਆ ਧਿਆਨਿਆ ਹੋਇਆ ਰਹਿੰਦਾ ਹੈ। ਸੋ ਓਹ ਏਕੋ ਨਾਮ ਦੀ ਜੋਤਿ ਰਸ ਲੋਰ ਵਿਚ ਨਿਰਭਉ ਹੋ ਕੇ ਲੀਨ ਹੋ ਰਹੇ ਹਨ।

(੧੩੭) **ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥**
**ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥੪॥**

*(ਬਿਲਾਵਲੁ ਕਬੀਰ ਜੀਉ, ਪੰਨਾ ੮੫੬)*

ਸਰਬ ਸੁਖਾਂ ਕਾ ਸੁਆਮੀ ਏਕੋ ਵਾਹਿਗੁਰੂ ਹੈ। ਓਹੀ ਆਦਿ ਜੁਗਾਦੀ ਏਕੋ ਸੱਚਾ ਗੁਰੂ ਹੈ। ਕਿਤੇ ਛਿਨ ਕੁ ਸਮੇਂ ਲਈ ਆਪਣੇ ਭਗਤਾਂ ਨੂੰ ਉਬਾਰਨ ਹਿਤ ਚਮਤਕਾਰ ਸਰਗੁਨ ਸਰੂਪ ਧਾਰਦਾ ਹੈ। ਕਿਤੇ ਤਨਕ ਮਾਤ੍ਰ ਆਪਣੇ ਸੰਤਾਂ, ਸਿਖ ਸਪੁਤ੍ਰਾਂ ਦੀ ਸਾਰ ਸੰਭਾਰਨ ਹਿਤ ਕਉਤਕ ਕਟਾਕਸ਼ੀ ਚੁੰਬਕੀ ਗੁਰ ਪਿਤਾ ਦਾ ਧਾਣਕ ਰੂਪ ਚਮਤਕਾਰਦਾ ਹੈ। ਹੋਰ ਜੁਗਾਂ ਅੰਦਰ ਤਾਂ ਉਦਾਹਰਨ ਰੂਪ ਹੀ ਗੁਰੂ ਸਰੂਪ ਸਰਗੁਣ ਜਾਮੇ ਵਿਚ ਧਾਰਨ ਕੀਤੇ ਹਨ, ਪ੍ਰੰਤੂ ਇਸ ਕਲਜੁਗ ਵਿਚ ਕਲਿ ਤਾਰਨ ਲਈ ਵਾਹਿਗੁਰੂ ਦੇ ਪਰਤੱਖ ਦਸ ਗੁਰੂ ਜਾਮੇ ਸਰਗੁਣ ਸਰੂਪ ਵਿਚ ਲਗਾਤਾਰ ਸਦੀਆਂ ਪਰਯੰਤ ਧਾਰਨ ਕੀਤੇ। ਪ੍ਰੰਤੂ ਹਰ ਸਮੇਂ ਲਈ ਗੁਰ ਜਾਮਾ ਇਕ ਵਕਤ ਲਈ ਇਕੋ ਹੀ ਵਾਹਿਗੁਰੂ ਪਠਾਇਆ ਆਇਆ ਹੈ। ਚਾਹੇ ਅਲਪ ਸਮੇਂ ਲਈ ਆਇਆ, ਚਾਹੇ ਕਲਪ ਸਮੇਂ ਲਈ ਆਇਆ। ਪਰਤੱਖ ਗੁਰੂ ਸਰੂਪ ਵਿਚ ਤਾਂ ਦਸਾਂ ਜਾਮਿਆਂ ਦੇ ਹਲੂਲ ਵਿਚ ਹੀ ਵਾਹਿਗੁਰੂ ਗੁਰੂ ਬਣ ਕੇ ਆਇਆ। ਨਹੀਂ ਤਾਂ ਹੋਰਤ ਜਗਾਹ ਵਿਚ ਗੁਪਤੋ ਗੁਪਤ ਲੁਪਤੋ ਲੁਪਤ ਗੁਰੂ ਦਾ ਚੋਜ ਦਿਖਾਰਦਾ ਰਿਹਾ। ਪਰ ਹਰ ਸਮੇਂ ਹਰ ਜੁਗ ਅੰਦਰ ਇਕੋ ਓਹੋ ਗੁਰੂ ਹੀ ਆਉਂਦਾ ਰਿਹਾ ਅਤੇ ਇਕੋ ਓਹੋ ਨਾਮ ਸਤਿਨਾਮ ਗੁਰ ਮੰਤ੍ਰ ਹੀ ਦ੍ਰਿੜਾਉਂਦਾ ਰਿਹਾ, ਜੋ ਹੁਣ ਗੁਰੂ ਘਰ ਦੇ ਅੰਦਰ ਅੰਤਰਗਤਿ ਵਿਦਮਾਨ ਹੈ। ਸ੍ਰੀ ਪ੍ਰਹਿਲਾਦ ਜੀ ਨੂੰ ਗੁਪਤ ਸਰੂਪ ਵਿਚ, ਵਾਹਿਗੁਰੂ ਨੇ ਗੁਪਤ ਗੁਰੂ ਸਰੂਪ ਚੋਜ ਵਰਤਾਇ ਕੈ ਗੁਰਮੰਤ੍ਰ ਗੁਰਮਤਿ-ਨਾਮ-ਦੀਖਿਆ ਦਿਤੀ ਅਤੇ ਆਪੇ ਹੀ ਨਾਮ ਜਪਾਇ ਕੈ ਪ੍ਰਹਿਲਾਦ ਜੀ ਨੂੰ ਸੰਤ ਭਗਤ ਕਰਕੇ ਵਿਦਤਾਇਆ ਅਤੇ ਆਪੇ ਸੰਤ ਪ੍ਰਹਿਲਾਦ ਜੀ ਦੀ ਰਖਿਆ ਹਿਤ ਜਹਾਂ ਤਹਾਂ ਉਠਿ ਆਇਆ ਅਤੇ ਆਪੇ ਹੀ ਸੰਤ ਜਨਾਂ ਦਾ ਰਾਖਾ ਹੋ ਕੇ ਦਿਖਾਇਆ। ਸੱਚਾ ਮਰਤਬਾ ਸੰਤ ਭਗਤਾਂ ਦਾ ਤਿਨ੍ਹਾਂ ਨੂੰ ਭੀ ਬਖ਼ਸ਼ਿਆ,

ਜੋ ਏਕੋ ਗੁਰੂ ਕਰਤਾਰ ਵਾਹਿਗੁਰੂ ਦੇ ਆਸਰੇ ਪਰਨੇ ਭਰੋਸੇ ਪ੍ਰਾਇਣ ਹੋ ਰਹੇ ਅਤੇ ਜਿਨ੍ਹਾਂ ਨੇ ਏਕੋ ਨਾਮ ਬਿਨਾਂ, ਇਕੋ ਅਕਾਲ ਪੁਰਖ ਵਾਹਿਗੁਰੂ ਬਿਨਾਂ ਹੋਰ ਕਿਸੇ ਦੀ ਟੇਕ ਨਹੀਂ ਰਖੀ। ਸੋ ਐਸੇ ਸੰਤ ਭਗਤ ਸ੍ਰੀ ਪ੍ਰਹਿਲਾਦ ਜੀ ਹੋਏ, ਜਿਸ ਨੂੰ ਸਰਬ ਸੁਖਾਂ ਦੇ ਏਕ ਹਰਿ ਸੁਆਮੀ ਵਾਹਿਗੁਰੂ ਨੇ ਗੁਰੂ ਬਣ ਕੇ ਨਾਮ ਦਿਤਾ ਹੈ। ਹਾਂ ਜੀ 'ਸੋ ਗੁਰਿ ਨਾਮੁ ਦਇਓ' ਸਰਬ ਸੁਖਾਂ ਕੇ ਏਕ ਹਰਿ ਸੁਆਮੀ ਸੋ ਗੁਰੂ ਵਾਹਿਗੁਰੂ ਨੇ ਆਪੀਨੈ ਆਪਿ ਰਚਨਾ ਵਾਲਾ ਪਰਾ-ਪੂਰਬਲਾ ਸਤਿਨਾਮ ਗੁਰਮਤਿ ਗੁਰਮੰਤ੍ਰੀ ਨਾਮ ਦੀਓ। ਤਿਸੀ ਗੁਰੂ ਵਾਹਿਗੁਰੂ ਸਤਿਨਾਮ ਵਾਹਿਗੁਰੂ ਗੁਰਮਤਿ ਨਾਮ ਵਾਹਿਗੁਰੂ ਨੇ ਨਾਮ ਜਪਣਹਾਰੇ ਸੰਤ ਭਗਤ ਪ੍ਰਹਿਲਾਦ ਦੀ ਅੜੇ ਸਮੇਂ ਪੈਜ ਰੱਖੀ, ਰੱਖਿਆ ਕੀਤੀ। ਹਰਣਾਖਸ਼ ਦੈਂਤ ਨੂੰ ਭਿਆਨਕ ਨਰਸਿੰਘ ਰੂਪ ਧਾਰ ਕੇ ਨਖੀਂ ਬਿਦਾਰਿਆ ਅਤੇ ਚਮਤਕਾਰੀ ਚੋਜ ਦਿਖਾ ਕੇ ਲੁਪਤ ਗੁਪਤ ਹੋ ਗਏ। ਹਰ ਸਮੇਂ ਅੰਦਰ, ਹਰ ਜੁਗ ਅੰਦਰ ਗੁਰਮਤਿ ਨਾਮ ਜਪਣਹਾਰੇ ਹੀ ਸੰਤ ਭਗਤ ਕਹਾਏ। ਤਿਨ੍ਹਾਂ ਸੰਤਾਂ, ਭਗਤਾਂ ਨਾਮ ਉਤੇ ਮਰ-ਮਿਟੀਣੀਆਂ ਸਿਖ ਜਿੰਦੜੀਆਂ ਦੀ ਐਨ ਅਉਖੀ ਘੜੀ ਆਇਆਂ ਪੂਰਨ ਰੱਖਿਆ ਕੀਤੀ। ਇਸ ਜ਼ਮਾਨਾ-ਏ ਹਾਲ ਵਿਚ ਭੀ ਐਸੀਆਂ ਮਿਸਾਲਾਂ ਮਉਜੂਦ ਹਨ ਕਿ ਆਪਣੇ ਸੰਤ ਭਗਤ ਜੀਊੜਿਆਂ ਦੀਆਂ ਪਿਆਰੀਆਂ, ਨਿਜ ਪਿਆਰੀਆਂ, ਨਾਮ ਜਪਣੀਆਂ ਜਿੰਦਾਂ ਨੂੰ ਹੱਥ ਦੇ ਕੇ ਹਰਣਾਖਸ਼ ਸਾਰਖੇ ਅੱਤਿਆਚਾਰੀਆਂ ਤੋਂ ਬਚਾਇਆ। ਐਨ ਸਮੇਂ ਸਿਰ ਰੱਖਿਆ ਕੀਤੀ। ਅਸਾਡੇ ਅੱਖੀਂ ਦੇਖਦਿਆਂ ਦੇਖਦਿਆਂ ਕਈ ਘਟਨਾਵਾਂ ਬੀਤੀਆਂ, ਜਿਨ੍ਹਾਂ ਨੂੰ ਦੇਖ ਕੇ ਅਸੀਂ ਦੰਗ ਮਸਤੰਗ ਸਰਸੰਗ ਹੋ ਗਏ।

(੧੩੯) ਕਾਹੂ ਬਿਹਾਵੈ ਰੰਗ ਰਸ ਰੂਪ ॥ ਕਾਹੂ ਬਿਹਾਵੈ ਮਾਇ ਬਾਪ ਪੂਤ ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ ॥ ਸੰਤ ਬਿਹਾਵੈ ਹਰਿ ਨਾਮ ਅਧਾਰਾ ॥੧॥
ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ਰਹਾਉ॥
ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥
ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੋੁਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥੩॥
ਕਾਹੂ ਬਿਹਾਵੈ ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥
ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ ਕੀਰਤਨੁ ਗਾਏ ॥੪॥
ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ ਸੋ ਪਿੜੁ ਮਾਲਤ ॥
ਕਾਹੂ ਬਿਹਾਵੈ ਬਾਲ ਪੜਾਵਤ ॥ ਸੰਤ ਬਿਹਾਵੈ ਹਰਿ ਜਸੁ ਗਾਵਤ ॥੫॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ ਜੀਆਇਹ ਹਿਰਤੇ ॥
ਕਾਹੂ ਬਿਹਾਵੈ ਰਾਜ ਮਹਿ ਡਰਤੇ ॥ ਸੰਤ ਬਿਹਾਵੈ ਹਰਿ ਜਸੁ ਕਰਤੇ ॥੬॥
ਕਾਹੂ ਬਿਹਾਵੈ ਮਤਾ ਮਸੂਰਤਿ ॥ ਕਾਹੂ ਬਿਹਾਵੈ ਸੇਵਾ ਜਰੂਰਤਿ ॥
ਕਾਹੂ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥

*(ਰਾਮਕਲੀ ਮ: ੫, ਪੰਨਾ ੯੧੩-੧੪)*

ਦੇਖੋ ਸੰਸਾਰੀਆਂ ਤੇ ਨਾਮ ਜਪਣਹਾਰਿਆਂ ਪਰਮਾਰਥੀਆਂ ਦਾ ਫ਼ਰਕ। ਗੁਰਮਤਿ ਨਾਮ ਅਭਿਆਸ ਕਮਾਈ ਕਰਨਹਾਰਿਆਂ ਨਾਮ-ਅਹਾਰੀਆਂ ਸੰਤ ਸਿੱਖਾਂ ਦੀ ਸੰਤ-ਲਕਸ਼ਨੀ ਸੱਚੀ ਪਰਖ ਪੜਤਾਲ ਇਸ ਗੁਰਵਾਕ ਨੇ ਕਿਆ ਖ਼ੂਬ ਕੀਤੀ ਹੈ:

ਕਿਸੇ ਦੀ ਤਾਂ ਸਾਰੀ ਅਵਰਦਾ ਬਿਹਾਉਂਦੀ ਹੈ ਰੰਗ ਰਸ ਰੂਪ ਦਿਆਂ ਹੋਛੇ ਚਾਵਾਂ ਭਾਵਾਂ ਵਿਚ, ਅਰਥਾਤ, ਕੋਈ ਤਾਂ ਨਾਨਾ ਪ੍ਰਕਾਰੀ ਦ੍ਰਿਸ਼ਟਮਾਨ ਰੰਗਾਂ ਦੇ ਹੰਢਾਉਣ (ਮਾਨਣ) ਵਿਚ ਹੀ ਹੋਇਆ ਰਹਿੰਦਾ ਹੈ। ਕੋਈ ਹੋਛੇ ਰਸਾਂ ਕਸਾਂ ਦੇ ਖਾਣ ਖੁਆਉਣ ਵਿਚ ਹੀ ਖੱਚਤ ਹੋਇਆ ਰਹਿੰਦਾ ਹੈ। ਕੋਈ ਚੰਮ-ਦ੍ਰਿਸ਼ਟੀਆ ਭਾਂਤ ਭਾਂਤ ਦੇ ਹੱਡ ਚੰਮ ਮਾਸ ਦੇ ਪੁਤਲਿਆਂ ਦੇ ਉਤਲੇ ਹੁਸਨ ਰੂਪਾਂ ਦੀ ਰੀਝ ਵਿਚ ਹੀ ਸਾਰੀ ਉਮਰ ਰੀਝਿਆ ਪਰੀਜਿਆ ਰਹਿੰਦਾ ਹੈ। ਕਿਸੇ ਕੁਟੰਬ-ਪ੍ਰਸਤੀ ਮਮਤਾ ਦੇ ਜੀਵ ਦੀ ਸਾਰੀ ਉਮਰ ਮਾਇ ਬਾਪ ਪੂਤ ਦੇ ਹੇਤਾਂ ਮੋਹ ਪਰੇਤਾਂ ਵਿਚ ਹੀ ਵਿਹਾਵੰਦੀ ਹੈ। ਕਿਸੇ ਦੀ ਸਾਰੀ ਉਮਰ ਰਾਜਸੀ ਧੰਧ-ਬੰਧਾਂ ਵਿਚ ਹੀ ਵਿਹਾਵੰਦੀ ਹੈ। ਕਿਸੇ ਦੀ ਸਾਰੀ ਉਮਰ ਮਿਲਖਾਂ ਮਲਕੀਅਤਾਂ ਦੇ ਸਾਂਭਣ ਅਤੇ ਸਾਂਭ ਸਾਂਭ ਗਰਬਣ ਵਿਚ ਹੀ ਵਿਹਾਉਂਦੀ ਹੈ। ਕਿਸੇ ਦੀ ਸਾਰੀ ਉਮਰ ਮਾਇਆ ਦਾ ਵਪਾਰ ਕਰਦਿਆਂ ਹੀ ਸਰਫ਼ ਹੋ ਜਾਂਦੀ ਹੈ। ਇਹ ਕੇਵਲ ਗੁਰੂ ਕੇ ਸਿਖ ਸੰਤ ਹੀ ਹਨ ਜਿਨ੍ਹਾਂ ਦੀ ਸਾਰੀ ਅਵਸਥਾ ਦਿਨ ਰੈਨ ਨਾਮ ਦੇ ਅਧਾਰ ਵਿਚ ਵਿਹਾਇ ਕੈ ਲੇਖੇ ਸੁਲੇਖੇ ਲਗਦੀ ਹੈ।੧।

ਕੈਸੀ ਰਚਨਾ ਰਾਮ ਨੇ ਰਚਾਈ ਹੈ। ਸਾਰੀ ਸ੍ਰਿਸਟ ਸਿਰੋ ਸਿਰ ਵਖੋ ਵਖ ਧੰਧਿਆਂ ਵਿਚ ਲਾਈ ਹੈ। ਰਚਿਤ ਸ੍ਰਿਸ਼ਟੀ ਦੀ ਰਚਨਾ ਦਾ ਇਹ ਸੱਚਾ ਸੱਚ ਬੀਤਨੀ ਬੀਤਣਹਾਰਾ ਵਰਤਾਰਾ ਵਰਤ ਰਿਹਾ ਹੈ। ਅਤੇ ਰਚਨਹਾਰ ਦਾਤਾਰ ਕਰਤਾਰ ਦੀ ਸਚਿਆਰਤਾ ਦੇਖੋ ਕਿ ਚਾਹੇ ਕੋਈ ਕਿਸੇ ਕਰਮ ਅਕਰਮ ਕੁਕਰਮ ਸੁਕਰਮ ਵਿਚ ਲਗ ਰਿਹਾ ਹੈ, ਪਰ ਉਹ ਬਖਸ਼ਿੰਦ ਪਿਤਾ ਸਭ ਦੀ ਪਾਲਨਾ ਪ੍ਰਤਿਪਾਲਨਾ ਇਕ-ਸਾਰ ਇਕ-ਦ੍ਰਿਸ਼ਟ ਹੋ ਕੇ ਕਰਦਾ ਹੈ। ਅਕ੍ਰਿਤਘਣਾਂ ਨੂੰ ਭੀ ਪਾਲਦਾ ਹੈ। ਕੈਸੀ ਅਨੂਪਮ ਸ੍ਰਿਸ਼ਟ-ਰਚਨਾ ਹੈ ਸਿਰਜਨਹਾਰ ਦੀ ਕਿ ਸਭ ਦਾ ਆਪ ਹੀ ਮਾਲਕ ਖ਼ਾਲਕ ਪ੍ਰਤਿਪਾਲਕ ਹੈ। (੧ ਰਹਾਉ)

ਕਿਸੇ ਦੀ ਬੇਦ ਦੀ ਬਾਦ ਬਿਦਿਆ ਪੜ੍ਹਦਿਆਂ ਅਤੇ ਬੇਦ ਬਾਦ ਦਾ ਪੜ੍ਹਾਇਆ ਸਿਖਾਇਆ ਹੋਇਆ ਬਾਦ ਬਿਤੰਡਾ ਚਰਚਾ ਕਰਦਿਆਂ ਹੀ ਸਾਰੀ ਉਮਰ ਅਜਾਈਂ ਲੰਘ ਜਾਂਦੀ ਹੈ। ਕਿਸੇ ਦੀ ਜੀਭ ਦੇ ਸੁਆਦਾਂ ਬਿਖਾਧਾਂ ਵਿਚ ਹੀ ਸਾਰੀ ਅਉਧ ਬਿਹਾ ਜਾਂਦੀ ਹੈ। ਕਿਸੇ ਦੀ ਸਾਰੀ ਉਮਰ ਨਾਰੀ ਲਪਟਾਰੀ ਹੁੰਦਿਆਂ ਹੀ ਵਿਹਾ ਜਾਂਦੀ ਹੈ। ਉਹ ਸਾਰੀ ਉਮਰ ਨਾਰੀ ਦੇ ਹੇਲ ਮੇਲ ਕੇਲ ਚੋਜਾਂ ਵਿਚ ਹੀ ਲੰਪਟ ਰਹਿੰਦੇ ਹਨ। ਇਹ ਕੇਵਲ ਸੰਤ ਸਜਨ ਗੁਰੂ ਸੰਵਾਰੇ ਸਿੱਖ ਹੀ ਹਨ, ਜੋ ਕੇਵਲ ਨਾਮ ਮੁਰਾਰੀ ਦੇ ਅਭਿਆਸ ਲਿਵ-ਰੰਗਾਂ ਵਿਚ ਹੀ ਸਾਰੀ ਉਮਰ ਰਚੇ ਰਹਿੰਦੇ ਹਨ।੨।

ਕਿਸੇ ਦੀ ਸਾਰੀ ਉਮਰ ਜੂਆ ਖੇਲਦਿਆਂ ਦੀ ਵਿਹਾਉਂਦੀ ਹੈ। ਕਿਸੇ ਦੀ ਸਾਰੀ ਉਮਰ ਸ਼ਰਾਬ ਪੀਂਦਿਆਂ ਅਤੇ ਹਰ ਪ੍ਰਕਾਰ ਦੇ ਅਮਲ ਖਾਣ ਵਿਚ ਖ਼ੁਆਰ ਥੀਂਦਿਆਂ ਹੀ ਵਿਹਾ ਜਾਂਦੀ ਹੈ। ਕਈਆਂ ਦੀ ਉਮਰ ਚੋਰੀ ਕਰਦਿਆਂ ਪਰ-ਦਰਬ ਹਿਰਦਿਆਂ ਹੀ ਵਿਹਾਉਂਦੀ ਹੈ। ਇਹ ਕੇਵਲ ਹਰਿ ਜਨ ਗੁਰੂ ਕੇ ਸਿਖ ਸੰਤ ਹੀ ਹਨ ਜਿਨ੍ਹਾ ਦੀ ਸਾਰੀ ਆਰਬਲਾ ਨਾਮ ਧਿਆਉਂਦਿਆਂ ਹੀ ਵਿਹਾਉਂਦੀ ਹੈ। ਐਸੇ ਸਿਖ ਸੰਤ ਗੁਰੂ ਘਰ ਵਿਚ ਇਕ ਨਹੀਂ ਅਨੇਕਾਂ ਹਨ। ਏਸੇ ਵਿਚ ਹੀ ਗੁਰੂ ਘਰ ਦੀ ਮਹੱਤਤਾ ਹੈ,


www.sikhbookclub.com

ਸਿਖ-ਇਜ਼ਮ ਦੀ ਵਿਲੱਖਣਤਾ ਮਈ ਮਹੱਤਤਾ ਹੈ ਕਿ ਸਿਖ-ਇਜ਼ਮ ਨਾਮ ਧਿਆਵਨਹਾਰੇ ਸਿਖ ਸੰਤ ਪੈਦਾ ਕਰਦਾ ਹੈ। ਹੋਰ ਸਾਰੀਆਂ ਅੜੀਆਂ ਇਜ਼ਮਾਂ ਆਨਮਤ ਪਤਿ ਉੱਕਾ ਹੀ ਨਾਮ ਤੋਂ ਘੁੱਥੀਆਂ ਸ਼ੂਨ ਸਨੁੱਥੀਆਂ ਹੀ ਰਹਿੰਦੀਆਂ ਹਨ।੩।

ਕਈਆਂ ਦੀ ਜੋਗ ਤਪ ਪੂਜਾ ਆਨਮਤ ਪਾਖੰਡ ਕਰਮ ਕਰੇਂਦਿਆਂ ਹੀ ਸਾਰੀ ਉਮਰ ਵਿਹਾ ਜਾਂਦੀ ਹੈ। ਕਈਆਂ ਦੀ ਰੋਗਾਂ ਸੋਗਾਂ ਵਿਚ ਕਾਮ ਭੋਗਾਂ ਵਿਚ ਹੀ ਭਰਮਦਿਆਂ ਸਾਰੀ ਉਮਰ ਵਿਹਾ ਜਾਂਦੀ ਹੈ। ਕਈਆਂ ਦੀ ਪਵਨ-ਅਹਾਰਾਂ ਜਲ-ਧਾਰਾ ਦੇ ਡਿੰਭ ਰਚਣ ਵਿਚ ਹੀ ਸਾਰੀ ਉਮਰ ਵਿਹਾ ਜਾਂਦੀ ਹੈ। ਗੁਰੂ ਕੇ ਸੰਤ ਸਿੱਖਾਂ ਦੀ ਏਹਨਾਂ ਤੋਂ ਉਲਟ 'ਸੰਤ ਵਿਹਾਵੈ ਕੀਰਤਨੁ ਗਾਏ' ਇਉਂ ਵਿਹਾਉਂਦੀ ਹੈ। ਕੈਸੀ ਸੁਹਣੀ ਹੈ ਕਿ ਸਾਰੀ ਉਮਰ ਇਕ-ਰਸ ਕੀਰਤਨ ਕਰੇਂਦਿਆਂ ਹੀ ਵਿਹਾ ਜਾਂਦੀ ਹੈ। ਕੈਸੇ ਸੁਹਣੇ ਲੇਖੇ ਸੁਲੇਖੇ ਲਗਦੀ ਹੈ ਗੁਰਸਿੱਖਾਂ ਸੰਤਾਂ ਦੀ ਵਿਹਾਉਣੀ। ਏਹਦਾ ਨਾਉਂ ਹੈ ਉਮਰ ਵਿਹਾਉਣੀ। ਨਹੀਂ ਤਾਂ ਸਭ ਬਿਰਥਾ ਧੰਧ-ਪਿਟਾਉਣੀ ਹੀ ਹੈ।੪।

ਕਿਸੇ ਦੀ, ਕਈਆਂ ਅਨੇਕਾਂ ਬਹੁਤਿਆਂ ਦੀ ਦਿਨ ਰੈਨ ਵਾਟਾਂ ਕੁਵਾਟਾਂ ਵਿਚ ਸਾਰੀ ਉਮਰ ਅਵਾਰਾ ਚਲਦਿਆਂ ਫਿਰਦਿਆਂ ਹੀ ਅਜਾਈਂ ਐਵੇਂ ਆਵਾ ਗਉਣ ਹੀ ਗੁਜ਼ਰ ਜਾਂਦੀ ਹੈ। ਕਈਆਂ ਦੀ ਆਪੋ ਆਪਣੀ ਵਖੋ ਵਖਰੇ ਪਿੜਾਂ ਦੀਆਂ ਮੱਲਾਂ ਮਲਦਿਆਂ ਦੀ ਉਮਰ ਬਤੀਤ ਹੋ ਜਾਂਦੀ ਹੈ। ਮੱਲੀਆਂ ਮੱਲਾਂ ਨੂੰ ਵਿਚੇ ਛਡ ਕੇ ਹੀ ਚੱਲ ਵਸਦੇ ਹਨ, ਸਾਥ ਓਹਨਾਂ ਦੇ ਤਸੂ ਭੀ ਨਹੀਂ ਜਾਂਦਾ। ਕਈਆਂ ਦੀ ਅਨੇਕਾਂ ਹੀ ਬਾਲਾਂ ਨੂੰ ਬਾਲੂ ਵਿਦਿਆ, ਹੋਰ ਅਨੇਕ ਵਿਦਿਆ, ਪ੍ਰੇਤ ਵਿਦਿਆ ਪੜ੍ਹਾਉਂਦਿਆਂ ਹੀ ਸਾਰੀ ਉਮਰ ਫ਼ਜ਼ੂਲ ਮਸ਼ਰੂਫ਼ੀਅਤ ਵਿਚ ਬਤੀਤ ਹੋ ਜਾਂਦੀ ਹੈ। ਸਭਨਾਂ ਤੋਂ ਵਿਲੱਖਣ ਅਤੇ ਉਤਮ ਜ਼ਿੰਦਗੀ ਗੁਰੂ ਘਰ ਦੇ ਸਿੱਖਾਂ ਸੰਤਾਂ ਦੀ ਹੀ ਹੈ ਜੋ ਹਰਿ-ਜਸ ਗਾਂਵਦਿਆਂ ਹੀ ਇਕ-ਰਸ ਵਿਹਾਉਂਦੀ ਹੈ।੫।

ਅਨੇਕਾਂ ਦੀ, ਹਜ਼ਾਰਾਂ ਲੱਖਾਂ ਕੂੜਾਂ ਬਾਜ਼ਾਰੀ ਬਪੜੇ ਬਿਕਾਰੀ ਲੋਕਾਂ ਦੀ ਨਟ ਨਾਟਕਾਂ ਸਿਨਮਿਆਂ ਡਰਾਮਿਆਂ ਅਤੇ ਥੀਏਟਰਾਂ ਚੰਚਲ ਚਾਇਟਕਾਂ ਤੋਂ ਚੇਟਕਾਂ ਵਿਚ ਹੀ ਸਾਰੀ ਉਮਰ ਖੀਨ ਖ਼ਰਾਬ ਹੋ ਜਾਂਦੀ ਹੈ। ਨਿਰਤਕਾਰੀਆਂ ਤਾਏਫ਼ੇਬਾਜ਼ੀਆਂ ਗਨਿਕਾ-ਕਮਾਜ਼ੀਆਂ ਦੀਆਂ ਫਿਟਕਾਂ ਵਿਚ ਫਿਟਕਦਿਆਂ ਹੀ ਸਾਰੀ ਉਮਰ ਹੰਢ ਜਾਂਦੀ ਹੈ। ਲੱਖਾਂ ਦੀ ਗਿਣਤੀ ਵਿਚ ਲੁਕਾਈ ਅਜਾਈਂ ਮਰ ਖੱਪ ਜਾਂਦੀ ਹੈ। ਅਨੇਕਾਂ ਨਰਕ ਦੇ ਕੀੜਿਆਂ ਦੀ ਤਾਂ ਨਟ ਨਾਟਕ ਨਿਰਤ ਕਰਦਿਆਂ ਵਿਹਾਉਂਦੀ ਹੈ। ਅਨੇਕਾਂ ਜੀਵਾਂ ਦੀ ਏਹਨਾਂ ਬਦ-ਅਚਾਰੀ ਨਿਰਤ-ਨਾਟਕੀ ਤਮਾਸ਼ਿਆਂ ਨੂੰ ਦੇਖਦਿਆਂ ਹੀ ਸਾਰੀ ਉਮਰ ਭੌਂ ਦੇ ਭਾ ਲੰਘ ਕੇ ਸੜ ਗਲ ਜਾਂਦੀ ਹੈ। ਅਨੇਕਾਂ ਦੀ ਗ਼ੁਲਾਮੀ ਕਰਦਿਆਂ ਅਤੇ ਨੌਕਰ-ਸ਼ਾਹੀ ਤੋਂ ਡਰ ਡਰ ਮਰਦਿਆਂ ਹੀ ਸਾਰੀ ਉਮਰ ਲੰਘ ਜਾਂਦੀ ਹੈ। ਏਦੂੰ ਉਲਟਾ ਹਰਿ ਕੇ ਸੰਤ ਗੁਰੂ ਕੇ ਸਿੱਖਾਂ ਦੀ ਸਾਰੀ ਉਮਰ ਹਰਿ-ਜਸ ਕਰਦਿਆਂ ਬੇਪਰਵਾਹੀ ਬੇਮੁਥਾਜੀ ਦੀ ਸੱਚੀ ਆਜ਼ਾਦੀ ਦਾ ਜੀਵਨ ਗੁਜ਼ਾਰਿਆਂ ਹੀ ਸੋਹਣੀ ਗੁਜ਼ਰਦੀ ਹੈ।੬।

ਅਨੇਕਾਂ ਦੀ ਸਾਰੀ ਉਮਰ ਮਤਾ ਮਸੂਰਤ ਕਰਦਿਆਂ, ਪਾਲਸੀਆਂ ਪਾਰਟੀਬਾਜ਼ੀ ਦੀਆਂ ਘਾੜਤ ਘੜਦਿਆਂ ਹੀ ਗੁਜ਼ਰ ਜਾਂਦੀ ਹੈ। ਓਦੋਂ ਹੀ ਪਤਾ ਲਗਦਾ ਹੈ ਜਦੋਂ ਜਮ ਦਾ ਡੰਡਾ ਪਟਾਕ ਦੇ ਕੇ ਓਹਨਾਂ ਦੇ ਮੂੰਡ ਤੇ ਲਗਦਾ ਹੈ। ਬਹੁਤੀ ਦੁਨੀਆ ਤਾਂ ਪੇਟ ਭਰਨ ਦੀਆਂ ਜ਼ਰੂਰਤਾਂ ਲਈ ਮਜ਼ਦੂਰੀਆਂ ਕਰਨ ਵਿਚ ਹੀ ਸਾਰੀ ਉਮਰ ਖੱਚਤ

ਰਹਿੰਦੀ ਹੈ। ਕਈਆਂ ਦੀ ਸੁੱਚ-ਸੁਚਾਈਆਂ ਛੂਤ-ਛੁਤਾਈਆਂ ਦੀ ਕਰਮ-ਕਾਂਡਲੀ ਕਿਰਿਆ ਵਿਚ ਹੀ ਸਾਰੀ ਜ਼ਿੰਦਗੀ ਵਿਹਾ ਜਾਂਦੀ ਹੈ। ਇਹ ਸੁਲੱਖਣੇ ਗੁਰੂ ਕੇ ਸਿਖ ਸੰਤ ਹੀ ਹਨ ਜਿਨ੍ਹਾਂ ਦੀ ਸਾਰੀ ਉਮਰ ਇਕ-ਸਾਰ ਹਰਿ-ਰਸ ਪੀਂਦਿਆਂ ਦੀ ਸਕਾਰਥੇ ਲਗਦੀ ਹੈ।੭।

ਪੂਰਬਲੇ ਕਰਮਾਂ ਦੀ ਲਿਖਤ ਲੇਖ ਰੇਖ ਅਨੁਸਾਰ ਜਿਨ੍ਹਾਂ ਜਿਨ੍ਹਾਂ ਵਹਿਣਾਂ ਵਿਚ ਜੋ ਕੋਈ ਲਗਿਆ ਹੈ, ਸੋ ਲਗਿਆ ਹੀ ਰਹਿੰਦਾ ਹੈ। ਨਾ ਕੋਈ ਮੂੜ੍ਹ ਨਾ ਕੋਈ ਸਿਆਣਾ ਇਸ ਕਿਰਤ-ਕਰੰਮੀ ਲਰੇੜ ਤੋਂ ਬਚਿਆ ਹੈ। ਜਿਨ੍ਹਾਂ ਵਡਭਾਗੇ ਗੁਰਸਿੱਖਾਂ ਸੰਤਾਂ ਨੂੰ ਕਰਤੇ ਪੁਰਖ ਨੇ ਕਿਰਪਾ ਕਰ ਕੇ ਨਾਮ ਦੀ ਬਖਸ਼ਸ਼ ਬਖਸ਼ੀਸ਼ ਕੀਤੀ ਹੈ, ਸੋ ਜਨ ਹੀ ਸਭ ਤੋਂ ਸ੍ਰੇਸ਼ਟ ਹਨ। ਧੰਨ ਮੁਬਾਰਕ ਹੈ ਜਨਮ ਤਿਨ੍ਹਾਂ ਗੁਰਸਿਖ ਸੰਤਾਂ ਦਾ। ਗੁਰੂ ਨਾਨਕ ਸਾਹਿਬ ਤਿਨ੍ਹਾਂ ਵਿਟਹੁ ਵਾਰਨੇ ਬਲਿਹਾਰਨੇ ਜਾਂਦੇ ਹਨ।੮।

(੧੩੯) **ਮਾਖੀ ਰਾਮ ਕੀ ਤੂ ਮਾਖੀ ॥...ਰਹਾਉ॥**
**ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿੰਦ ਕੀ ਪਾਖੀ ॥੧॥**
**ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥**
**ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥**
*(ਸਾਰੰਗ ਮ: ੫, ਪੰਨਾ ੧੨੨੭)*

ਸੱਚੇ ਬੀਤ ਰਾਗੀ, ਅਤੀਤ ਵੈਰਾਗੀ, ਗੁਰੂ ਕੇ ਗ੍ਰਿਹਸਤ ਉਦਾਸ ਜਾਗਦੇ ਜੋਗੀ ਗੁਰਸਿਖ ਸੰਤਾਂ ਬਿਨਾ ਮਾਇਆ-ਮਾਖੀ ਨੇ ਕਿਸੇ ਨੂੰ ਮੋਹਣੋਂ ਨਹੀਂ ਛਡਿਆ। ਸਭ ਜੀਅ ਜੰਤ ਭੇਖੀ ਸਾਧ ਸੰਤ ਇਸ ਮਾਇਆ ਨੇ ਮੋਹ ਲਏ ਹਨ। ਸਦਾ ਗੋਬਿੰਦ-ਪ੍ਰਾਇਣੀ, ਗੁਰ-ਹੁਕਮ-ਕਮਾਇਣੀ ਗੁਰਸਿੱਖਾਂ ਸੰਤਾਂ ਨੂੰ ਇਹ ਮਾਇਆ ਮਾਖੀ ਮੋਹ ਨਹੀਂ ਪਾ ਸਕਦੀ। ਗੁਰੂ ਕੀ ਸਾਧ ਸੰਗਤਿ ਨੂੰ ਜੋਹ ਨਹੀਂ ਸਕਦੀ, ਸਗੋਂ ਮਲਿ ਮਲਿ ਪਾਇ ਧੋਂਦੀ ਹੈ। ਇਸ ਚਿਤ੍ਰ ਬਚਿਤ੍ਰ ਮਾਇਆ ਦੇ ਬਿਮੋਹਨੇ ਚਲਿਤ੍ਰਾਂ ਨੂੰ ਗੁਰੂ ਘਰ ਦੇ ਗੁਰਮੁਖਿ ਸੰਤਾਂ, ਰਾਮ ਰਮਤ ਸਿਖਵੰਤਾਂ ਬਿਨਾਂ ਕਿਸੇ ਨੇ ਨਹੀਂ ਲਖਿਆ। ਸਿਖ ਸੰਤਾਂ ਨੇ ਇਸ ਦਾ ਭੇਦ ਭਲੀ ਬਿਧਿ ਜਾਣਿਆ ਹੈ। ਇਸ ਕਰਕੇ ਇਹ ਮਾਇਆ ਏਹਨਾ ਦੀ ਲਾਗੂ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਸੰਤ ਜਨਾਂ ਦੀ ਫਿਟਕੀ ਹੋਈ ਦੂਰ ਹੀ ਦੁਰਕਾਰੀ ਰਹਿੰਦੀ ਹੈ। ਗੁਰੂ ਨਾਨਕ ਸਾਹਿਬ ਦੇ ਦਰ ਦੇ ਗੋਲੇ ਦਾਸਰੇ ਸਿਖ ਸੰਤ ਹਰ ਛਿਨ ਹਰਿ-ਕੀਰਤਨ ਰੱਤੇ ਰਹਿੰਦੇ ਹਨ, ਪਰਮਾਰਥ ਰਾਸ ਵਿਚ ਹਰ ਵਕਤ ਮਗਨ ਰਹਿੰਦੇ ਹਨ। ਸ਼ਬਦ ਸੁਰਤਿ ਦੀ ਸੱਚੀ ਸਾਕਸ਼ਾਤਕਾਰੀ ਸਾਵਧਾਨਤਾ ਵਿਚ ਪਰਬੀਨ ਹੋਣ ਕਰਕੇ, ਓਹਨਾਂ ਦੀ ਸੁਰਤੀ ਬਿਰਤੀ ਦੂਤੀ ਭਾਵ ਵਲ ਜਾਂਦੀ ਹੀ ਨਹੀਂ, ਹੋਛੇ ਮਾਇਆ ਮਮਤਾਵੀ ਰਸਾਂ ਵਲ ਆਉਂਦੀ ਹੀ ਨਹੀਂ। ਸ਼ਬਦ ਸੁਰਤਿ ਵਿਚ ਲਿਵ ਚੜ੍ਹੀ ਰਹਿੰਦੀ ਹੈ। ਸ਼ਬਦ-ਲਿਵ-ਸੁਰਤੀਸ਼ਰੀ ਸਿਖ ਹੀ ਸੱਚੇ ਮਾਇਆ ਅਤੀਤ ਸੰਤ ਹਨ। ਹੋਰ ਸੰਤ ਕੋਈ ਨਹੀਂ। ਐਵੇਂ ਢਕਵੰਜ ਹੀ ਹੈ।

(੧੪੦) **ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥**
**ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥੯॥**
*(ਆਸਾ ਮ: ੧, ਪੰਨਾ ੪੧੬)*


www.sikhbookclub.com

ਜਿਨ੍ਹਾਂ ਦੇ ਮੁਖ ਅੰਦਰ ਅਹਿਨਿਸ ਭਗਤੀ ਭਾਵ ਦੇ ਹੇਤ-ਭਿੰਨਾ ਨਾਮ ਦਾ ਹੀ ਜਾਪ ਅਭਿਆਸ ਰਹਿੰਦਾ ਹੈ, ਤਿਨ੍ਹਾਂ ਸੰਤ ਭਗਤ ਜਨਾਂ ਗੁਰੂ ਕੇ ਸਿੱਖਾਂ ਦੀ ਸੰਗਤਿ ਵਿਚ ਮਿਲੇ ਰਹਿਣ ਦੀ ਯਾਚਨਾ ਇਸ ਗੁਰਵਾਕ ਵਿਖੇ ਦਰਸਾਈ ਗਈ ਹੈ। ਐਸੇ ਸੰਤ ਜਨਾਂ ਸਿੱਖਾਂ ਦੀ ਸੰਗਤਿ ਵਿਚ ਮਿਲਿਆਂ ਸਹਜ-ਧਿਆਨ ਜੁੜ ਜਾਂਦਾ ਹੈ ਪਰਮਾਤਮਾ ਨਾਲ। ਐਸਾ ਸਹਜ-ਧਿਆਨ ਸੰਸਾਰ ਦੇ ਮਾਇਆ ਬੰਧਨ ਤੋੜਨਹਾਰਾ ਹੈ। ਸਹਜ-ਧਿਆਨ ਦੇ ਲਿਵਲੀਨੀਏ ਸੰਤਾਂ ਗੁਰਮੁਖਾਂ ਦਾ ਹਰਿ ਗਾਵਣਾ ਹੀ ਪਰਵਾਨ ਹੈ, ਕਿਉਂਕਿ ਪ੍ਰਚੰਡ ਗਿਆਨ ਦਾ ਸਦ ਪ੍ਰਕਾਸ਼ੀਆ ਉਘਾੜ ਏਥੇ ਹੀ ਹੁੰਦਾ ਹੈ। ਇਹ ਹੈ ਗੁਰਸਿੱਖਾਂ, ਗੁਰਮਤਿ ਗੁਣ ਕੀਰਤਨੀਆਂ, ਜੋਤਿ-ਬਿਗਾਸੀਆਂ ਦਾ ਗਿਆਨੁ।

(੧੪੧) **ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥**
**ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥੨॥੨੩॥੮੭॥**

*(ਸੋਰਠਿ ਮ: ੫, ਪੰਨਾ ੬੨੯-੩੦)*

ਭਾਰੀ ਭੁਜਾਨ ਕੇ ਭਾਰੀ ਭਰੋਸੇ ਵਾਲੇ ਗੁਰਮੁਖਿ ਸਿੱਖਾਂ ਸੰਤਾਂ ਨੂੰ ਭਾਰੇ ਸੁਆਮੀ ਗੁਰੂ ਕਰਤਾਰ ਦਾ ਸੱਚਾ ਭਰੋਸਾ ਹੈ। ਇਸ ਭਰੋਸੇ ਸੰਗ ਸਰਸੇ ਹੋਏ ਸਿਖ ਸੰਤ ਜਨ ਸਤਿਗੁਰੂ ਦੇ ਦਰ 'ਤੇ ਢੱਠ ਕੇ ਵਾਹਿਗੁਰੂ ਦੇ ਹੀ ਹੋਏ ਰਹਿੰਦੇ ਹਨ। ਤਿਨ੍ਹਾਂ ਹਰਿ-ਦਰ ਰਸੀਦ-ਰਸਾਈ ਵਾਲੇ ਸੇਵਕ ਸੰਤਾਂ ਜਨਾਂ ਦੀ ਨਿੰਦਿਆ ਕਰਨਹਾਰਿਆਂ ਦੇ ਮੁਖ ਵਿਖੇ ਸੁਆਹ ਤੇ ਸਤ ਚਟਿਆਂ ਵਾਲੀ ਛਾਈ ਹੀ ਪੈਂਦੀ ਰਹਿੰਦੀ ਹੈ।

(੧੪੨) **ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥**
**ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ ॥੭॥**

*(ਥਿਤੀ ਗਉੜੀ ਮ: ੫, ਪੰਨਾ ੨੯੮)*

ਗੁਰਸਿੱਖਾਂ ਸੰਤਾਂ ਦੇ ਸਤਸੰਗ-ਮੰਡਲ ਹਰਿ ਜਸ ਗੁਰਬਾਣੀ ਗਾਵਣ ਪਠਨ-ਮਈ ਅਕੱਥ ਕਥਾ ਕਥਦੇ ਹਨ। ਅਤੇ ਸੁਭਾਵਕ ਹੀ ਸਿਖ ਸਤਿਗੁਰੂ ਦੇ ਪਿਆਰੇ ਸਤਿ ਬਾਣੀ ਬੋਲਣ ਮਈ ਸਿਫਤਿ ਸਲਾਹੁਣੀ ਉਚਰਨ ਕਰਦੇ ਰਹਿੰਦੇ ਹਨ। ਇਸ ਬਿਧਿ ਓਹਨਾਂ ਦੀ ਹਰ ਛਿਨ ਇਕਸ ਸਿਉਂ ਹੀ ਲਿਵ ਲਗੀ ਰਹਿੰਦੀ ਹੈ। ਇਸ ਇਕਸ ਸਿਉਂ ਲਗੀ ਲਿਵ ਦੀ ਬਿਵਸਥਾ ਵਿਖੇ ਸੱਚੀ ਸੰਤੁਸ਼ਟਤਾ ਦੇ ਅਰਥਾਂ ਵਿਚ ਤਿਨ੍ਹਾਂ ਦਾ ਮਨ ਸੰਤੋਖਿਆ ਪੋਖਿਆ ਜਾਂਦਾ ਹੈ। ਧੰਨ ਗੁਰੂ ਕੇ ਸੰਤੋਖੇ ਹੋਏ ਸਿਖ ਸੰਤ! ਸਤਸੰਗੀਆਂ ਸਿੱਖਾਂ ਦੇ ਸੰਤ ਮੰਡਲ ਦੀ ਇਹ ਮਹਿਮਾ ਕੈਸੀ ਅਨੂਪਮ ਹੈ, ਜਿਸ ਵਿਖੇ ਮਿਲ ਜੁਲ ਕੇ ਇਹ ਸਹਜ ਸੁਖ ਸਮੰਜਨੀ ਲਿਵ ਲਗਦੀ ਹੈ।

(੧੪੩) **ਸੰਤ ਮੰਡਲ ਮਹਿ ਹਰਿ ਮਨਿ ਵਸੈ ॥ ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥**
**ਸੰਤ ਮੰਡਲ ਮਹਿ ਨਿਰਮਲ ਰੀਤਿ ॥ ਸੰਤ ਸੰਗਿ ਹੋਇ ਏਕ ਪਰੀਤਿ ॥੧॥**
**ਸੰਤ ਮੰਡਲ ਤਹਾ ਕਾ ਨਾਉ ॥ ਪਾਰਬ੍ਰਹਮ ਕੇਵਲ ਗੁਣ ਗਾਉ ॥੧॥ਰਹਾਉ॥**
**ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥**
**ਸੰਤ ਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥**
**ਸੰਤ ਮੰਡਲ ਕਾ ਨਿਹਚਲ ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥**
**ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤ ਸੰਗਿ ਹਉਮੈ ਦੂਖ ਨਸਾ ॥੩॥**


www.sikhbookclub.com

**ਸੰਤ ਮੰਡਲ ਕਾ ਨਹੀ ਬਿਨਾਸੁ ॥ ਸੰਤ ਮੰਡਲ ਮਹਿ ਹਰਿ ਗੁਣਤਾਸੁ ॥**
**ਸੰਤ ਮੰਡਲ ਠਾਕੁਰ ਬਿਸ੍ਰਾਮੁ ॥ ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥**
*(ਭੈਰਉ ਮ: ੫, ਪੰਨਾ ੧੧੪੬)*

ਗੁਰਸਿਖ ਸੰਤਾਂ ਦੇ ਸਤਸੰਗ-ਮੰਡਲ ਵਿਖੇ ਵਾਹਿਗੁਰੂ ਮਨ ਵਿਚ ਵਸਦਾ ਹੈ ਸਤਸੰਗ ਕਰਨਹਾਰਿਆਂ ਦੇ ਮਨ ਵਿਚ। ਅਤੇ ਸਾਰੀ ਦੂਰਤ ਦੁਰਮਤਿ ਮਤਿ ਦੂਰ ਹੋ ਜਾਂਦੀ ਹੈ। ਸਤਸੰਗੀਆਂ ਸਿੱਖਾਂ ਦੇ ਸੰਤ-ਮੰਡਲ ਦੀ ਸਤਸੰਗ ਰੀਤ ਅਤਿ ਨਿਰਮਲੀ ਗੁਰਮਤਿ ਤੱਤ ਵਿਲੱਖਣੀ ਹੈ, ਕਿਉਂਕਿ ਸਤਸੰਗ-ਮੰਡਲੀ ਸਿੱਖਾਂ ਸੰਤਾਂ ਦੇ ਸੰਗ ਇਕ ਅਕਾਲ ਸੰਗ ਹੀ ਪ੍ਰਬਲ ਪ੍ਰੀਤਿ ਲਗਦੀ ਹੈ ਸਤਸੰਗੀ ਜਨਾਂ ਦੀ।੧।

ਸੰਤ-ਮੰਡਲ ਤਿਸ ਸਤਸੰਗ ਸਭਾ ਦਾ ਨਾਉਂ ਹੈ ਜਿਥੇ ਪ੍ਰਸਪਰ ਮਿਲ ਕੇ ਸਿਖ ਸੰਤ ਜਨ ਪਾਰਬ੍ਰਹਮ ਦੇ ਗੁਣ ਕੇਵਲ ਗੁਰਬਾਣੀ ਹੀ ਗਾਂਵਦੇ ਹਨ। ਜਿਥੇ ਗੁਰਬਾਣੀ ਤੋਂ ਬਿਨਾਂ ਕੱਚੀ ਬਾਣੀ ਗਾਵੀ ਸੁਣੀ ਕਥੀ ਜਾਣੀ ਹੈ ਉਹ ਸੰਤ-ਮੰਡਲ ਜਾਂ ਸਤਸੰਗ-ਮੰਡਲ ਨਹੀਂ ਕਹਿਲਾ ਸਕਦਾ। ਪਾਰਬ੍ਰਹਮ ਦੇ ਗੁਣ ਗਾਵਣਾ ਮੰਡਲ ਹੀ ਸੰਤ-ਮੰਡਲ ਗੁਣ ਗਾਵਣਹਾਰੇ ਸਿਖ ਸੰਤਾਂ ਗੁਣੀਆਂ ਗਿਆਨੀਆਂ ਦਾ ਸੱਚਾ ਸਤਸੰਗ-ਮੰਡਲ ਹੈ। ਪਾਰਬ੍ਰਹਮ ਦੇ ਗੁਣ ਕੇਵਲ ਗੁਰਬਾਣੀ ਦੁਆਰਾ ਹੀ ਗਾਏ ਜਾਂਦੇ ਹਨ, ਕਿਉਂਕਿ ਕੇਵਲ ਗੁਰਬਾਣੀ ਵਿਚ ਹੀ ਸੱਚੇ ਪਾਰਬ੍ਰਹਮ ਦੇ ਗੁਣ ਗੁੰਫਤ ਹਨ। ਕੱਚੀ ਬਾਣੀ, ਮਿਲਗੋਭਾ ਬਾਣੀ ਪਾਰਬ੍ਰਹਮ ਗੁਣਾਂ ਦੀ ਸੂਚਕ ਨਹੀਂ।੧।ਰਹਾਉ।

ਸੰਤਾਂ ਸਿੱਖਾਂ ਗੁਰੂ ਕੇ ਪਿਆਰਿਆਂ ਦੇ ਪ੍ਰਸਪਰ ਗੁਰਬਾਣੀ ਗਾਵਣੇ ਸਤਸੰਗ ਮੰਡਲ ਵਿਚ ਸਦਾ ਨਿਵਾਸ ਕਰਨ ਦਾ ਇਹ ਫਲ ਪਰਤਾਪ ਹੈ ਕਿ ਸਤਸੰਗੀਆਂ ਸੰਤ-ਮੰਡਲੀਆਂ ਸਿੱਖਾਂ ਦਾ ਜਨਮ ਮਰਨ ਰਹਿ ਜਾਂਦਾ ਹੈ। ਤਿਨ੍ਹਾਂ ਦਾ ਆਵਾ ਗਵਨ ਦਾ ਸਿਲਸਿਲਾ ਮੁਕ ਜਾਂਦਾ ਹੈ। ਸੰਤ-ਮੰਡਲ ਵਿਚ ਵਸਣਹਾਰਿਆਂ ਨੂੰ ਜਮ ਕਿਛ ਭੀ ਕਰ ਨਹੀਂ ਸਕਦਾ, ਕੁਸਕ ਨਹੀਂ ਸਕਦਾ। ਸੰਤ-ਮੰਡਲੀ-ਸਤਸੰਗੀਆਂ ਦਾ ਕੱਖ ਭੀ ਨਹੀਂ ਵਿਗਾੜ ਸਕਦਾ। ਸੰਤ-ਮੰਡਲ ਦੇ ਨੇੜੇ ਭੀ ਜਮ ਨਹੀਂ ਆ ਸਕਦਾ। ਸੰਤ-ਮੰਡਲ ਦੀ ਇਹ ਨਿਸ਼ਾਨੀ ਹੈ ਕਿ ਤਿਥੇ ਕੇਵਲ ਨਿਰਮਲ ਬਾਣੀ, ਨਿਰੋਲ ਗੁਰਬਾਣੀ ਹੀ ਗਾਈ ਪੜ੍ਹੀ ਸੁਣੀ ਜਾਂਦੀ ਹੈ। ਕੇਵਲ ਨਾਮ ਦਾ ਵਖਾਣੀ ਸੰਤ-ਮੰਡਲ ਗੁਰਬਾਣੀ ਦੇ ਆਸ਼ਕਾਂ ਗੁਰਮੁਖਿ ਸਿੱਖਾਂ ਦਾ ਹੀ ਹੋ ਸਕਦਾ ਹੈ। ਸੱਚਾ ਸਤਸੰਗ-ਮੰਡਲ ਓਹੀ ਹੈ ਜਿਥੇ ਕੇਵਲ ਕੀਰਤਨ ਗੁਰਬਾਣੀ ਅਤੇ ਗੁਰਮਤਿ ਨਾਮ ਵਖਾਣੀ ਅੰਮ੍ਰਿਤ ਵਰਖਾ ਹੀ ਹੋਵੇ।੨।

ਸੰਤ-ਮੰਡਲੀ-ਸਤਸੰਗ ਸਭਾ ਵਿਚ ਬੈਸ ਕੇ ਸਤਸੰਗੀਆਂ ਦੀ ਅਖੰਡ ਲਿਵ ਸਮਾਧ ਲਗ ਜਾਂਦੀ ਹੈ। ਤਾਂ ਤੇ ਸੰਤ-ਮੰਡਲੀ ਬੈਸਣ ਵਾਲਾ ਸਮਾਧ ਸਥਿਤ ਆਸਣ, ਨਿਹਚਲ ਆਸਨੁ ਹੈ। ਇਤ ਬਿਧਿ ਸੰਤ-ਮੰਡਲ ਮਹਿ ਬੈਸਨਹਾਰੇ ਨਿਹਚਲ-ਆਸਨੀ-ਸਤਸੰਗੀਆਂ ਦੇ ਸਮੂਹ ਪਾਪਾਂ ਦਾ ਬਿਨਾਸਨ ਹੋ ਜਾਂਦਾ ਹੈ। ਗੁਰਬਾਣੀ ਦੇ ਮੁਸ਼ਤਾਕ ਸੱਚੇ ਸਿੱਖਾਂ ਦੀ ਸੰਗਤਿ ਵਿਚ ਪ੍ਰਸਪਰ ਜੁੜੇ ਸੰਤ-ਮੰਡਲ ਵਿਖੇ ਨਿਰੋਲ ਗੁਰਬਾਣੀ ਦਾ ਗਾਵਨ ਉਚਾਰਨ ਮਈ ਹੀ ਨਿਰਮਲ ਕਥਾ ਹੁੰਦੀ ਹੈ। ਐਸੀ ਨਿਰਮਲ ਕਥਾ ਦੇ ਕਥਨ ਸੁਣਨਹਾਰਿਆਂ ਸਿੱਖਾਂ ਸੰਤਾਂ ਦੇ ਸੰਗ ਹਉਮੈ ਰੋਗ ਸਭ ਦੂਰ ਹੋ ਜਾਂਦੇ ਹਨ।੩।

ਗੁਰਬਾਣੀ ਦੀ ਨਿਰਮਲ ਕਥਾ ਕਰਨਹਾਰੇ, ਨਿਰੋਲ ਗੁਰਬਾਣੀ ਗਾਵਨਹਾਰੇ

 www.sikhbookclub.com

ਸੰਤ-ਮੰਡਲ ਦਾ ਕਦੇ ਬਿਨਾਸ ਨਹੀਂ ਹੁੰਦਾ, ਕਿਉਂਕਿ ਗੁਣਤਾਸੁ ਵਾਹਿਗੁਰੂ ਆਪ ਸੰਤ-ਮੰਡਲ ਵਿਖੇ ਵਸਦਾ ਹੈ। ਸੰਤ-ਮੰਡਲ ਦਾ ਸਦਾ ਠਾਕੁਰ ਦੇ ਸਰੂਪ ਵਿਖੇ ਹੀ ਅਸਥਿਰੀ ਬਿਸਰਾਮ ਹੁੰਦਾ ਹੈ। ਓਤਿ ਪੋਤਿ ਭਗਵਾਨ ਤੇ ਸੰਤ-ਮੰਡਲ ਇਕ-ਮਿਕ ਹੋ ਜਾਂਦੇ ਹਨ।੪।

(੧੪੪) **ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥**
**ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥੪॥**
*(ਰਾਮਕਲੀ ਕਬੀਰ ਜੀਉ, ਪੰਨਾ ੯੬੯)*

ਦੂਤਾਂ ਦੁਸ਼ਟਾਂ ਸਾਕਤ ਪੁਰਸ਼ਾਂ ਦੇ ਮੁਕਾਬਲੇ ਤੇ 'ਸੰਤਾਂ' ਪਦ ਜੋ ਏਥੇ ਵਰਤਿਆ ਗਿਆ ਹੈ, ਗੁਰੂ ਪ੍ਰਥਾਇ ਨਹੀਂ। ਨਾ ਹੀ ਭੇਖੀ ਸੰਤਾਂ ਪ੍ਰਥਾਇ ਹੈ। ਭੇਖੀ ਸੰਤ ਤਾਂ ਸਾਕਤਾਂ ਵਿਚ ਹੀ ਸ਼ੁਮਾਰ ਹਨ, ਜੋ ਡੰਨੇ ਜਾਣਗੇ। ਧੁਰ ਦਰਗਾਹ ਵਿਚ ਕੇਵਲ ਗੁਰਮੁਖਿ ਸਿਖ ਸੰਤ ਹੀ ਮੰਨੇ ਜਾਣਗੇ। ਨਹੀਂ ਤਾਂ ਸਭ ਨੂੰ ਜਮ ਡੰਡ ਰੂਪੀ ਡੰਨ ਲਗੇਗਾ। ਸਤਿਗੁਰੂ ਆਪਣੇ ਸੰਤਾਂ ਭਗਤਾਂ ਸਿੱਖਾਂ ਦੀ ਰਖਵਾਰੀ ਦੀ ਕੁਟਵਾਰੀ ਕਰਨਗੇ ਅਤੇ ਸਾਕਤਾਂ ਨੂੰ ਧੁਰ ਦਰਗਾਹ ਦੇ ਠਾਣੇ ਦਾ ਕੋਤਵਾਲ ਬਣ ਕੇ ਡੰਨ ਦੇਣਗੇ। ਕਬੀਰ ਸਾਹਿਬ ਗੁਰੂ ਕਰਤਾਰ ਦੇ ਦਿਵਸ ਰੈਨ ਚਰਨ ਸ਼ਰਨੀ ਗੋਲੇ ਬਣਨ ਵਿਚ ਫ਼ਖ਼ਰ ਸਮਝਦੇ ਹਨ। ਵਾਹਿਗੁਰੂ ਦੇ ਜੋਤਿ ਕ੍ਰਿਣੀ ਦਿਬ ਲਤੀਫ਼ੀ ਚਰਨਾਂ ਨੂੰ ਅੰਤਰਿ ਉਰਧਾਰ ਕੇ ਸੁਆਸ ਅਭਿਆਸੀ ਖੰਡਾ ਖੜਕਾਇ ਕੈ ਪ੍ਰੇਮ ਸਰਧਨੀ ਸੁਰਤਿ ਸਪਰਸਨੀ ਸੇਤੀ ਦਿਵਸ ਰੈਨ ਪਲੋਸਨ (ਮਲੋਵਨ) ਵਿਚ ਹੀ ਮਹਿਵ ਅਤੇ ਜਲਵ-ਪ੍ਰਕਾਸ਼ੀ ਦਿੱਬਤਾ ਦੇ ਸਰੂਪ ਵਿਚ ਉਦੀਪਤ ਹੋਏ ਵਾਹਿਗੁਰੂ ਦੇ ਕੋਮਲ ਚਰਨ ਕੰਵਲਾਂ ਨੂੰ ਨਿਜ ਕੇਸਾਂ ਦੇ ਚਵਰ ਸੇਤੀ ਝੱਲਣ ਦੇ ਇਸ਼ਕ ਵਿਚ ਝੱਲੇ (ਮੁਸ਼ਤਾਕ) ਹੋਏ ਫਿਰਦੇ ਹਨ। ਇਹ ਸ਼ਬਦ ਇਹ ਭੀ ਸਿੱਧ ਕਰਦਾ ਹੈ ਕਿ ਕਬੀਰ ਸਾਹਿਬ ਗੁਰੂ ਕੇ ਜਟਾ ਜੂਟ ਕੇਸਾਧਾਰੀ ਸਿਖ ਸਨ ਤੇ ਸਾਬਤ ਸੂਰਤਿ ਖ਼ਾਲਸਈ ਸੰਤ ਸਨ।

(੧੪੫) **ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥**
**ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ ॥...੧॥੧॥**
*(ਕੇਦਾਰਾ ਛੰਤ ਮ: ੫, ਪੰਨਾ ੧੧੨੨)*

ਖ਼ਾਲਸਾ ਧਰਮ ਮਈ ਗੁਰਮਤਿ ਮਾਰਗ ਵਾਹਿਗੁਰੂ ਦਾ ਆਪਣਾ ਚਲਾਇਆ ਹੋਇਆ ਮਾਰਗ ਹੈ। ਗੁਰੂ ਸਤਿਗੁਰੂ ਦੇ ਜੋਤਿ ਜਾਮੇ ਅੰਦਰ ਹਲੂਲ ਕਰ ਕੇ ਚਲਾਇਆ ਹੈ। ਇਸ ਖ਼ਾਲਸ ਭਗਤੀ ਮਈ ਸੱਚੇ ਮਾਰਗ ਦੀ ਪਛਾਣ ਗੁਰੂ ਕੇ ਸੰਤਾਂ ਸਿੱਖਾਂ ਸੰਗ ਮਿਲ ਕੇ ਹੀ ਆਉਂਦੀ ਹੈ। ਗੁਰੂ ਕੇ ਸਿੱਖਾਂ ਸੰਤਾਂ ਦੀ ਸੰਗਤਿ ਵਿਚ ਮਿਲ ਕੇ ਨਾ ਸਿਰਫ਼ ਗੁਰਮਤਿ ਮਾਰਗ ਨੂੰ ਹੀ ਜਾਣ ਲਈਦਾ ਹੈ, ਬਲਕਿ ਮਾਰਗ ਚਲਾਉਣਹਾਰੇ, ਮਾਰਗ ਦੇ ਮਾਲਕ ਪੁਰਖ ਬਿਧਾਤੇ ਗੁਰੂ ਵਾਹਿਗੁਰੂ ਨੂੰ ਵੀ ਸਾਖਸ਼ਾਤ ਜਾਨਣੀ ਜਾਣ ਲਈਦਾ ਹੈ। ਗੁਰਮਤਿ ਮਾਰਗ ਤੇ ਚਲ ਕੇ ਵਾਹਿਗੁਰੂ ਨੂੰ ਘਟ ਘਟ ਅੰਦਰ ਹੀ ਨਦਰ ਨਿਹਾਲ ਲਈਦਾ ਹੈ। ਗੁਰੂ ਕੇ ਸੰਤ ਸਿਖ ਜਨ ਘਟ ਘਟ ਵਿਖੇ ਵਾਹਿਗੁਰੂ ਅੱਖੀਂ ਪੇਖ ਲੈਂਦੇ ਹਨ।

(੧੪੬) **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥੧॥**

**ਹਰਿ ਹਰਿ ਨਾਮੁ ਸੰਤਨ ਕੀ ਓਟਾ॥**
**ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ਰਹਾਉ॥੯੦॥**
*(ਸੋਰਠਿ ਮ: ੫, ਪੰਨਾ ੬੨੮)*

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਗੁਰਸਿੱਖਾਂ ਦੇ ਹੇਤ ਧੁਰਿ ਅਜ਼ਲ ਤੋਂ ਆਦਿ ਜੁਗਾਦੋਂ ਹੀ ਅਕਾਲ ਪੁਰਖ ਦੀ ਦਰਗਾਹੋਂ (ਬਾਰਗਾਹੇ ਇਲਾਹੀ ਤੋਂ) ਨਉਨਿਧ ਨਾਮ ਦੇ ਨਾਲ ਗਰੀਬੀ ਦੀ ਭੀ ਇਲਾਹੀ ਦਾਤਿ ਪਾਈ ਹੈ। ਗੁਰਸਿੱਖਾਂ ਸੰਤਾਂ ਦਾ ਇਹ ਗਰੀਬੀ ਨਾਮ ਅਨੁਪਾਨ ਮਈ ਗਰੀਬੀ ਪੰਚ ਵਿਕਾਰਾਂ ਦੇ ਮਾਰ ਬਿਦਾਰਨ ਲਈ ਪੰਚ ਵਿਕਾਰਾਂ ਤੋਂ ਬਚਾਉਣ ਲਈ ਸੱਚੀ ਢਾਲ ਤਲਵਾਰ ਮਈ ਗਦਾ (ਕੁਤਕਾ) ਹੈ। ਇਸ ਗਰੀਬੀ ਗਦਾ ਦੇ ਧਾਰਨ ਕੀਤਿਆਂ ਸਗਲਿਆਂ ਦੀ ਛਾਰ ਰੇਣਕਾ ਹੋਇ ਰਹੀਦਾ ਹੈ। ਨਾ ਹਉਮੈ ਵਿਆਪਦੀ ਹੈ, ਨਾ ਕ੍ਰੋਧ ਨੇੜੇ ਆਉਂਦਾ ਹੈ। ਕਾਮ ਅਤੇ ਕ੍ਰੋਧ ਭੀ ਮਰ ਠਰ ਜਾਂਦੇ ਹਨ। ਕੋਈ ਵਿਕਾਰ ਵਿਕਾਰੀ ਇਸ ਅਗੇ ਨਹੀਂ ਟਿਕਦਾ। ਪੰਚ ਬਿਕਾਰਾਂ ਦੇ ਲੱਦੇ ਹੋਏ ਦੂਤ ਦੁਸ਼ਮਨ ਇਸ ਅਗੋਂ ਲਗ ਖੈ ਹੋ ਜਾਂਦੇ ਹਨ। ਗੁਰ ਪੂਰੇ ਨੇ ਗੁਰਸਿੱਖਾਂ ਨੂੰ ਇਹ ਸਾਰ ਤੱਤ ਵਾਲੀ ਗੱਲ ਸੰਵਾਰ ਕੇ ਸਮਝਾਇ ਦਿੜ੍ਹਾਇ ਛਡੀ ਹੋਈ ਹੈ। ਸੋ ਗੁਰਸਿਖ ਇਸ ਗੱਲ ਨੂੰ ਛਡਦੇ ਨਹੀਂ, ਹਰ ਛਿਨ ਧਾਰਨ ਕਰੀ ਰਖਦੇ ਹਨ। ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿਖ ਸਿਆਣੇ ਗਾਤਰੇ ਇਹੋ ਗਦਾ ਢਾਲ ਮਈ ਤਲਵਾਰ ਦਾ ਰੂਪ ਧਾਰ ਕੇ ਰਖਦੇ ਹਨ, ਜੋ ਮੁਜੱਸਮ ਪੰਚ ਵਿਕਾਰੀ ਦੂਤਾਂ ਨੂੰ, ਪੰਜਾਂ ਵਿਕਾਰਾਂ ਦੇ ਪੁੰਜ ਦੁਸ਼ਟ ਵਿਕਾਰੀਆਂ ਨੂੰ, ਨਾ-ਸਿਰਫ਼ ਨਿਜ ਤਨ ਨੂੰ ਬਲਕਿ ਸਗਲ ਸੰਸਾਰੀਆਂ ਨੂੰ ਬਚਾਉਣ ਸੁਰੱਖਿਅਤ ਕਰਨ ਦਾ ਜਦੋਂ ਕੋਈ ਹੀਲਾ ਹੋਰ ਨਾ ਦਿਸੇ ਤਾਂ ਏਹਨਾ ਦੁਸ਼ਟ ਜ਼ਾਲਮਾਂ ਨੂੰ ਮਾਰ ਬਿਦਾਰਨ ਦਾ ਸੱਚਾ ਪਰਉਪਕਾਰ ਕਰਦੇ ਹੈਨ। ਗੁਰਸਿੱਖੀ ਦਾ ਭਗਤਿ-ਜਾਮਾ ਦਰ ਹਕੀਕਤ, ਸਿੰਘ ਸ਼ਕਤਿ ਜਾਮਾ ਹੈ। ਹਰ ਹਾਲਤ ਵਿਚ, ਹਰ ਸਮੇਂ ਇਹ ਗਰੀਬੀ ਗਦਾ ਵਾਲਾ ਜ਼ਰਾ-ਬਕਤਰੀ ਸਾਰ ਸਸਤ੍ਰੀ ਜਾਮਾ ਪਰਉਪਕਾਰ ਹੇਤ ਹੀ ਗੁਰਸਿੱਖਾਂ ਸਿੰਘਾਂ ਦਾ ਧਾਰਿਆ ਹੋਇਆ ਅਤੇ ਹਰ ਕਾਲ ਅੰਦਰ ਸੋਵਤ, ਜਾਗਤ, ਚਾਲਤ, ਬੈਸਤ ਨਾਮ ਦਾ ਖੰਡਾ ਓਹਨਾਂ ਦਾ ਧੂਹਿਆ ਹੀ ਰਹਿੰਦਾ ਹੈ।

ਗੁਰਸਿੱਖਾਂ ਸਿੰਘਾਂ ਸੰਤਾਂ ਭਗਤਾਂ ਨੂੰ ਇਸ ਨਾਮ-ਖੜਗ ਦੀ ਹੀ ਸਦਾ ਓਟ ਹੈ। ਵਾਸਤਵ ਵਿਚ ਹਰਿ ਹਰਿ ਨਾਮੁ, ਕਾਲ-ਦਮਨੀ ਹਰੀ (ਸਿੰਘ) ਅਕਾਲ ਦਾ ਨਾਮ ਹੀ ਹੈ। ਜੋ ਇਸ ਨੂੰ ਸਿਮਰਦਾ ਹੈ ਉਸ ਅੰਦਰ ਯਾ ਸਰੀਰ ਵਿਖੇ ਧਾਰਨ ਕਰਦਾ ਹੈ, ਉਸ ਦੀ ਇਹ ਸਦਗਤੀ ਕਰਾਇ ਦਿੰਦਾ ਹੈ। ਇਸ ਨਾਮ-ਖੜਗ ਦੁਆਰਾ ਨਾਮ-ਖੜਗੇਸ਼ੀਆਂ ਨੇ ਕੋਟਾਨ ਕੋਟਿ ਦਾ ਉਧਾਰ ਕਰਨਾ ਹੈ ਅਤੇ ਬਿਨਾਂ ਜ਼ਾਤ ਪਾਤ ਦੇ ਵਿਤਕਰੇ ਦੇ ਸਗਲ ਕੋਟੀ ਦਾ ਹੀ ਉਧਾਰ ਕਰਨਾ ਹੈ ਅਤੇ ਕਰ ਦਿਤਾ ਹੋਇਆ ਹੈ। "ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥"[1] ਗੁਰੂ ਵਾਹਿਗੁਰੂ ਆਪਣੇ ਗੁਰਮੁਖਾਂ ਨੂੰ ਨਾਮ ਦੀ ਕਣੀ ਦੇ ਕੇ ਅਤੇ ਨਾਮ ਦੀ ਕਣੀ ਵਾਲੇ ਗੁਰਮੁਖਿ ਪੰਜ-ਪਰਵਾਨੀ ਸਿੰਘਾਂ ਦੇ ਪੁੰਜ, ਅਨੇਕਾਂ ਖੂਹਣੀਆਂ ਕੋਟੀਆਂ ਨੂੰ ਨਾਮ ਦੀ ਅੰਮ੍ਰਿਤ ਕਣੀ ਦੀ ਦਾਤਿ ਦੇ ਕੇ ਕੋਟਾਂ ਦਾ ਉਧਾਰ ਕਰਦੇ ਹਨ। ਤਾਂ ਤੇ ਗੁਰੂ ਘਰ ਦਾ ਇਕ ਇਕ ਨਾਮ-ਅੰਮ੍ਰਿਤ-ਕਣੀਆ-ਅੰਮ੍ਰਿਤਧਾਰੀ ਸਿੰਘ ਪੁੰਜਾਂ ਦੇ ਪੁੰਜ ਦਾ ਸ੍ਰਿਸ਼ਟ-ਉਧਾਰੀ ਰੁਕਨ

੧. ਸੋਰਠਿ ਮ: ੫ ਘਰੁ ੧ ਚੌਤੁਕੇ, ਪੰਨਾ ੬੦੮

ਹੋਇ, ਕੋਟਾਂ ਦਾ ਉਧਾਰ ਕਰਨਹਾਰਾ ਬਣਦਾ ਹੈ। ਇਸ ਦਾ ਇਹ ਕਦੇ ਭੀ ਭਾਵ ਨਹੀਂ (ਜੈਸੇ ਕਿ ਸੰਤ-ਡੰਮੀ ਬਣਾ ਲਿਆ ਕਰਦੇ ਹਨ) ਕਿ ਇਕ ਇਕੱਲਾ ਗੁਰਮੁਖਿ ਸੰਤ ਕੋਟਾਂ ਨੂੰ ਨਾਮ ਦੀ ਕਣੀ ਦੇ ਕੇ ਉਧਾਰਦਾ ਹੈ। ਇਕ ਇਕੱਲਾ ਨਾਮ-ਰਸੀਅੜਾ ਗੁਰਮੁਖਿ ਸਿੰਘ ਅੰਮ੍ਰਿਤਧਾਰੀ ਜੀਵਨ ਦੀ ਸੁਚਾਰਤਾ ਦੀ ਸੱਚੀ ਅਤੇ ਇਕੱਲੀ ਮਿਸਾਲ ਬਣ ਕੇ ਇਸ ਨਾਮ-ਕਣੀ ਦੀ ਪ੍ਰਾਪਤੀ ਲਈ ਅਨੇਕਾਂ ਨੂੰ ਉਤਸ਼ਾਹਤ ਕਰਨ ਦਾ ਕਾਰਨ ਤਾਂ ਜ਼ਰੂਰ ਬਣਦਾ ਹੈ। ਉਸ ਦੀ ਸੁੰਦਰ ਮਿਸਾਲ ਨੂੰ ਲੈ ਕੇ, ਉਸ ਦੇ ਅੰਮ੍ਰਿਤ-ਜੀਵਨੀ ਬਾਵਨ ਚੰਦਨੀ ਮਲੀਆਗਰੀ ਪਾਰਸ ਮਹਿਕ ਤੋਂ ਮੁਅੱਸਰ ਅਤੇ ਸ਼ਾਦਾਬ ਹੋ ਕੇ ਹੋਰ ਬਥੇਰੇ ਨਿਕਟਵਰਤੀਏ ਪਾਰਸ-ਮਹਿਕ-ਪਰਸੀਏ ਅੰਮ੍ਰਿਤ ਛਕਣ ਲਈ ਤਿਆਰ ਹੋ ਜਾਂਦੇ ਹਨ। ਇਸ ਬਿਧਿ ਇਕ ਇਕ ਬਾਵਨ ਚੰਦਨੀ ਗੁਰਮੁਖਿ ਜਨ ਕਈ ਅਨੇਕਾਂ ਨੂੰ ਮੁਸ਼ਕਾਉਣ ਦਾ ਕਾਰਨ ਬਣਦਾ ਹੈ ਤੇ ਇਸ ਬਿਧਿ ਕੋਟਾਂ ਦਾ ਉਧਾਰ ਹੋ ਜਾਂਦਾ ਹੈ।

(੧੪੭) **ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥**
**ਤਿਨ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥**
**ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥**
**ਤਿਨ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ਰਹਾਉ॥**
**ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥**
**ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸਲਾ**
**ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥**
**ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥**
**ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥**
**ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥**
**ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥**
*(ਮਲਾਰ ਮ: ੪, ਪੰਨਾ ੧੨੬੪)*

ਜਿਨ੍ਹਾਂ ਦੇ ਹਿਰਦੇ ਅੰਦਰ ਸਤਿਗੁਰੂ ਦੀ ਸੱਚੀ ਸ਼ਰਧਾ-ਭਾਵਨੀ ਹੈ, ਓਹੀ ਸੱਚੇ ਸਭਨਾਂ ਤੋਂ ਸ੍ਰੇਸ਼ਟ (ਭਲੇ ਭਲ ਭਾਂਤਿ) ਸੰਤ ਹਨ। ਤਾਂ ਤੇ ਸਤਿਗੁਰੂ ਉਤੇ ਸ਼ਰਧਾ-ਭਾਵਨੀ ਰਖਣ ਵਾਲੇ ਸੰਤ, ਗੁਰਸਿਖ ਹੀ ਹੋ ਸਕਦੇ ਹਨ। ਭੇਖੀ ਸੰਤ ਤਾਂ ਨਹੀਂ ਹੋ ਸਕਦੇ। ਤਾਂ ਤੇ 'ਸੰਤ' ਪਦ ਏਥੇ ਨਾ ਭੇਖੀ ਸੰਤਾਂ ਤੇ ਘਟਦਾ ਹੈ, ਨਾ ਗੁਰੂ ਉਤੇ। ਸਿਰਫ਼ ਸਿੱਖਾਂ ਪ੍ਰਥਾਇ ਹੀ ਘਟਦਾ ਹੈ। 'ਸਤਿਗੁਰੂ' ਪਦ ਤਾਂ ਵਖਰਾ ਪਿਆ ਹੈ। ਸਤਿਗੁਰੂ ਨੂੰ ਹਿਰਦੇ ਵਿਚ ਵਸਾਉਣ ਵਾਲੇ ਸਿਖ ਤਾਂ ਸੰਤ ਕਹਾਉਂਦੇ ਹਨ, ਖ਼ੁਦ ਗੁਰੂ ਕਿਵੇਂ ਕਹਾ ਸਕਦੇ ਹਨ ? ਸਤਿਗੁਰੂ ਦੀ ਭਾਉ-ਭਾਵਨੀ ਵਾਲੇ ਐਸੇ ਸਿੱਖਾਂ ਸੰਤਾਂ ਨੂੰ ਵੇਖ ਕੇ ਵਿਗਸ ਜਾਈਦਾ ਹੈ। ਗੁਰ ਸ਼ਰਧਾਲੂ ਸਿੱਖਾਂ ਸੰਤਾਂ ਦੇ ਵਾਰਨੇ ਬਲਿਹਾਰਨੇ ਜਾਈਏ, ਜੈਸੇ ਕਿ ਨਾਮ ਰੰਗ ਰੱਤੜੇ ਸ਼ਬਦ ਵਿਗਾਸੀ ਸਿਖ ਗੁਰੂ ਘਰ ਅੰਦਰ ਸੰਤ ਪਦ ਨਾਲ ਬਿਭੂਸ਼ਤ ਹਨ। ਓਸੇ ਪ੍ਰਕਾਰ ਦਿਨ ਰਾਤ ਹਰਿ ਬੋਲਣ, ਤੱਤ ਸ਼ੀਰ (ਦੁੱਧ) ਵਿਰੋਲਣ ਵਾਲੇ ਹੰਸਲੇ ਸਿੱਖਾਂ ਦਾ ਨਾਉਂ ਹੀ ਗੁਰੂ ਘਰ ਵਿਚ 'ਗਿਆਨੀ' ਪਦ ਨਾਲ ਸਸ਼ੋਭਤ ਹੈ। ਤਿਨ੍ਹਾਂ ਗੁਰਮਤਿ ਗਿਆਨੀਆਂ ਗੁਰਸਿੱਖ ਸੰਤਾਂ ਦੀ ਤ੍ਰਿਸ਼ਨਾ ਭੁਖ ਸਭ ਉੱਤਰ ਜਾਂਦੀ ਹੈ, ਜੋ ਗੁਰਮਤਿ ਰਾਮ ਰਸ ਭੁੰਚਦੇ ਹਨ। ਐਸੇ ਹਨ ਹਰਿ ਕੇ ਦਾਸ ਗੁਰਸਿਖ ਸਾਧ ਸਖਾ ਜਨੰ।

ਤਿਨ੍ਹਾਂ ਮਿਲਿਆਂ ਪਰਮਾਰਥ ਅਸ਼ਰਧਨੀਆਂ, ਸਭ ਭ੍ਰਮ ਭ੍ਰਾਂਤੀਆਂ ਲਹਿ ਜਾਂਦੀਆਂ ਹਨ। ਜਿਸ ਪ੍ਰਕਾਰ ਹੰਸ ਸ਼ੀਰ (ਦੁੱਧ) ਨੀਰ ਨੂੰ ਨਿਰਵਾਰ ਕੇ ਦੁੱਧ ਤੇ ਜਲ ਨੂੰ ਚੁਣ ਕੇ ਭਿੰਨ ਭਿੰਨ ਕੱਢ ਕੇ ਰੱਖ ਦਿੰਦਾ ਹੈ ਤਿਸ ਪ੍ਰਕਾਰ ਗੁਰਸਿਖ ਸਾਧੂ ਜਨ ਹੰਸਲਾ ਸੁਆਸ ਅਭਿਆਸੀ ਨਾਮ ਦਾ ਬਿਲੋਵਨਾ ਘਟ ਅੰਤਰ ਬਿਲੋਇ ਕੇ, ਨਿਜ ਦੇਹੀ ਵਿਚੋਂ ਹਉਮੈ ਦੀ ਕਾਈ ਨੂੰ ਚੁਣ ਚੁਣ ਕੇ ਬਾਹਰ ਕੱਢ ਦਿੰਦਾ ਹੈ।

ਜਿਨ੍ਹ ਕੇ ਹਿਰਦੇ ਅੰਦਰ ਹਰੀ ਦੀ ਪ੍ਰੀਤਿ ਨਹੀਂ, ਨਾ ਨਾਮ ਜਪਣ ਦੀ ਗੁਰਮਤਿ-ਰੀਤ ਹੈ ਉਹ ਐਵੇਂ ਹੀ ਸੰਤ ਬਣਿ ਬਣਿ ਬਹਿੰਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਤੇ (ਉਹ) ਨਰ ਕਪਟੀ ਹਨ ਤੇ ਨਿਤ ਕਪਟ ਕਮਾਉਂਦੇ ਹਨ। ਓਹਨਾਂ ਕਪਟੀਆਂ ਸੰਤਾਂ ਨੂੰ ਪਦਾਰਥ ਦੇਣ ਅਤੇ ਭੋਜਨ ਛਕਾਉਣ ਦੀ ਲੋਕਾਂ ਦੀ ਘਾਲ ਅਜਾਈਂ ਜਾਂਦੀ ਹੈ। ਕਪਟ ਕਮਾ ਕੇ ਲੋਕਾਂ ਤੋਂ ਪਦਾਰਥ ਲੈ ਲੈ ਕੇ ਇਹ ਕਪਟੀ ਸੰਤ ਖਾਂਦੇ ਵਰਤਦੇ ਹਨ। ਓਹ ਅਪਣਾ ਬੀਜਿਆ ਆਪ ਹੀ ਖਾਣਗੇ।

ਹਰਿ ਕੇ ਜਨਾਂ ਨਾਮ-ਰਸੀਅੜੇ ਸੰਤਾਂ ਗੁਰਮੁਖਿ ਸਿੱਖਾਂ ਦੇ ਚਿਹਨ ਹੀ ਨਿਰਾਲੇ ਹਨ। ਤੇ ਨਾਮ-ਸੰਧੂਰੜੇ ਰਸ-ਜੋਤਿ-ਵਿਗਾਸੀ ਸਿਖ ਸੰਤ ਸਜਨ ਨਾਮ ਜਪ ਕੇ ਨਾਮੀ ਵਾਹਿਗੁਰੂ ਨਾਲ ਇਕ-ਮਿਕ ਅਭੇਦ ਰੂਪ ਹੀ ਹੋ ਜਾਂਦੇ ਹਨ। ਹਰਿ ਦਾ ਅਤੇ ਹਰਿ ਜਨ ਦਾ ਚਿਹਨ ਇਕ-ਸਾਰ ਹੀ ਹੋ ਜਾਂਦਾ ਹੈ। ਪ੍ਰੀਤਮ ਵਾਹਿਗੁਰੂ ਦਾ ਕੈਸਾ ਪ੍ਰੀਤ ਬਿਰਦ ਚੋਜ ਹੈ ਕਿ ਆਪਣੇ ਪਿਆਰਿਆਂ ਦੇ ਘਟਾਂ ਅੰਦਰ ਹੀ ਆ ਵੁੱਠਦਾ ਹੈ। ਤ੍ਰੁਠ ਕੇ ਸਮੁੱਚਾ ਆਪਣਾ ਆਪ, ਆਪਣਾ ਨਿਜ ਸਰੂਪ ਆਪਣੇ ਜਨਾਂ ਦੇ ਘਟ ਭੀਤਰ ਹੀ ਰੱਖ ਦਿੰਦਾ ਹੈ। ਧੰਨ ਹਨ ਗੁਰੂ ਦੇ ਸਿਖ ਸੰਤ ਜਨ ਅਤੇ ਧੰਨ ਧੰਨ ਹੈ ਗੁਰੂ ਨਾਨਕ ਸਮਦਰਸੀ, ਜਿਸ ਦੇ ਪੂਰਨਿਆਂ 'ਤੇ ਚਲ ਕੇ ਗੁਰਸਿਖ ਸੰਤਾਂ ਨੇ ਨਿੰਦਾ ਉਸਤਤਿ ਤੋਂ ਅਲੇਪ ਅਪਰੰਪਰ ਹੋ ਕੇ ਨਾਮ-ਲਿਵ-ਚੁਭੀਆਂ ਦੀਆਂ ਆਤਮ-ਤਾਰੀਆਂ ਲਾਈਆਂ ਹਨ।

(੧੪੮) **ਨਿਰਮਲੁ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥**
**ਗਹਿਰ ਗੰਭੀਰੁ ਅਥਾਹੁ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥**
**ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥**
**ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥**
*(ਸਵਈਏ ਮ: ਚਉਥੇ ਕੇ, ਪੰਨਾ ੧੪੦੪)*

ਸ੍ਰੀ ਅੰਮ੍ਰਿਤਸਰ ਜੀ ਦੀ ਅੰਮ੍ਰਿਤ ਮਹਿਮਾ ਵਿਚ ਇਹ ਗੁਰਵਾਕ ਉਚਰਣਤ ਹੋਇਆ ਹੈ। ਨਾਮ ਰੂਪੀ ਨਿਰਮਲ ਸੁਧਾ (ਅੰਮ੍ਰਿਤ) ਸੇਤੀ ਪਰੀਪੂਰਨ ਭਰਪੂਰ-ਲੀਣੀਆ ਹੈ, ਜਿਥੇ ਦਿਨ ਰਾਤ ਸ਼ਬਦ-ਕੀਰਤਨੀ-ਤ੍ਰੰਗ-ਲਹਿਰਾਂ ਅਠੇ ਪਹਰ ਪ੍ਰਗਟ ਸਰੂਪ ਵਿਚ ਪਰਵੇਸ਼ ਹੁੰਦੀਆਂ ਰਹਿੰਦੀਆਂ ਹਨ। ਗਹਿਰ ਗੰਭੀਰ ਅਤਿ ਬਡੋ ਅਥਾਹ ਸਭ ਬਿਧਿ ਸੁਭਰ ਭਰਿਆ ਸਾਗਰੋ ਰਤਨਾਗਰੋ ਹੈ। ਸਿਖ ਸੰਤ ਰੂਪੀ ਹੰਸ ਮਰਾਲ ਚਉਗਿਰਦੇ ਕੰਤੂਹਲ ਕਰਦੇ ਰਹਿੰਦੇ ਹਨ ਚੌਂਤੇ ਪਹਿਰ। ਤਿਨ੍ਹਾਂ ਹੰਸਲੇ ਮਰਾਲਾ ਗੁਰਸਿੱਖ ਸੰਤ ਸੁਭਰਿਆਲਾਂ ਦੇ ਦੁਖ ਕਾਗਰੀ ਜਮ ਤ੍ਰਾਸ ਸਭ ਮਿਟ ਜਾਂਦੇ ਹਨ। ਕਲਜੁਗ ਦੇ ਸਗਲੇ ਦੁਰਤ ਦੂਰ ਕਰਨ ਹਿਤ ਗੁਰੂ ਸੁਖ-ਸਾਗਰ ਦਾ ਦਰ ਹੀ ਰਸਾਇਣ ਰੂਪ ਹੈ। ਗੁਰੂ ਸੁਖ-ਸਾਗਰੀ ਮਜਨ ਦੀ ਮਹਿਮਾ ਅਤਿ ਅਪਰ ਅਪਾਰ ਹੈ। 'ਸੰਤ ਮਰਾਲ' ਤੋਂ ਭਾਵ ਨਾਮ-ਰੰਗ-ਰਤੜੇ ਗੁਰਮੁਖਿ ਅਮਿਉ ਮਜਨੀ, ਸ਼ਬਦ-ਤਰੰਜਨੀ ਸਿੱਖਾਂ ਦਾ ਹੈ, ਸੋਈ

ਈਹਾਂ ਨਿਰਣੈਤ ਹੈ।

(੧੪੯) ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ ॥
ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥
ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ ॥
ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥

*(ਸਵਈਏ ਮ: ਚਉਥੇ ਕੇ, ਪੰਨਾ ੧੪੦੪)*

ਸ੍ਰੀ ਰਾਮਦਾਸ ਸਰੋਵਰ ਦੇ ਕੌਤੂਹਲ ਮਜਨ ਸਤਸੰਗ ਸੰਗ ਮਿਲ ਕੇ ਅਤੇ ਨਾਮ-ਰੰਗਾਂ ਵਿਚ ਰੱਤ ਕੇ (ਰੰਗੀਜ ਕੇ) ਸੰਤ ਮਰਾਲੀ ਸਿਖ ਸੁਜਨ ਵਾਹਿਗੁਰੂ ਦੇ ਗੁਣ ਗਾਂਵਦੇ ਹਨ। ਆਤਮ ਤ੍ਰੰਗੀ ਕੌਤੂਹਲੀ ਸੰਤਾਂ ਸਿੱਖਾਂ ਦਾ ਇਹ ਧਰਮ ਧੁਰੰਦਰੀ ਪੰਥ ਧਰਨੀਧਰ ਨੇ ਆਪ ਅਸਥਾਪਤ ਕੀਤਾ ਹੈ। ਇਹ ਧਰਮ ਧੁਰੰਦਰੀ ਸੰਤ ਸਿਖ ਸ੍ਰੀ ਰਾਮਦਾਸ ਸਰੋਵਰ ਤੇ ਸਰਬਦਾ ਕਾਲ ਲਿਵਧਾਰੀ ਹੰਸ ਬਣ ਕੇ ਬਿਰਾਜਮਾਨ ਹੀ ਰਹਿੰਦੇ ਹਨ। ਹੋਰਥੇ ਕਿਤੇ ਨਹੀਂ ਧਾਂਵਦੇ। ਭਲਾ ਅਮਿਉ ਮਾਨਸਰੀ ਸਰੋਵਰ ਨੂੰ ਛਡ ਕੇ ਹੰਸਾਂ ਨੇ ਹੋਰ ਕਿਥੇ ਜਾਣਾ ਧਾਵਣਾ ਹੋਇਆ ? ਤਿਨ੍ਹਾਂ ਦੇ ਬੜੇ ਉਗਰ ਅਤੇ ਉਜਲੇ ਭਾਗ ਹਨ ਜੋ ਸਿਖ ਸੰਤ ਮਰਾਲ ਹੰਸ ਇਸ ਸੁਧਾ ਸਰੋਵਰ ਤੇ ਆਇ ਵਸਦੇ ਹਨ। ਤਿਨ੍ਹਾਂ ਨੂੰ ਮਨ-ਇਛਤ ਫਲ ਮਿਲਦੇ ਹਨ। ਤਿਨ੍ਹਾਂ ਨੂੰ ਧਰਮਰਾਇ ਦਾ ਉੱਕਾ ਹੀ ਡਰ ਭਉ ਨਹੀਂ, ਜੋ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਚਿਤ ਲਾਉਂਦੇ ਹਨ ਤੇ ਲਿਵ ਜੋੜਦੇ ਹਨ ਤੇ ਸਭ ਦੁਨੀਆ ਦੇ ਬੰਧਨ ਤੋੜਦੇ ਹਨ।

(੧੫੦) ਸੰਤ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥
ਬਾਬਾ ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥੧॥ਰਹਾਉ॥
ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥੧॥

*(ਗੋਂਡ ਕਬੀਰ ਜੀ, ਪੰਨਾ ੮੭੦)*

ਏਥੇ ਰਾਮ ਰਵਿ ਰਹੇ ਨਾਮ ਜਪਣਹਾਰੇ ਸਤਸੰਗੀ ਅਤੇ ਪਰਮਾਰਥੀ ਜੀਉੜਿਆਂ ਨੂੰ ਸੰਤ ਕਿਹਾ ਗਿਆ ਹੈ। ਪਰਮਾਰਥ ਤੋਂ ਘੁਥਿਆਂ ਕੁਸੰਗੀਆਂ ਸਾਕਤਾਂ ਨੂੰ 'ਅਸੰਤ' ਕਹਿ ਕੇ ਉਚਾਰਿਆ ਗਿਆ ਹੈ। ਇਹ ਸੰਕੇਤ ਨਹੀਂ ਕਿ ਗੁਰਬਾਣੀ ਅੰਦਰ ਸੰਤ ਪਦ ਕੇਵਲ ਗੁਰੂ ਪ੍ਰਥਾਇ ਹੀ ਉਚਰਣਤ ਹੈ। ਅਸੰਤ ਦੇ ਮੁਕਾਬਲੇ ਵਿਚ ਸੰਤ ਪਦ ਵਰਤਿਆ ਗਿਆ ਹੈ। ਭਾਵ ਸਪੱਸ਼ਟ ਹੈ।

(੧੫੧) ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ ॥
ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ ॥
ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥
ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥... ੪॥੧॥

*(ਧਨਾਸਰੀ ਮ: ੫, ਪੰਨਾ ੬੯੧)*

ਹੇ ਪੁਰਖ ਅਤੋਲਈ ਅਕਾਲ ਪੁਰਖ ਵਾਹਿਗੁਰੂ ! ਤੇਰਾ ਦਰਸੁ ਅਪਾਰ ਹੈ, ਤੇਰਾ ਨਾਮ ਅਮੋਲਈ ਹੈ। ਇਸ ਨਾਮ ਅਮੋਲ ਨੂੰ ਤੇਰੇ ਦਾਸ ਸੇਵਕ ਸਿਖ ਸੰਤ ਹੀ ਜਪਦੇ

ਹਨ। ਨਾਮ ਅਮੋਲਈ ਵਾਹਿਗੁਰੂ ਨਾਮ, ਜਪਣਹਾਰੇ ਸੰਤਾਂ ਸਿੱਖਾਂ ਦੀ ਰਸਨਾ ਉਤੇ ਵਸਦਾ ਹੈ। ਆਪ ਵੁਠ ਕੇ ਵਸਦਾ ਹੈ। ਸੋਈ ਗੁਰਮੁਖਿ ਸਿਖ ਸੰਤ ਜਨ ਹਰਿ ਰਸ ਵਿਖੇ ਮੱਤੇ ਰੱਤੇ ਰਹਿੰਦੇ ਹਨ। ਸੇ ਹਰਿ ਰਸ ਮੱਤੜੇ, ਨਾਮ ਰੰਗ ਰੱਤੜੇ, ਮਹਾਂ ਭਾਗਠੜੇ ਸਿਖ ਸੰਤ ਜਨ, ਗੁਰ-ਚਰਨਾਂ ਦੇ ਭਉਰੇ ਹੀ ਬਣੇ ਰਹਿੰਦੇ ਹਨ। ਗੁਰ-ਚਰਨਾਂ ਦੀ ਪਾਰਸ ਲਾਗ ਦੀ ਸੁਪਰਸਤਾ ਦਾ ਸਦਕਾ ਅਨਦਿਨ ਪ੍ਰੇਮ ਸੁਜਾਗ ਦੀ ਜਾਗ ਵਿਚ ਜਾਗਦੇ ਰਹਿੰਦੇ ਹਨ। ਤਾਂ ਤੇ ਸਿਖ ਰੂਪੀ ਸੰਤ ਗੁਰ-ਚਰਨਾਂ ਦੇ ਭਉਰੇ ਸਦਾਅ ਸਕਦੇ ਹਨ, ਨਾ ਕਿ ਗੁਰੂ-ਸੰਤ ਗੁਰ ਚਰਨਾਂ ਦੇ ਭਉਰੇ ਬਣ ਸਕਦੇ ਹਨ। ਗੁਰ ਚਰਨੀ ਲਗ ਕੇ ਗੁਰੂ ਕੇ ਸਿਖ ਹੀ ਜਾਗ ਸੁਜਾਗੇ ਪ੍ਰੇਮ ਵਿਚ ਰੰਗੇ ਜਾਂਦੇ ਹਨ। ਗੁਰੂ ਕੇ ਚਰਨੀ ਗੁਰੂ ਦਾ ਲਗਣਾ ਕੋਈ ਅਰਥ ਹੀ ਨਹੀਂ ਰਖਦਾ। ਸਿੱਧ ਹੋਇਆ ਕਿ ਸੰਤ ਪਦ ਇਸ ਗੁਰਵਾਕ ਵਿਖੇ ਸਪੱਸ਼ਟ ਸਿੱਖਾਂ ਪ੍ਰਥਾਇ ਘਟਦਾ ਹੈ।

(੧੫੨) **ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥**
**ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥**
**ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥**
**ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥**
**ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥**
**ਤਾ ਕਾ ਸੰਗੁ ਬਾਛਹਿ ਸੁਰ ਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੮੮॥**
*(ਆਸਾ ਮ: ੫, ਪੰਨਾ ੩੯੨)*

'ਸੰਤਨ' ਪਦ ਸੰਤ ਦਾ ਬਹੁ-ਵਚਨ ਹੈ। ਇਕ ਸੰਤ ਦਾ ਭਾਵ ਏਥੇ ਨਹੀਂ। ਬਹੁਤੇ ਸੰਤਾਂ ਨੂੰ ਹੀ 'ਸੰਤਨ' ਆਖਿਆ ਹੈ। ਬਹੁਤੇ ਸੰਤ ਸਿਖ ਹੀ ਹੋ ਸਕਦੇ ਹਨ। ਗੁਰੂ-ਸੰਤ ਤਾਂ ਇਕੋ ਹੀ ਹੋ ਸਕਦਾ ਹੈ। ਬਹੁ-ਵਚਨ ਵਾਚਕ 'ਸੰਤਨ' ਪਦ ਗੁਰੂ ਦੇ ਅਰਥ ਵਿਚ ਨਹੀਂ ਆ ਸਕਦਾ। ਭਾਵ ਭੀ ਸਪੱਸ਼ਟ ਹਨ। ਗੁਰੂ ਕੇ ਸੰਤ ਸਿੱਖਾਂ ਦਾ ਅਧਾਰ ਏਕੋ ਨਾਮ ਹੀ ਹੈ। ਨਾਮ-ਅਧਾਰੀ ਸਿੱਖਾਂ ਦਾ ਲੱਛਣ ਇਹੋ ਹੈ ਕਿ ਸਭ ਸਿੱਖਾਂ ਦੀ ਪਗ-ਛਾਰ ਹੋਇ ਰਹਿੰਦੇ ਹਨ। ਐਸੀ ਨਿਮਰਤਾ ਵਾਲੇ ਹੁੰਦੇ ਹਨ ਗੁਰੂ ਘਰ ਦੇ ਸਿਖ ਸੰਤ। ਮਾਨਧਾਰੀ ਨਹੀਂ ਹੁੰਦੇ ਆਪਣੇ ਪੈਰ ਪੁਜਾਉਣ ਵਾਲੇ, ਸਗੋਂ ਸਭ ਸਿੱਖਾਂ ਦੇ ਪੈਰ ਪੂਜਣਹਾਰੇ ਹੁੰਦੇ ਹਨ। ਡਿੰਭੀ ਸੰਤਾਂ ਦੀ ਡਿੰਭ-ਕਿਰਿਆ ਤੋਂ ਉਲਟ ਉਨ੍ਹਾਂ ਦੀ ਕਿਰਿਆ ਹੁੰਦੀ ਹੈ। ਓਹ ਸੰਤ ਨਹੀਂ ਸਦਾਉਂਦੇ, ਨਿਰਮਲ ਸਿਖ ਹੀ ਬਣੇ ਰਹਿੰਦੇ ਹਨ। ਆਪਣੀ ਮਾਨ-ਪ੍ਰਤਿਸ਼ਟਾ ਪੂਜਾ ਕਰਾਉਣ, ਸੰਤ ਅਖਵਾਉਣ ਦੀ ਓਹਨਾ ਨੂੰ ਧੱਤ ਨਹੀਂ ਹੁੰਦੀ। ਓਹ ਨਿਰੇ ਬਗਲ-ਸਮਾਧੀਏ ਬਗਲੇ ਸੰਤ ਨਹੀਂ ਹੁੰਦੇ, ਨਾਮ-ਰੰਗ-ਅਰਾਧੀਏ ਹੰਸਲੇ ਸਿਖ ਹੁੰਦੇ ਹਨ। ਅਗਲੀਆਂ ਤੁਕਾਂ ਵਿਚ ਗੁਰੂ ਸਾਹਿਬ ਗੁਰੂ ਘਰ ਦੇ ਸਿੱਖਾਂ ਸੰਤਾਂ ਦੀ ਕਿਆ ਸੋਹਣੀ ਗੁਰਮਤਿ ਅਨਕੂਲਣੀ ਰਹਿਤ ਰਹਿਣੀ ਨਿਰਣਾਉਂਦੇ ਹਨ।

ਗੁਰਸਿੱਖਾਂ ਸੰਤਾਂ ਦੀ ਰਹਿਣੀ ਬਹਿਣੀ ਦੀ ਪਹਿਲੀ ਪਛਾਣ ਹੀ ਇਹ ਹੈ ਕਿ ਓਹਨਾਂ ਦੀ ਵਰਤਣ ਕੇਵਲ ਨਾਮ ਦੀ ਹੀ ਹੁੰਦੀ ਹੈ। ਨਾਮ ਦੀ ਵਰਤੋਂ-ਵਿਉਹਾਰ ਬਿਨਾਂ ਓਹ ਪੋਚਾ ਪੋਚੀ ਦੀ ਪਾਖੰਡ ਕਾਰ ਵਿਚ ਨਹੀਂ ਪੈਂਦੇ, ਨਾ ਹੀ ਸੰਸਾਰੀ ਵਿਹਾਰਾਂ

ਵਿਚ ਖੱਚਤ ਹੁੰਦੇ ਹਨ। ਨਾ ਓਹਨਾਂ ਨੂੰ ਸੰਸਾਰੀ ਕੰਮ ਦੀ ਰੀਝ ਹੁੰਦੀ ਹੈ। ਨਾ ਗੁਰੂ ਬਣਨ ਦੀ ਫੋਕੀ ਰੀਝ ਹੈ। ਅੱਜ-ਕੱਲ੍ਹ ਦੇ ਸੰਤ ਹਰ ਇਕ ਕੰਮ ਵਿਚ ਮੋਹਰੀ ਮਹੰਤ ਬਣਿਆ ਲੋੜਦੇ ਹਨ। ਨਾਮ-ਆਧਾਰ ਨੂੰ ਛਡ ਕੇ ਸੰਸਾਰ ਦੀ ਉਸਤਤਿ-ਆਧਾਰ ਓਹਨਾਂ ਦੇ ਜੀਵਨ ਦਾ ਮੂਲ ਬਣ ਜਾਂਦਾ ਹੈ। ਜੇ ਕੋਈ ਓਹਨਾਂ ਦਾ ਆਦਰ ਨਾ ਕਰੇ ਤਾਂ ਓਹਨਾਂ ਦੇ ਚੇਲੇ ਚਪਾਟੇ ਉਸ ਆਦਰ ਨਾ ਕਰਨ ਵਾਲੇ ਤੇ ਭੂਹੇ ਹੋ ਜਾਂਦੇ ਹਨ। ਭੂਹੇ ਹੀ ਨਹੀਂ, ਸਗੋਂ ਗ਼ੈਜ਼ੋ ਗ਼ਜ਼ਬ ਦੇ ਲੂਹੇ ਭੂਤ ਬਣ ਜਾਂਦੇ ਹਨ। ਆਦਰ ਨਾ ਹੋਣ ਨੂੰ ਓਹ ਆਪਣਾ ਅਨਾਦਰ ਸਮਝਦੇ ਹਨ। ਗੁਰਬਾਣੀ ਦਾ ਅਨਾਦਰ ਨਿਸੰਗ ਹੋਵੇ; ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਭਾਵੇਂ ਓਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੁੰਦੀ ਹੋਵੇ, ਓਹਨਾਂ ਨੂੰ ਰੰਚਕ ਪਰਵਾਹ ਨਹੀਂ ਹੁੰਦੀ। ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀਆਂ ਲਾ ਕੇ ਅਤੇ ਗੁਰੂ ਸਾਹਿਬ ਦੇ ਸਨਮੁਖ ਪੈਰ ਪੁਜਾ ਕੇ ਸ੍ਰੀ ਗੁਰੂ ਸੱਚੇ ਪਾਤਸਾਹ ਦਾ ਆਪ ਨਿਰਾਦਰ ਕਰਦੇ ਹਨ। ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨਾ ਹੀ ਨਹੀਂ ਜਾਣਦੇ। ਆਪਣੇ ਬਣਾਏ ਘੜੇ ਹੋਏ ਟੱਪਿਆਂ ਦੇ ਰਾਗ-ਛਣੱਪਿਆਂ ਦੀਆਂ ਬੋਲੀਆਂ ਪਾਉਂਦੇ ਹਨ। ਕੀ ਇਹ ਗੁਰਬਾਣੀ ਦੀ ਅਤੇ ਗੁਰੂ-ਬਾਣੀ ਦੇ ਨਿਰਬਾਣ ਕੀਰਤਨ ਦੀ ਨਿਰਾਦਰੀ ਤੇ ਬੇਅਦਬੀ ਨਹੀਂ? ਜੇ ਕੋਈ ਏਹਨਾਂ ਨੂੰ ਇਸ ਨਿਰਾਦਰ ਕਰਨੋਂ ਹੋੜੇ ਤਾਂ ਓਹ ਉਸ ਦਾ ਨੱਕ ਭੰਨਣ ਤਾਈਂ ਜਾਂਦੇ ਹਨ। ਭਰੀ ਸਭਾ ਵਿਚ ਬੁਰਛਾ-ਗਰਦੀਆਂ ਕਰਦੇ ਹਨ। ਕੀ ਇਹ ਨਾਮ-ਅਧਾਰੀ ਸੰਤਾਂ ਦੇ ਲੱਛਣ ਹਨ? ਕੇਵਲ ਆਦਰ-ਵਪਾਰੀ ਅਸੰਤ ਅਨਾੜੀ ਹਨ, ਅਜਿਹੇ ਸੰਤਾਂ ਦੇ ਟੋਲਿਆਂ ਦੇ ਟੋਲੇ ਪੋਚ ਸੰਤ ਚੋਲਣੀ ਬਾਣਾ ਪਹਿਨੀ ਫਿਰਦੇ ਹਨ। ਓਹਨਾਂ ਦੀ ਵਰਤਣ ਕੇਵਲ ਨਾਮ ਨਹੀਂ, ਸਗੋਂ ਸੰਤਤਾਈ ਦਾ ਨਾਮਣਾ ਖਟਣਾ ਹੈ। ਸ਼ੁਹਰਤ (ਨਾਮਣਾ) ਖਟਣਾ ਇਕ ਬੜਾ ਹੀ ਗਿਰਿਆ ਹੋਇਆ ਲੱਛਣ ਹੈ, ਜੋ ਗੁਰਮਤਿ ਆਦਰਸ਼ ਤੋਂ ਉੱਕਾ ਹੀ ਪ੍ਰਤਿਕੂਲ ਹੈ। ਗੁਰੂ ਘਰ ਦੇ ਸੰਤਾਂ ਦੀ ਵਰਤਣ ਦੇ ਅਨੁਕੂਲ ਨਹੀਂ।

ਦੂਜੀ ਸੰਤ ਰਹਿਤ ਰਹਿਣੀ ਇਹ ਹੈ ਕਿ ਗੁਰੂ ਘਰ ਦੇ ਸੰਤਾਂ ਗੁਰਮੁਖਿ ਸਿੱਖਾਂ ਦੀ ਸੁਰਤੀ ਬਿਰਤੀ ਦਾ ਆਧਾਰ ਕੇਂਦਰੀ ਬਿਸ੍ਰਾਮ ਪਦ ਕੇਵਲ ਅਨੰਦ ਰੂਪ ਨਿਰਬਾਣ ਕੀਰਤਨ ਹੀ ਹੈ। ਗੁਰਬਾਣੀ ਦੇ ਨਿਰਬਾਣ ਕੀਰਤਨ ਤੋਂ ਰਹਿ ਚੁਕੇ ਹੋਏ, ਗੁਰਮਤਿ ਕੀਰਤਨ ਮਰਯਾਦਾ ਤੋਂ ਘੁਥੇ ਹੋਏ ਕੱਚੀਆਂ ਬਾਣੀਆਂ ਦੇ ਗਾਉਣ, ਬੋਲੀਆਂ ਪਾਉਣ ਵਿਚ ਆਪਣੀ ਕੁਸੁਰਤ ਬਿਸਰਾਮੀ ਟੇਕ ਰਖਦੇ ਹਨ। ਓਹ ਗੁਰਮਤਿ ਆਨੰਦ ਬਿਵਸਥਾ ਨੂੰ ਪੁਜਣਾ ਹੀ ਨਹੀਂ ਪਾਉਂਦੇ, ਕਿਉਂਕਿ 'ਆਨੰਦ ਰੂਪ' ਤਾਂ ਕੇਵਲ ਗੁਰਬਾਣੀ ਦਾ ਨਿਰਬਾਣ ਕੀਰਤਨ ਹੀ ਹੈ। ਕੱਚੀਆਂ ਬਾਣੀਆਂ ਦੇ ਗੀਤ ਗਾਉਣੇ ਕਚ-ਗੀਤ ਗੀਤੀ ਅਗੀਤੜੇ ਅਸੰਤਾਂ ਨੂੰ ਪਰਮਾਰਥੀ ਤੱਤ ਆਨੰਦ ਦੀ ਸੁੰਘਕ ਭੀ ਨਹੀਂ ਲੈਣ ਦਿੰਦੇ। ਗੁਰਮਤਿ ਨਾਮ ਦੀ ਕੇਵਲ ਵਰਤਣ ਵਾਲਿਆਂ ਨੂੰ, ਗੁਰਬਾਣੀ ਨਿਰਬਾਣ ਕੀਰਤਨ ਤੋਂ ਬਿਨਾਂ ਹੋਰ ਕੁਛ ਸੁਖਾਉਂਦਾ ਹੀ ਨਹੀਂ। ਕੱਚੀ ਬਾਣੀ ਪੜ੍ਹਨੀ, ਸੁਣਨੀ, ਗਾਉਣੀ ਉੱਕਾ ਹੀ ਨਹੀਂ ਸੁਖਾਉਂਦੀ। ਤਾਂ ਤੇ ਸਿੱਧ ਹੋਇਆ ਕਿ ਨਿਰਬਾਣ ਕੀਰਤਨ ਤੋਂ ਘੁੱਥੇ ਹੋਏ ਪੋਚ-ਸੰਤੀਏ ਪੁਰਸ਼ ਨਾਮ ਤੋਂ ਅਤੇ ਨਾਮ-ਆਧਾਰ ਤੋਂ ਭੀ ਘੁੱਥੇ ਹੋਏ ਹੁੰਦੇ ਹਨ। ਕੇਵਲ 'ਨਾਮ' ਓਹਨਾਂ ਦੀ ਵਰਤਣ ਹੀ ਨਹੀਂ ਹੁੰਦੀ। ਜੋ ਸਿਰਫ਼ ਅਸੰਤ ਹੋਣ ਦਾ ਹੀ ਕੁਲੱਛਣ ਹੈ, ਨਾ ਕਿ ਸੰਤ ਰਹਿਤ ਰਹਿਣੀਆ ਸੁਲੱਛਣ। ਅਨੰਦ ਰੂਪ ਕੀਰਤਨ

ਬਿਸਰਾਮ ਕੇਂਦਰੀ ਸੰਤ ਗੁਰਬਾਣੀ ਦਾ ਕੀਰਤਨ ਕਰਨਹਾਰੇ ਗੁਰਸਿਖ ਹੋ ਸਕਦੇ ਹਨ। ਅਸੀਂ ਸੰਤ ਪਦ ਦੇ ਖੰਡਨ ਕਰਨਹਾਰਿਆਂ ਨੂੰ ਸੁਚੇਤ ਕਰਦੇ ਹਾਂ ਕਿ ਸੋਚ ਸਮਝ ਕੇ ਇਸ ਪੁਨੀਤ ਸੰਤ ਪਦ ਦਾ ਖੰਡਨ ਕਰਿਆ ਕਰਨ। ਨਹੀਂ ਤਾਂ ਓਹ ਗੁਰਸਿੱਖੀ ਦੇ ਲਾਭ ਤੋਂ ਅਤੇ ਗੁਰਸਿੱਖੀ ਦੇ ਪਦ ਤੋਂ ਭੀ ਵੰਚਤ ਰਹਿ ਜਾਣਗੇ।

ਤੀਜਾ ਉਗਰ ਲੱਛਣ ਗੁਰੂ ਘਰ ਦੇ ਸੱਚੇ ਸਿੱਖਾਂ ਸੰਤਾਂ ਦਾ ਇਹ ਹੈ ਕਿ ਓਹਨਾਂ ਨੂੰ ਮਿੱਤਰ ਤੇ ਸ਼ਤਰੂ ਸਭ ਇਕ-ਸਮਾਨ ਹੁੰਦੇ ਹਨ। ਓਹ ਕਿਸੇ ਨਾਲ ਹੋਛੇ ਪੱਖ ਧੜੇ ਦੀ ਫੋਕੀ ਪਾਰਟੀ-ਬਾਜ਼ੀ ਦੀ ਮਿਤਰਤਾ ਨਹੀਂ ਗੰਢਦੇ। ਨਾ ਹੀ ਕਿਸੇ ਨਾਲ ਸ਼ਤਰੁਤਾ ਸਹੇੜਦੇ ਹਨ। ਕੇਵਲ ਗੁਰਮਤਿ ਅਸੂਲ ਦੇ ਹੀ ਆਸ਼ਕ ਹਨ। ਗੁਰਮਤਿ ਅਸੂਲਾਂ 'ਤੇ ਚਲਣਹਾਰਿਆਂ ਦੇ ਓਹ ਦਾਸਾਨ ਦਾਸ ਹਨ ਅਤੇ ਪਰਮ ਹਿਤਕਾਰੀ ਪਿਆਰ-ਪੁਜਾਰੀ ਹਨ। ਗੁਰਮਤਿ ਅਸੂਲਾਂ ਦੇ ਪ੍ਰਤਿਕੂਲ ਜਾਣ ਵਾਲਿਆਂ ਨਾਲ ਓਹਨਾਂ ਦਾ ਵਰਤੋਂ ਵਿਹਾਰ ਕਰ ਕੇ ਕੋਈ ਵਾਸਤਾ ਨਹੀਂ। ਗੁਰਮਤਿ ਅਸੂਲਾਂ ਦੀ ਨਿਰਾਦਰੀ ਕਰਨਹਾਰਿਆਂ ਦੇ ਓਹ ਸੋਧਕ ਪਰਬੋਧਕ ਜ਼ਰੂਰ ਹੁੰਦੇ ਹਨ। ਗੁਰਬਾਣੀ ਨਿੰਦਕਾਂ ਨਾਲ ਪੇਚ-ਯਾਰੀਆਂ ਰਖਣ ਵਾਲੇ ਸ਼ਤਰੂ ਮਿਤਰ ਏਕ-ਸਮਾਨੀ ਦੇ ਸੰਤ ਨਹੀਂ ਬਣ ਸਕਦੇ। ਸੱਚੇ ਸੁੱਚੇ ਗੁਰਮੁਖਾਂ ਸੰਤਾਂ ਸੱਚਿਆਂ ਸਿੱਖਾਂ ਨੂੰ ਗੁਰਮਤਿ ਅਸੂਲ ਭੰਗ ਕਰਨਹਾਰਿਆਂ ਨਾਲ ਭੀ ਜ਼ਾਤੀ ਵੈਰ ਵਿਰੋਧ ਕਦੇ ਨਹੀਂ ਹੁੰਦਾ। ਉੱਕਾ ਹੀ ਨਹੀਂ ਹੁੰਦਾ। ਸਗੋਂ ਓਹਨਾਂ ਨੂੰ ਸੁਮੱਤੇ ਲਾਉਣ ਵਾਲਾ ਸੱਚਾ ਪਿਆਰ ਹਿਤਕਾਰ ਹੁੰਦਾ ਹੈ। ਜਿਥੇ ਅਸੂਲ ਦੀ ਹਾਨੀ ਨਹੀਂ ਤਿਥੇ ਓਹਨਾਂ ਦਾ ਨਾ ਕੋਈ ਵੈਰੀ, ਨਾਹਿ ਬਿਗਾਨਾ ਹੁੰਦਾ ਹੈ, ਨਾ ਕਿਸੇ ਨਾਲ ਮਿੜ੍ਹਾਨਾ ਦੁਨੀਆਵੀ ਯਾਰਾਨਾ ਹੁੰਦਾ ਹੈ। ਓਥੇ ਮਿਤਰ ਸ਼ਤਰੂ ਓਹਨਾਂ ਨੂੰ ਇਕ-ਸਮਾਨ ਹੀ ਹੁੰਦੇ ਹਨ।

ਓਹਨਾਂ ਦੀ ਇਕਸੈ ਵਾਹਿਗੁਰੂ ਨਾਲ ਹੀ ਸੱਚੀ ਮਿਤਰਤਾ ਦੀ ਗੰਢ ਹੁੰਦੀ ਹੈ। ਪ੍ਰਭ ਅਪਨੇ ਬਿਨ ਹੋਰ ਕਿਸੇ ਨੂੰ ਆਪਣਾ ਪ੍ਰੀਤਮ ਨਹੀਂ ਜਾਣਦੇ। 'ਹਰਿ ਇਕਸੈ ਨਾਲਿ' ਹੀ ਓਹਨਾਂ ਦੀ ਸੱਚੀ ਦੋਸਤੀ ਹੁੰਦੀ ਹੈ। 'ਹਰਿ ਇਕਸੈ ਨਾਲਿ' ਓਹਨਾਂ ਦਾ ਪ੍ਰੇਮ-ਰੰਗ ਬਣਿਆ ਰਹਿੰਦਾ ਹੈ। ਹਰਿ ਇਕੋ ਹੀ ਓਹਨਾਂ ਦਾ ਸਜਣ, ਹਰਿ ਇਕੋ ਹੀ ਸੈਣ, 'ਹਰਿ ਇਕਸੈ ਨਾਲਿ' ਹੀ ਓਹਨਾ ਦਾ ਸੰਗ ਹੁੰਦਾ ਹੈ। ਹਰਿ ਨਾਮ ਦੇ ਜੋੜੀਆਂ ਨਾਲ ਅਤੇ ਸੱਚੇ ਸਤਸੰਗੀਆਂ ਨਾਲ ਓਹਨਾਂ ਦਾ ਸੱਚਾ ਪਰਮਾਰਥੀ ਪਿਆਰ ਹੁੰਦਾ ਹੈ, ਜੋ ਤੋੜ ਨਿਭਦਾ ਹੈ। ਕਚ ਪਿਚ ਦੁਨੀਆਵੀ ਪਿਆਰਾਂ ਅਪਿਆਰਾਂ ਵਾਲੀ ਮਿਤਰਾਂ ਸ਼ਤਰੂਆਂ ਦੀ ਸਹੇਤ ਓਹਨਾਂ ਦੇ ਨੇੜੇ ਨਹੀਂ ਆਉਂਦੀ, ਕੇਵਲ ਵਾਹਿਗੁਰੂ ਪ੍ਰੀਤਮ ਦੇ ਪ੍ਰੇਮ-ਰੰਗਾਂ ਦੀ ਸਮਾਈ ਹੀ ਬਣੀ ਰਹਿੰਦੀ ਹੈ। ਸੱਚ ਮੁੱਚ "ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ" ਵਾਲਾ ਰਹਿਤ-ਰਹਿਣੀਆ ਲੱਛਣ ਗੁਰੂ ਘਰ ਦੇ ਸੂਜਨਾਂ ਦੀ ਅਨਿੰਨ ਸਿੱਖੀ ਦਾ ਸੱਚਾ ਸੁੱਚਾ ਨੀਸਾਨੀਆ ਚਿਹਨ ਹੈ। ਗੁਰਮਤਿ ਆਦਰਸ਼ ਤੋਂ ਪ੍ਰਤਿਕੂਲ ਇਹ ਅਨਿੰਨ ਸਿੱਖੀ ਵਾਲੇ ਸੰਤ ਸਿਧ, ਇਕ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਆਨਮਤ ਮਨੌਤੀਏ ਦੇਵਤੇ, ਬ੍ਰਹਮ ਅਤੇ ਗਾਡ ਨੂੰ ਨਹੀਂ ਜਾਣਦੇ। ਓਹ ਮਿਲਗੋਭ-ਪੰਥੀਏ ਅੱਧੋ ਸਿਖ ਅਤੇ ਅੱਧੋ ਵੇਦਾਂਤੀ ਨਹੀਂ ਹੁੰਦੇ। ਅੱਜ-ਕੱਲ੍ਹ ਦੇ ਮਿਲਗੋਭ-ਧਰਮੀ ਗੁਰਮਤਿ ਆਦਰਸ਼ ਅਮਰਮੀ ਦੁਰਮਤਿ ਮੱਤਿ ਪੋਚੀਏ ਸੰਤ, ਗੁਰਮਤਿ ਦੇ ਪਰਚਾਰ ਦੀ ਓਟ ਲੈ ਕੇ ਵੇਦਾਂਤ ਮਤ ਦਾ ਉਲਟਾ ਪਰਚਾਰ ਕਰਦੇ ਹਨ ਅਤੇ ਅਖੌਤੀ ਬ੍ਰਹਮ ਬਣਿ ਬਣਿ ਬੈਠਦੇ ਹਨ। ਅਤੇ ਬ੍ਰਹਮ ਬੇਤਤਾ ਦੀ ਪੋਚਤਾ ਦੂਜਿਆਂ ਨੂੰ ਦਿਖਾਉਣ ਲਈ, ਓਹਨਾ

ਨੂੰ ਆਦਰ ਸਹਿਤ ਮਿਲਣ ਆਇਆਂ ਨੂੰ 'ਆਉ ਜੀ ਈਸ਼ਰੋ, ਤੁਸੀਂ ਤਾਂ ਆਪ ਹੀ ਬ੍ਰਹਮ ਹੋ' ਦੀ ਆਉ-ਭਗਤ ਨਾਲ ਠਗਦੇ ਹਨ ਅਤੇ ਨਿਜ ਆਦਰ ਕਰਾਉਣ ਦੇ ਸੌਦੇ ਵਾਲੇ ਸ਼ੁਦਾਉ (ਕਮਲਪੁਣੇ) ਵਿਚ ਪੈਂਦੇ ਹਨ। ਅਜਿਹੇ ਸ਼ੁਦਾਈ ਕਮਲਿਆਂ ਨੂੰ ਸੰਤ ਕਹਿਣਾ ਹੀ ਕਮਲਪੁਣਾ ਹੈ। ਵਾਹਿਗੁਰੂ ਦੇ ਪੁਜਾਰੀ ਸਿਖ ਸੰਤ ਕੇਵਲ ਵਾਹਿਗੁਰੂ ਨੂੰ ਹੀ ਵਾਹਿਗੁਰੂ ਕਰਕੇ ਜਾਣਦੇ ਹਨ, ਕੇਵਲ ਵਾਹਿਗੁਰੂ ਦੇ ਹੀ ਪੁਜਾਰੀ ਹਨ, ਕੇਵਲ ਵਾਹਿਗੁਰੂ ਦੇ ਹੀ ਅਨਿੰਨ ਉਪਾਸ਼ਕ ਸੱਚੇ ਉਪਾਸ਼ਕ ਹਨ, ਆਨਮਤ ਮਨ-ਘੜਤ ਆਦਰਸ਼ਾਂ ਦੇ ਕਾਇਲ ਨਹੀਂ। ਕੇਵਲ ਗੁਰਮਤਿ ਆਦਰਸ਼ ਵਿਲੱਖਣੀ ਈਸ਼ਰਤਾ ਉਤੇ ਹੀ ਮਾਇਲ ਹਨ। ਇਹੋ ਗੁਰਮੁਖਿ ਸਿੱਖਾਂ ਸੰਤਾਂ ਦਾ ਸੱਚਾ ਈਮਾਨ ਹੈ। ਇਹੋ ਓਹਨਾਂ ਦਾ ਗੁਰਮੁਖਿ ਸਿਖ ਸੰਤ-ਰਹਿਤ-ਰਹਿਣੀਆ ਚੌਥਾ ਚਿੰਨ੍ਹ ਹੈ। ਓਹ ਕੇਵਲ ਅਕਾਲ ਪੁਰਖ ਵਾਹਿਗੁਰੂ ਨੂੰ ਹੀ "ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ" ਮੰਨਦੇ ਹਨ। ਹੋਰ ਦੇਵੀ ਦੇਵਤਿਆਂ ਪੀਰ ਪੈਗੰਬਰਾਂ ਦੀ ਮਨੌਤੀ ਵਿਚ ਨਹੀਂ ਪੈਂਦੇ।

ਪੰਜਵਾਂ ਉੱਘਾ ਲੱਛਣ ਗੁਰੂ ਘਰ ਦੇ ਗੁਰਮੁਖਿ ਸਿਖ ਸੰਤਾਂ ਦੀ ਉੱਚ ਰਹਿਤ ਰਹਿਣੀ ਦਾ ਇਹ ਹੈ ਕਿ ਉਹ 'ਸੂਰਬੀਰ ਬਚਨ ਕੇ ਬਲੀ' ਹੁੰਦੇ ਹਨ। ਨਿਪੁੰਸਕ ਸ਼ਾਂਤ ਕੀਰਤਾ (ਕੀਰਪੁਣਾ, ਗੀਦੀਪੁਣਾ) ਸੰਤ ਖ਼ਾਲਸਾ ਜੀ ਵਿਚ ਨਹੀਂ ਹੁੰਦੀ। ਸੱਚੀ ਸੂਰਬੀਰਤਾ ਵਾਲੇ ਬੀਰ ਬਹਾਦਰ ਜੋ ਖ਼ਾਲਸਈ ਸੰਤ ਕਹਾ ਸਕਦੇ ਹਨ। "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥"[1] ਵਾਲੇ ਗੁਰਵਾਕ ਦੇ ਭਾਵ ਵਾਲੀ ਸੂਰਬੀਰਤਾ ਵਾਲੇ ਸਤਿਗੁਰ ਪੂਰੇ ਦੇ ਸਿੱਖਾਂ ਨੂੰ 'ਸੂਰਬੀਰਾਂ' ਦਾ ਗੁਰਮਤਿ ਮਰਤਬਾ ਪ੍ਰਾਪਤ ਹੈ। ਆਤਮ-ਰੰਗਾਂ ਦੇ ਔਜ ਮੇਅਰਾਜ ਤੋਂ ਗਿਰੇ ਹੋਇਆਂ ਨੂੰ ਸੱਚੀ ਸੂਰਬੀਰਤਾ ਹੀ ਨਹੀਂ ਆ ਸਕਦੀ, ਓਹਨਾਂ ਨੂੰ ਸੱਚੇ ਸ਼ਾਂਤ ਰਸ ਦੀ ਪਦਵੀ ਪ੍ਰਾਪਤ ਨਹੀਂ ਹੁੰਦੀ। ਨਾਮ-ਰੰਗਾਂ ਵਿਚ ਇਕ-ਰਸ ਰਹਿਣ ਵਾਲੇ ਹੀ ਅਟੱਲ ਸ਼ਾਂਤ-ਰਸੀਏ ਸੂਰਬੀਰ ਹਨ। ਇਥੇ ਸ਼ਾਂਤਿ-ਬੀਰਤਾ ਇਕੋ ਪਰਮਾਤਮ ਸੱਚੇ ਦੀ ਟਕਸਾਲ ਵਿਚ ਢਲੀ ਹੋਈ ਹੁੰਦੀ ਹੈ। ਚਾਹੇ ਕਿੰਨੀਆਂ ਹੀ ਔਕੜਾਂ ਆਵਣ, ਚਾਹੇ ਕਿਤਨੀਆਂ ਹੀ ਆਫ਼ਤਾਂ ਮੁਸੀਬਤਾਂ ਆਵਣ, ਸੱਚੀ ਸ਼ਾਂਤਿ-ਔਜੀਏ ਸੰਤ ਆਪਣੀ ਸ਼ਾਂਤਿ-ਬੀਰਤਾ ਤੋਂ ਨਹੀਂ ਟਲਣਗੇ। ਓਹਨਾਂ ਦੀ ਸ਼ਾਂਤਿ-ਬੀਰਤਾ ਹਰ ਇਕ ਅਵਸਰ ਹਰ ਇਕ ਬਿਪਤ-ਕਾਲੀ-ਭ੍ਰਿਅੰਕਰ-ਔਕੜ ਵਿਖੇ ਕਾਇਮ ਦਾਇਮ ਅਤੇ ਅਟੱਲ ਰਹੇਗੀ। ਗੁਰੂ ਕੇ ਸੂਰਬੀਰ ਸੰਤ ਖ਼ਾਲਸਾ ਜੀ ਬਚਨ ਦੇ ਬਲੀ ਅਜਿਹੇ ਹੁੰਦੇ ਹਨ ਕਿ ਸਿਰ ਜਾਏ ਤਾਂ ਜਾਏ, ਪਰ ਓਹਨਾਂ ਦਾ ਸਿਰੜ ਨਹੀਂ ਜਾਂਦਾ। ਜਿਸ ਪੰਥਕ ਮੋਰਚੇ ਵਿਚ ਸੀਸ ਲਾਉਣ ਦਾ ਬਚਨ ਦੇ ਦੇਣਗੇ, ਫੇਰ ਓਥੇ ਟਲਣ ਉਤੇ ਅਹਿੱਲ ਤੇ ਅਟੱਲ ਰਹਿਣਗੇ। ਐਸੇ ਬਚਨ ਕੇ ਬਲੀ ਹੁੰਦੇ ਹਨ ਗੁਰੂ ਘਰ ਕੇ ਸੰਤ ਖ਼ਾਲਸਾ ਜੀ, ਸੂਰਬੀਰ ਖ਼ਾਲਸਾ ਜੀ, ਸੱਚੀ ਸ਼ਾਂਤੀ-ਬੀਰਤਾ ਵਾਲੇ ਸੰਤ ਸਰੂਪ ਖ਼ਾਲਸਾ ਜੀ। ਓਹਨਾਂ ਨੂੰ ਆਪਣੇ ਅਟੱਲ ਬਚਨ ਤੋਂ ਫੇਰਨ ਲਈ ਦੁਨੀਆ ਦੀਆਂ ਸਭ ਤਾਕਤਾਂ ਸ਼ਕਤੀਆ ਅਸ਼ਕਤੀਆਂ ਰਹਿੰਦੀਆਂ ਹਨ। ਓਹਨਾਂ ਨੂੰ ਕੋਈ ਬੜੇ ਤੋਂ ਬੜਾ ਮਾਇਆਵੀ ਲਾਲਚ, ਦੁਨੀਆਵੀ ਮਰਾਤਬੇ ਦਾ ਲਾਲਚ ਬਚਨ-ਬੀਰਤਾ ਦੀ

੧. ਧਨਾਸਰੀ ਮ: ੫, ਪੰਨਾ ੬੭੦

ਅਟੱਲਤਾ ਵਾਲੇ ਔਜ ਉਚਾਣ ਤੋਂ ਨੀਚੇ ਨਹੀਂ ਗਿਰਾ ਸਕਦਾ। ਸੰਸਾਰੀਆਂ ਨੂੰ, ਸਭ ਦੁਨੀਆ ਨੂੰ, ਦੇਵੀ ਦੇਵਤਿਆਂ ਨੂੰ, ਸੁਰ ਨਰ ਮੁਨ ਜਨਾਂ ਨੂੰ ਛਲਨਹਾਰੀ ਕਉਲਾ ਬਪੁਰੀ ਸੰਤ ਖ਼ਾਲਸਾ ਜੀ ਨੂੰ ਨਹੀਂ ਛਲ ਸਕਦੀ। ਸਗੋਂ ਸੰਤ ਖ਼ਾਲਸਾ ਦੀ ਸੂਰਬੀਰਤਾ ਦਾ ਔਜ ਮੇਅਰਾਜ ਸੁਲੱਖਣ ਇਹ ਹੁੰਦਾ ਹੈ ਕਿ ਉਹ ਬਪੁਰੀ ਛਲ ਨਾਗਨੀ ਭੀ ਮਲ ਦਲ ਕੇ ਸੂਰਬੀਰ ਬਚਨ ਦੇ ਬਲੀ ਸੰਤ ਖ਼ਾਲਸਾ ਜੀ ਨੇ ਛਲ ਲਈ ਹੈ।

ਐਸੇ ਪੰਜ ਗੁਰਮਤਿ ਰਹਿਤ ਰਹਿਣੀਏ ਲੱਛਣਾਂ ਵਾਲੇ ਸੰਤ ਖ਼ਾਲਸਾ ਜੀ ਦਾ ਸੰਗ ਸੁਰ ਨਰ ਦੇਵਤੇ ਭੀ ਬਾਂਛਦੇ ਹਨ। ਅਜਿਹੇ ਖ਼ਾਲਸਈ ਸੂਰਬੀਰ ਸੰਤਾਂ ਸਿੱਖਾਂ ਦਾ ਦਰਸ਼ਨ ਹੀ ਅਮੋਘ ਦਰਸ਼ਨ ਹੈ। ਤਿਨ੍ਹਾਂ ਦੀ ਛਾਦਨ-ਭੋਜਨ-ਅਰਪਨੀ--ਨਿਰਬਾਹ ਸੇਵਾ ਭੀ ਸਫਲ ਸੇਵਾ ਹੈ। ਕਿਉਂਕਿ ਕੇਵਲ ਅਕਾਲ ਪ੍ਰਾਇਣ ਹੋ ਰਹੇ ਸੰਤਾਂ ਸੂਰਬੀਰਾਂ ਨੂੰ ਨਿਜ ਤਨ ਦੇ ਪਾਲਨ ਪੋਸਨ ਦੀ ਕੋਈ ਪਰਵਾਹ ਹੀ ਨਹੀਂ ਹੁੰਦੀ; ਓਹ ਕੇਵਲ ਅਕਾਲ ਤੇ ਅਕਾਲ-ਪੰਥ ਦੀ ਨਿਸ਼ਕਾਮ ਸੇਵਾ ਕੁਰਬਾਨੀ ਵਿਚ ਕੁਰਬਾਨ ਹੋਇ ਰਹਿੰਦੇ ਹਨ। ਤਿਨ੍ਹਾਂ ਦੀ ਅਨਿਕ ਪ੍ਰਕਾਰੀ ਸੇਵਾ ਕਰਨੀ ਸਫਲ ਸੇਵਾ ਹੈ। ਗੁਰੂ ਪੰਥ ਇਸ ਸੇਵਾ ਦੀ ਦਾਦ ਧੁਰੋਂ ਹੀ ਦਿੰਦਾ ਰਿਹਾ ਹੈ। ਅਤੇ ਅਕਾਲੀ ਲਹਿਰ ਦੀ ਚੜ੍ਹਦੀ ਕਲਾ ਵਿਚ ਭੀ ਇਸੇ ਸੇਵਾ ਦਾ ਧੁਰਵਾ ਬੰਨ੍ਹ ਕੇ ਦਿਖਾਇਆ ਜਾਂਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਭੀ ਵਾਹਿਗੁਰੂ ਗੁਣਤਾਸ ਪਹਿ ਅਰਦਾਸ ਕਰਦੇ ਹਨ ਕਿ ਗੁਰੂ ਘਰ ਦੇ ਅਜਿਹੇ ਸੂਰਬੀਰ ਬਚਨ ਕੇ ਬਲੀ ਸੰਤ ਖ਼ਾਲਸਾ ਜੀ ਦੀ ਟਹਿਲ ਸਾਨੂੰ ਭੀ ਬਖ਼ਸ਼ੇ।

(੧੫੩) **ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥ ਕਰਿ ਕਿਰਪਾ ਅਪੁਨੈ ਨਾਇ ਲਾਏ... ॥੩॥੯੭॥**

*(ਆਸਾ ਮ: ੫, ਪੰਨਾ ੩੯੪-੯੫)*

ਏਥੇ ਸਪੱਸ਼ਟ ਹੀ ਨਾਮ ਜਪਣਹਾਰੇ ਗੁਰਸਿੱਖਾਂ ਨੂੰ ਹੀ ਸੰਤ ਪਦ ਨਾਲ ਸਨਮਾਨਿਆ ਗਿਆ ਹੈ। ਗੁਰਸਿਖ ਸੰਤ ਜਨ ਨਾਮ ਧਿਆਇ ਧਿਆਇ ਹੀ ਤ੍ਰਿਪਤ ਹੋਇ ਰਹਿੰਦੇ ਹਨ, ਤ੍ਰਿਪਤਾਸੇ ਰਹਿੰਦੇ ਹਨ। ਗੁਰੂ ਕਰਤਾਰ ਨੇ ਆਪਣੀ ਅਪਾਰ ਕਿਰਪਾ ਧਾਰ ਕੇ ਗੁਰਸਿਖ ਸੰਤ ਗੁਰਮੁਖਿ ਜਨਾਂ ਨੂੰ ਆਪਣੇ ਨਾਮ ਵਿਖੇ ਲਾਇ ਜੁਟਾਇ ਲਿਆ ਹੈ।

(੧੫੪) **ਸੂਖੁ ਭਇਆ ਦੂਖੁ ਦੂਰਿ ਪਰਾਨਾ ॥ ਸੰਤ ਰਸਨ ਹਰਿਨਾਮੁ ਵਖਾਨਾ ॥...੨॥੩੦॥**

*(ਮਾਝ ਮ: ੫, ਪੰਨਾ ੧੦੩)*

ਜਿਨ੍ਹਾਂ ਸਿੱਖਾਂ ਸੰਤਾਂ ਨੇ ਰਸਨਾ ਕਰਕੇ ਗੁਰਮਤਿ ਨਾਮ ਜਪਾਨਾ (ਵਖਾਨਾ) ਹੈ ਤਿਨ੍ਹਾਂ ਨੂੰ ਸੱਚੇ ਸੁਖ ਦੀ ਪ੍ਰਾਪਤੀ ਹੋਈ ਹੈ। ਤਿਨ੍ਹਾਂ ਦੇ ਸਭ ਦੂਖ ਦਲਿਦਰ ਦੂਰ ਹੋਇ ਪਰੇ ਹੈਂ। ਇਹ ਹੈ ਗੁਰਮੁਖਿ ਸਿਖ ਸੰਤਾਂ ਦੇ ਨਾਮ ਜਪਣ ਦਾ ਪਾਰਸ ਪ੍ਰਭਾਵ।

(੧੫੫) **ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥**
**ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ ॥੨॥੧॥੩੧॥**

*(ਧਨਾਸਰੀ ਮ: ੫, ਪੰਨਾ ੬੭੯)*

ਸਾਧ ਜਨਾਂ ਦੀ ਰੇਨ ਦਾ ਭਾਵ ਹੈ ਸਤਸੰਗ ਵਿਚ ਜੁੜੇ ਸਤਸੰਗੀ ਗੁਰਮੁਖਿ ਸਿੱਖਾਂ ਸਾਧਾਂ ਸੰਤ ਜਨਾਂ ਕੀ ਧੂੜੀ। ਗੁਣ ਗੋਬਿੰਦ ਗਾਵਣਹਾਰੇ ਚਰਨ ਕਮਲ ਨਮਸਕਾਰੀ ਗੁਰਸਿਖ ਸਾਧ ਜਨਾਂ ਦੀ ਰੇਨ ਮੰਗਲ-ਮਈ ਸੁਖ ਸਧਰਾਂ ਦੀ ਉਪਜਾਇਕ

ਹੈ। ਜਿਨ੍ਹਾਂ ਨੇ ਸਤਸੰਗਤਿ ਦੀ ਰੇਨ, ਗੁਰਸਿੱਖਾਂ ਸਾਧ ਜਨਾਂ ਦੀ ਜੁੜੀ ਸੰਗਤਿ ਦੀ ਰੇਨ ਮੁਖ ਮਸਤਕ ਤੇ ਸ਼ਰਧਾ ਸੇਤੀ ਲਾਈ ਹੈ ਤਿਨ੍ਹਾਂ ਨੂੰ ਹੀ ਆਤਮ ਆਨੰਦੀ ਅਪਾਰ ਸੁਖਾਂ ਦਾ ਸੁਆਦ ਆਇਆ ਹੈ। ਨਾਮ-ਰਸੀਏ, ਆਤਮ ਵਿਗਸੀਏ ਸਾਧ ਰੂਪ ਸਿੱਖਾਂ ਦੀ ਰੇਨ-ਬਾਂਛਾ ਐਸੀ ਪਾਕ ਪਾਰਸਾਣੀ ਹੈ।

(੧੫੬) **ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥...੧੦॥**

*(ਬਾਰਹਮਾਹਾ ਮਾਂਝ ਮ: ੫, ਪੰਨਾ ੧੩੫)*

ਨਾਮ ਅਭਿਆਸੀ ਸਾਧ ਰੂਪ ਗੁਰਸਿਖ ਸਤਸੰਗਣ ਸਹੇਲੀਆਂ ਸੰਗ ਮਿਲ ਕੇ ਪਦਾਰਥ ਦੇ ਜਗਿਆਸੂ ਦਾ ਤਨ ਤੇ ਮਨ ਰਾਮ-ਰੰਗਾਂ ਵਿਚ ਮਉਲਿਆ ਜਾਂਦਾ ਹੈ। ਜਿਨ੍ਹਾਂ ਨੂੰ ਰੰਗ-ਰਤੜੇ ਸਿਖ ਸਾਧ ਜਨਾਂ ਦੀ ਸੰਗਤਿ ਪ੍ਰਾਪਤ ਨਹੀ, ਜੋ ਪਰਮਾਰਥ ਜਗਿਆਸਾ ਦੀਆਂ ਪੰਧਾਨੂ ਜਗਿਆਸਣਾਂ, ਰੰਗ-ਰਤੜੀਆਂ ਸਾਧ ਸਰੂਪ ਸਖੀਆਂ ਸਹੇਲੀਆਂ ਦੀ ਸੰਗਤਿ ਤੋਂ ਵਾਂਜੀਆਂ ਤੇ ਬਾਹਰੀਆਂ ਰਹਿੰਦੀਆਂ ਹਨ, ਇਕੱਲ ਤਿਨ੍ਹਾਂ ਨੂੰ ਤੋੜ ਤੋੜ ਖਾਂਦੀ ਰਹਿੰਦੀ ਹੈ। ਸੰਗਤਿ ਬਿਹੂਣ ਓਹ ਝੂਰਿ ਝੂਰਿ ਵਿਸੂਰਿ ਵਿਸੂਰਿ ਮਰਦੀਆਂ ਹਨ। ਤਾਂ ਤੇ 'ਸਾਧ ਜਨਾਂ' ਅਤੇ 'ਸਾਧ ਸਹੇਲੜੀਆਹ' ਤੋਂ ਭਾਵ ਇਸ ਦੁਤੁਕੀ ਅੰਦਰ ਸਿਖ ਰੂਪ ਸਾਧਾਂ ਸਾਧਨੀਆਂ ਤੋਂ ਹੈ, ਜਿਨ੍ਹਾਂ ਨੇ ਨਾਮ ਜਪ ਕੇ ਆਪਣੇ ਮਨ ਨੂੰ ਸਾਧ ਲਿਆ ਹੈ।

(੧੫੭) **ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ਰਹਾਉ॥**
**ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥**
**ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥੧੧॥**

*(ਗੋਂਡ ਮ: ੫, ਪੰਨਾ ੮੬੫)*

ਰਾਮ ਭਗਤ, ਗੋਬਿੰਦ ਭਗਤ, ਸਾਧ ਜਨਾਂ ਤੋਂ ਭਾਵ ਸਾਫ਼ ਗੁਰਸਿੱਖਾਂ ਦਾ ਹੈ। ਸੰਸਾਰੀਆਂ ਸਾਕਤਾਂ ਦੇ ਮੁਕਾਬਲੇ ਵਿਚ ਪਰਮਾਰਥ-ਪਾਂਧੀਆਂ ਗੁਰਸਿੱਖਾਂ ਦੀ ਉਪਮਾ ਇਸ ਗੁਰਵਾਕ ਅੰਦਰ ਕੀਤੀ ਗਈ ਹੈ। ਜਿਥੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਰੂਪੀ ਪੰਜਾਂ ਦੂਤਾਂ ਨੇ ਸਾਰੀ ਸ੍ਰਿਸ਼ਟੀ ਉਤੇ ਕਾਠੀ ਪਾਈ ਹੋਈ ਹੈ ਅਤੇ ਆਪਣੀ ਈਨ ਜਮਾਈ ਹੋਈ ਹੈ, ਉਥੇ ਨਾਮ ਜਪਣਹਾਰੇ ਅਭਿਆਸੀ ਜਨ ਗੁਰਸਿੱਖਾਂ ਭਗਤਾਂ ਦੇ ਅਗੇ ਓਹ ਪਾਣੀ ਭਰਦੇ ਹਨ। ਜਗਤ ਪਾਸੋਂ ਤਾਂ ਓਹ ਪੰਜ ਸਿਕਦਾਰ ਜਜ਼ੀਆ ਡੰਨ ਲੈਂਦੇ ਹਨ ਅਤੇ ਗੁਰਸਿਖ ਗੋਬਿੰਦ ਭਗਤਾਂ ਨੂੰ ਜੋਹਾਰ ਨਮਸਕਾਰ ਕਰਦੇ ਹਨ। ਸਾਰਾ ਜਗਤ ਪੰਜਾਂ ਦੂਤਾਂ ਦਾ ਮਜ਼ੂਰ ਗ਼ੁਲਾਮ ਹੈ ਅਤੇ ਓਹਨਾਂ ਅਗੇ ਬੇਗਾਰ ਕੱਢਦਾ ਹੈ। ਗੁਰਮਤਿ ਭਗਤ ਜਨਾਂ ਨੂੰ ਦੂਰੋਂ ਦੇਖ ਕੇ ਓਹ ਸਲਾਮਾਂ ਕਰਦੇ ਹਨ, ਅਰਥਾਤ, ਪੰਜ ਦੂਤ ਭਗਤ ਜਨਾਂ ਨਾਮ-ਅਭਿਆਸੀਆਂ ਸਿੱਖਾਂ ਦੇ ਨੇੜੇ ਨਹੀਂ ਆਉਂਦੇ। ਹੋਰ ਸੰਸਾਰੀਆਂ ਨੂੰ ਓਹ ਚਿੰਮੜੇ ਹੀ ਰਹਿੰਦੇ ਹਨ। ਸਾਕਤਾਂ ਦੀ ਤਾਂ ਇਹ ਪੰਜ ਦੂਤ ਲੁਟ ਲੁਟ ਕੇ ਪਤਿ ਪ੍ਰਤੀਤ ਹੀ ਖੋ ਦਿੰਦੇ ਹਨ। ਇਸ ਥੋਂ ਉਲਟ, ਗੁਰਸਿਖ ਸਾਧ ਜਨਾਂ ਦੇ ਸਗੋਂ ਪਗ ਮਲ ਮਲ ਕੇ ਧੋਂਦੇ ਹਨ। ਕਿਉਂਕਿ ਓਹਨਾਂ ਨੇ ਨਾਮ ਜਪਿ ਜਪਿ ਆਪਣਾ ਮਨ ਸਾਧਿਆ ਹੁੰਦਾ ਹੈ। ਮਨ ਸਾਧੇ ਹੋਏ ਗੁਰਸਿਖ ਸਾਧ ਜਨਾਂ ਦੇ ਓਹ ਉਲਟੇ ਹੱਥੀਂ ਬਧੀ ਗ਼ੁਲਾਮ

ਟਹਿਲੂਏ ਬਣ ਜਾਂਦੇ ਹਨ।

(੧੫੮) **ਸਿਮਰਤ ਨਾਮੁ ਮਨਹਿ ਸੁਖੁ ਪਾਈਐ ॥**
**ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥੧॥ਰਹਾਉ॥੨੮॥**

*(ਕਾਨੜਾ ਮ: ੫, ਪੰਨਾ ੧੩੦੩)*

ਸਾਧ ਜਨਾਂ ਤੋਂ ਭਾਵ ਏਥੇ ਸਾਫ਼ ਨਾਮ-ਰੰਗ-ਰਤੜੇ ਮਨ-ਸਾਧੱਤੜੇ ਗੁਰਸਿੱਖਾਂ ਦਾ ਹੈ। ਜਿਨ੍ਹਾਂ ਨੇ ਨਾਮ ਸਿਮਰ ਕੈ ਆਪਣੇ ਮਨ ਅੰਦਰ ਪਰਮਾਤਮ ਸੁਖ ਨੂੰ ਪਰਵੇਸ਼ ਕੀਤਾ ਹੈ ਤਿਨ੍ਹਾਂ ਸਿੱਖਾਂ ਸਾਧਾਂ ਸੰਗ ਮਿਲ ਕੇ ਕੀਰਤਨ ਕਰਨਾ ਮਹਾਂ ਸੁਖਦਾਈ ਅਤੇ ਕਲਿਆਨ ਅਨੁਦਾਈ ਹੈ।

(੧੫੯) **ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵ ਲਾਉ ॥**
**ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ ॥੪॥੧॥**

*(ਸਾਰੰਗ ਮ: ੫, ਪੰਨਾ ੧੨੦੨)*

ਸਾਧਨ, ਸਾਧ ਏਥੇ ਬਹੁ-ਵਚਨ ਹੈ। ਸੋ ਗੁਰੂ ਤੋਂ ਮੁਰਾਦ ਨਹੀਂ, ਗੁਰਸਿੱਖਾਂ ਤੋਂ ਮੁਰਾਦ ਹੈ। ਗੁਰਸਿੱਖਾਂ ਸਾਧਾਂ ਦਾ ਸੰਗ, ਗੁਰਸਿੱਖਾਂ ਸਾਧਾਂ ਨਾਲ ਗੋਸਟ ਕਥਾ ਵਾਰਤਾ ਅਤੇ ਗੁਰਸਿੱਖਾਂ ਸਾਧਾਂ ਨਾਲ ਮਿਲ ਕੀਰਤਨ ਕਰ ਕੇ ਲਿਵਲੀਨ ਹੋਣਾ, ਐਨ ਤੱਤ ਗੁਰਮਤਿ ਹੈ। ਹੋਰ ਆਨਮਤੀ ਭੇਖੀ ਸੰਤਾਂ ਸਾਧਾਂ ਦੀ ਸੰਗਤਿ ਕਰਨਾ ਗੁਰਮਤਿ ਅੰਦਰ ਬਿਵਰਜਤ ਹੈ। ਜਿਨ੍ਹਾਂ ਨੂੰ ਪ੍ਰੀਤਮ ਵਾਹਿਗੁਰੂ ਦੇ ਦਰਸ਼ਨਾਂ ਦਾ ਚਾਉ ਹੈ, ਓਹ ਸਦਾ ਪ੍ਰੀਤਮ ਦੇ ਪਿਆਰਿਆਂ ਗੁਰਮਤਿ ਪ੍ਰੀਤ-ਰੀਤ-ਰੀਤਾਊਆਂ ਗੁਰਸਿੱਖਾਂ ਦੀ ਸੰਗਤਿ ਮੇਲ-ਮਿਲਾਪ ਵਿਚ ਰਹਿਣਾ ਹੀ ਸ੍ਰੇਸ਼ਟ ਸਮਝਦੇ ਹਨ।

(੧੬੦) **ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥**
**ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥**
**ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥੧੪॥**

*(ਸਿਰੀਰਾਗੁ ਮ: ੧, ਪੰਨਾ ੬੨)*

ਇਕ ਸਾਧ ਦੂਜੇ ਸਾਧੂ ਜਨ ਨੂੰ ਮਿਲੇ। ਇਸ ਦਾ ਸਪੱਸ਼ਟ ਭਾਵ ਇਹ ਹੈ ਕਿ ਸਾਧ ਪਦ ਤੋਂ ਮੁਰਾਦ ਏਥੇ ਸਿਖ ਦੀ ਹੈ, ਨਾ ਕਿ ਗੁਰੂ ਦੀ। ਗੁਰੂ ਰੂਪ ਸਾਧ ਤਾਂ ਇਕ ਸਮੇਂ ਅੰਦਰ ਇਕੋ ਹੋ ਸਕਦਾ ਹੈ, ਦੋ ਨਹੀਂ ਹੋ ਸਕਦੇ। ਤਾਂ ਤੇ ਸਿਖ ਸਿਖ ਨੂੰ ਮਿਲੇ। ਇਹ ਭਾਵੰ ਸਪੱਸ਼ਟ ਹੈ। ਗੁਰਮਤਿ ਅੰਦਰ ਸੋ ਸਾਧ ਹੈ ਜਿਸ ਨੇ ਸਤਿਗੁਰ ਤੋਂ ਦੀਖਿਆ ਲੈ ਕੇ, ਨਾਮ ਅਭਿਆਸ ਕਮਾਈ ਕਰ ਕੇ ਆਪਣੇ ਮਨ ਨੂੰ ਸਾਧਿਆ ਹੈ। ਐਸੇ ਗੁਰੂ-ਸਿਖ ਸਾਧੂ ਜਨਾਂ ਨਾਲ ਪ੍ਰਸਪਰ ਮਿਲ ਕੇ ਸਤਸੰਗ ਕਰਨਾ ਇਹੋ ਗੁਰੂ ਘਰ ਦਾ ਸੱਚਾ ਸਤਸੰਗ ਹੈ। ਭਾਈ ਗੁਰਦਾਸ ਜੀ ਦਾ ਵਾਕ ਹੈ—"ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥"[1] ਦੋ ਸਿੱਖਾਂ ਦੇ ਪ੍ਰਸਪਰ ਮਿਲਣ ਪਰ ਸੱਚਾ ਸਤਸੰਗ ਬਣ ਜਾਂਦਾ ਹੈ ਅਤੇ ਪੰਜਾਂ ਸਿੱਖਾਂ ਅੰਦਰ ਗੁਰੂ ਕਰਤਾਰ ਆਪ ਵਸਦਾ ਵਰਤਦਾ ਹੈ। ਇਕ ਸਿਖ ਤਾਂ ਸਾਧ ਰੂਪ ਸਿਖ ਹੀ ਹੈ, ਗੁਰੂ ਕਦੇ ਨਹੀਂ ਕਹਿਲਾ ਸਕਦਾ। ਤਾਂ ਤੇ ਗੁਰਸਿਖ ਸਾਧ ਦੂਜੇ

੧. ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯

 www.sikhbookclub.com

ਸਾਧੂ ਜਨ ਨੂੰ ਮਿਲੇ ਤਾਂ ਸੱਚੇ ਸਤਸੰਗ ਦੀ ਸੰਤੁਸ਼ਟਤਾ ਤਿਨ੍ਹਾਂ ਦੇ ਮਨ ਅੰਦਰ ਪ੍ਰਸਪਰ ਵਸਦੀ ਵਰਤਦੀ ਹੈ, ਗੁਰਮਤਿ ਭਾਇ ਕਰਿ ਵਰਤਦੀ ਹੈ। ਪ੍ਰਸਪਰ ਮਿਲ ਕੇ ਗੁਰਸਿਖ ਸਾਧ ਜਨ ਅਕੱਥ ਕਥਾ ਵੀਚਾਰਦੇ ਹਨ। ਗੁਰਮਤਿ ਅਕੱਥ ਕਥਾ ਐਸੀ ਹੈ ਜਿਸ ਨੂੰ ਵੀਚਾਰ ਕੇ ਸਤਿਗੁਰੂ ਦੇ ਸਰੂਪ ਵਿਚ ਸਮਾ ਜਾਈਦਾ ਹੈ। ਇਹ ਗੁਰੂ ਘਰ ਦੇ ਸਿਖ ਸਾਧ ਜਨ ਅੰਮ੍ਰਿਤਧਾਰੀ ਗੁਰੂ ਕੇ ਸਿੰਘ ਹੁੰਦੇ ਹਨ। ਬੇਅੰਮ੍ਰਿਤੀਏ ਤਾਂ ਸਾਧ ਹੀ ਨਹੀਂ ਹੋ ਸਕਦੇ। ਅੰਮ੍ਰਿਤ ਛਕ ਕੇ ਬਣੇ ਸਾਧਾਂ ਨੂੰ ਸੱਚੀ ਸੰਤੁਸ਼ਟਤਾ ਪ੍ਰਾਪਤ ਹੁੰਦੀ ਹੈ। ਤੈਸੇ ਅੰਮ੍ਰਿਤਧਾਰੀ ਗੁਰਸਿਖ ਸਾਧ ਜਨ ਹੀ ਸੱਚੀ ਗੁਰੂ ਦਰਗਾਹ ਗੁਰਪੁਰੀ ਸਚਖੰਡ ਵਿਖੇ ਪ੍ਰਤਿਸ਼ਟਤਾ ਸਹਿਤ ਪੈਧੇ ਜਾਂਦੇ ਹਨ, ਮੁਖ ਉਜਲਾ ਲੈ ਕੇ ਜਾਂਦੇ ਹਨ। ਜੋ ਬਿਨ ਗੁਣ ਗੁਰੂ ਬਣਿ ਬਣਿ ਬਹਿੰਦੇ ਹਨ ਓਹਨਾਂ ਨੂੰ ਸੱਚੀ ਦਰਗਾਹੇ ਧੱਕੇ ਪੈਂਦੇ ਹਨ।

(੧੬੧) **ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥**
**ਪਰਉਪਕਾਰ ਬੋਲਹਿ ਬਹੁਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ ॥੭॥੫॥**

*(ਕਲਿਆਨ ਮ: ੪, ਪੰਨਾ ੧੩੨੬)*

ਇਸ ਗੁਰਵਾਕ ਅੰਦਰ ਸਾਧੂ, ਸਾਧ, ਸੰਤ ਭਗਤ, ਇਹ ਸਾਰੇ ਪਦ ਗੁਰਸਿੱਖਾਂ ਪ੍ਰਥਾਇ ਹੀ ਵਰਤੇ ਗਏ ਹਨ। ਗੁਰਸਿੱਖਾਂ ਸਾਧੂਆਂ ਦੀ ਸੰਗਤਿ ਸਰਨੀ ਮਿਲਿਆਂ ਹਰਿ-ਰਸ ਦਾ ਸੱਚਾ ਨਚੋੜ ਨਚੋੜੀਦਾ ਹੈ। ਗੁਰਮੁਖਾਂ ਸਾਧੂਆਂ ਸੰਤਾਂ ਭਗਤਾਂ ਸਿੱਖਾਂ ਦੇ ਮੁਖਾਰਬਿੰਦ ਵਿਚ ਖਿਨ ਖਿਨ ਸੁਆਸ ਸੁਆਸ ਵਾਹਿਗੁਰੂ ਵਸਦਾ ਹੈ। ਓਹ ਜਦੋਂ ਮੁਖੋਂ ਬੋਲਦੇ ਹਨ ਤਾਂ ਅੰਮ੍ਰਿਤ-ਭਿੰਨੇ ਬਚਨ ਹੀ ਬੋਲਦੇ ਹਨ, ਜਿਨ੍ਹਾਂ ਨੂੰ ਸੁਣ ਕੇ ਸੁਣਨਹਾਰੇ ਉਧਰਦੇ ਹਨ, ਬਹੁ ਰੂਪੀ ਪਰਉਪਕਾਰੀ ਸਿਖ ਸੰਤ ਜਨਾਂ ਸੰਗ।


www.sikhbookclub.com

## ੪

# ਨਿਰਬਾਣ ਪਦ

(੧੬੨) ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥
ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ਰਹਾਉ॥
ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥ ਆਪਿ ਉਧਰੇ ਕੁਲ ਸਗਲ ਨਿਸਤਾਰੇ ॥
ਹਰਿ ਕਾ ਨਾਮੁ ਰਖਹਿ ਉਰਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥
ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥

*(ਗਉੜੀ ਗੁ. ਮ. ੩, ਪੰਨਾ ੧੬੧-੬੨)*

ਇਸ ਗੁਰਵਾਕ ਵਿਖੇ ਸਤਿਗੁਰੂ ਸੇਵਨਹਾਰੇ ਗੁਰਸਿੱਖਾਂ ਨੂੰ ਪੂਰੇ ਜਨ ਅਤੇ ਮਹਾਂ ਪੁਰਖ ਕਰਕੇ ਸਨਮਾਨਿਆ ਗਿਆ ਹੈ। ਜੋ ਸੰਤ ਪਦ ਦੇ ਸਮਸਰ ਹੀ ਦਰਜਾ ਹੈ। ਸਗੋਂ ਉਸ ਤੋਂ ਵਧੀਕ। ਪੂਰੇ ਜਨ ਮਹਾਂ ਪੁਰਖ ਸੰਤ ਜੇ ਗੁਰੂ ਘਰ ਵਿਖੇ ਨਹੀਂ ਹੋਣਗੇ ਤਾਂ ਹੋਰ ਕਿਥੇ ਹੋਣੇ ਹਨ। ਏਹਨਾਂ ਪਦਾਂ ਪਦਵੀਆਂ ਦੀ ਹੋਂਦ (ਹਸਤੀ) ਦਾ ਹੋਣਾ ਹੀ ਦੱਸਦਾ ਹੈ ਕਿ ਇਹ ਪਦਵੀਆਂ ਜ਼ਰੂਰ ਹਨ। ਐਵੇਂ ਆਵਾ ਗਉਣ ਹੀ ਇਹ ਪਦ ਨਹੀਂ ਲਿਖੇ ਗਏ। ਅਤੇ ਹਨ ਤਾਂ ਗੁਰੂ ਘਰ ਵਿਖੇ ਹੀ ਹਨ। ਗੁਰੂ ਘਰ ਤੋਂ ਬਾਹਰ ਨਹੀਂ। ਏਹਨਾਂ ਤੋਂ ਬਿਨਾਂ ਗੁਰੂ ਘਰ ਦੀ ਮਹੱਤਤਾ ਹੀ ਕੀ ਹੈ ? ਸਤਿਗੁਰੂ ਦੀ ਦ੍ਰਿੜ੍ਹਾਈ ਸੇਵਾਈ ਹੋਈ ਸੇਵਾ-ਭਗਤੀ ਚਹੁੰਆਂ ਜੁਗਾਂ ਵਿਖੇ ਹੀ ਪਰਧਾਨ ਹੈ। ਹੋਰਨਾਂ ਜੁਗਾਂ ਵਿਖੇ ਟਾਵੀਂ ਟਾਵੀਂ ਗੁਰ ਸੇਵਾ ਭਗਤੀ ਹੋਈ ਅਤੇ ਟਾਵੇਂ ਟਾਵੇਂ ਪੂਰੇ ਜਨ ਮਹਾਂ ਪੁਰਖ ਸੰਸਾਰ ਵਿਖੇ ਹੋਏ, ਕਿਉਂਕਿ ਟਾਵੇਂ ਟਾਵੇਂ ਅਵਸਰਾਂ ਤੇ ਹੀ ਗੁਰੂ ਅਕਾਲ ਪੁਰਖ ਦੀ ਨੇਤ ਅਨੁਸਾਰ ਜੁਗ ਜੁਗ ਭਗਤ ਉਪਾਏ ਗਏ। ਅਤੇ ਓਹਨਾਂ ਭਗਤਾਂ ਮਹਾਂ ਪੁਰਖਾਂ ਪੂਰੇ ਜਨਾਂ ਦੀ ਰੱਖਿਆ ਨਮਿਤ ਭੀੜੀ ਬਣੀ ਅਉਖੀ ਘੜੀ ਸਮੇਂ ਗੁਰੂ ਅਕਾਲ ਪੁਰਖ ਨੇ ਹੀ ਗੁਰੂ ਬਣ ਕੇ, ਗੁਰਤਤਾ ਦੇ ਚਮਤਕਾਰ ਦਿਖਾ ਕੇ ਵਿਰਲੇ ਵਿਰਲੇ ਮਹਾਂ ਪੁਰਖਾਂ ਭਗਤਾਂ ਪੂਰੇ ਜਨਾਂ ਨੂੰ ਗੁਰ-ਦੀਖਿਆ ਦੇ ਕੇ ਪੂਰਾ ਕੀਤਾ, ਅਤੇ ਭਗਤੀ ਭਾਵ ਮਈ ਸੇਵਾ ਭਗਤੀ ਵਿਚ ਲਾਇਆ ਅਤੇ ਗੁਰੂ ਅਕਾਲ ਪੁਰਖ ਨੇ ਹੀ ਸਮੇਂ ਸਮੇਂ ਅਨੁਸਾਰ ਨੇਤ ਅਨੇਤੀ ਸਰਗੁਣ ਸਰੂਪ ਧਾਰ ਕੇ ਤਿਨ੍ਹਾਂ ਦੀ ਸੇਵਾ ਭਗਤੀ ਥਾਇ ਪਾਈ ਅਤੇ ਪੈਜ ਪਾਲੀ। ਇਸ ਕਲਿਜੁਗ


www.sikhbookclub.com

ਵਿਖੇ ਆ ਕੇ ਤਾਂ ਗੁਰੂ ਅਕਾਲ ਪੁਰਖ ਨੇ ਲਗਾਤਾਰ ਗੁਰੂ ਦਸ ਜਾਮੇ ਧਾਰ ਕੇ ਇਸ ਭਗਤੀ ਭਾਵ ਦਾ ਹੜ੍ਹ ਹੀ ਚਲਾ ਦਿਤਾ। ਸਦੀਆਂ ਪ੍ਰਯੰਤ ਗੁਰੂ ਘਰ ਵਿਖੇ ਸੰਤ ਭਗਤ ਜਨ ਪੂਰੇ ਮਹਾਂ ਪੁਰਖ ਉਤਪੰਨ ਹੁੰਦੇ ਰਹੇ, ਅਗੇ ਨੂੰ ਹੁੰਦੇ ਰਹਿਣਗੇ। ਕਿਉਂਕਿ ਦਸਾਂ ਹੀ ਅਕਾਲ ਪੁਰਖ ਏਜ਼ਦੀ ਗੁਰ-ਜਾਮਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਜੂਦ ਵਿਚ ਹਲੂਲ ਹੋ ਕੇ ਆਉਣ ਵਾਲੇ ਜੁਗਾਂ ਲਈ ਸੰਤ ਭਗਤ ਮਹਾਂ ਪੁਰਖ ਉਪਜਾਉਣ ਦਾ ਧੁਰਵਾ ਬੰਨ੍ਹ ਦਿਤਾ। ਸਤਿਗੁਰੂ-ਜਾਮਿਆਂ ਦੇ ਸੰਸਾਰ ਵਿਖੇ ਪਰਗਟ ਹੋਣ ਦਾ ਮੁਖ ਪਰਯੋਜਨੀ ਆਦਰਸ਼ ਇਹੀ ਹੈ ਕਿ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥"[੧] ਪਰਮਾਰਥ ਜਗਿਆਸੂਆਂ ਨੂੰ ਪਹਿਲਾਂ ਜੀਅ ਦਾਨ ਮਿਲਦਾ ਹੈ ਗੁਰੂ ਦੁਆਰਿਓਂ। ਇਹ ਜੀਅ ਦਾਨ ਨਾਮ ਕਣੀ ਤਿਨ੍ਹਾਂ ਨੂੰ ਭਗਤੀ ਵਿਚ ਲਾਇ ਦਿੰਦੀ ਹੈ। ਭਗਤੀ ਵਿਚ ਅਰੂੜ ਹੋਏ ਜਗਿਆਸੂ ਸੰਤ ਜਨ ਗੁਰ ਭਗਤ ਜਨ ਦੀ ਪਦਵੀ ਨੂੰ ਪ੍ਰਾਪਤ ਹੁੰਦੇ ਹਨ। ਭਗਤੀ, ਭਗਤਿ ਕਮਾਈ ਕਰਿ ਉਹ ਜੋਤੀਸ਼ ਵਾਹਿਗੁਰੂ ਪਰਮਾਤਮ ਦੀ ਜੋਤਿ ਨਾਲ ਮਿਲ ਕੇ ਇਕ-ਮਿਕ ਹੋ ਜਾਂਦੇ ਹਨ। ਚੋਲਾ ਛਡ ਕੇ ਨਹੀਂ, ਜੀਉਂਦੇ-ਜੀ ਹੀ ਵਾਹਿਗੁਰੂ ਨਾਲ ਮਿਲ ਜਾਂਦੇ ਹਨ। ਇਸ ਬਿਧਿ ਬਿਰਦਪਾਲ ਗੁਰੂ ਦਾ "ਹਰਿ ਸਿਉ ਲੈਨਿ ਮਿਲਾਏ" ਵਾਲਾ ਮਿਸ਼ਨ ਪੂਰਾ ਹੁੰਦਾ ਹੈ, ਜੋ ਪੂਰੇ ਜਨ ਮਹਾਂ ਪੁਰਖ ਇਸ ਸੰਸਾਰ ਵਿਖੇ ਉਪਜਾਉਂਦਾ ਹੈ। ਸੰਤ ਜਨਾਂ, ਭਗਤ ਜਨਾਂ, ਮਹਾਂ ਪੁਰਖਾਂ ਦਾ ਗੁਰੂ ਘਰ ਵਿਖੇ ਨਾਬੂਦ ਹੋਣਾ ਗੁਰੂ ਘਰ ਦੀ ਮਹਾਨਤਾ ਅਤੇ ਉੱਚ ਆਦਰਸ਼ੀ ਮਹੱਤਤਾ ਨੂੰ ਨਾਬੂਦ ਕਰਦਾ ਹੈ ਅਤੇ ਗੁਰੂ ਸਾਹਿਬਾਨ ਦੇ ਇਕੋ ਇਕ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲੇ ਉੱਚੇ ਉਦੇਸ਼ੀ ਉਪਕਾਰ ਨੂੰ ਵੱਟਾ ਲਾਉਂਦਾ ਹੈ ਅਤੇ ਮਾਨ ਮਹੱਤਤਾ ਨੂੰ ਘਟਾਉਂਦਾ ਹੈ। ਤੱਤ ਗੁਰਮਤਿ ਪਰਮਾਤਮ ਮਿਲੌਨੀ ਸੰਤ ਭਗਤ ਜਨ ਗੁਰੂ ਘਰ ਵਿਖੇ ਹੁੰਦੇ ਰਹੇ ਅਤੇ ਹੁੰਦੇ ਰਹਿਣਗੇ। ਪਰ ਉਹ ਆਪਣੇ ਆਪ ਨੂੰ ਗੁਰੂ ਨਹੀਂ ਸਦਾਉਣਗੇ। ਪਾਰਗਰਾਮੀ ਭਾਈ ਬੁੱਢਾ ਜੀ ਸਦਰਸ ਭਾਈ, ਸੰਤ ਭਾਈ, ਭਗਤ ਭਾਈ ਹੀ ਬਣੇ ਰਹਿਣਗੇ। ਪਰ ਇਸ ਵਿਚ ਸੰਦੇਹ ਨਹੀਂ ਕਿ ਗੁਰ ਸੇਵਾ ਭਗਤੀ ਦੀ ਕਾਰ ਕਮਾਵਨਹਾਰੇ ਵਿਰਲੇ ਵਾਂਝੇ ਹੀ ਪੂਰੇ ਸੰਤ ਭਗਤ ਜਨ ਹੁੰਦੇ ਹਨ। ਪਰ ਹੁੰਦੇ ਜ਼ਰੂਰ ਹਨ। ਗੁਰੂ ਘਰ ਵਿਖੇ "ਪੂਰਾ ਜਨੁ ਕਾਰ ਕਮਾਵੈ ਕੋਈ" ਦੀ ਕੋਇਤਾ (ਵਿਰਲੇ-ਪਣ) ਵਾਲੇ ਪੂਰੇ ਜਨ "ਅਖੁਟੁ ਨਾਮ ਧਨੁ ਹਰਿ" ਨਾਲ ਭਰਪੁਰ-ਲੀਣੇ ਹੁੰਦੇ ਹਨ। ਤਿਨ੍ਹਾਂ ਨੂੰ ਨਾਮ ਧਨ ਦੀ ਟੋਟ ਕਦੇ ਨਹੀਂ ਆਉਂਦੀ। ਨਾਮ ਦੀ ਹੰਸਲੀ ਰਸ ਜੋਤਿ-ਤਾਰ ਛਿਨ ਛਿਨ ਓਹਨਾਂ ਦੀ ਰਗ ਰਗ ਅੰਦਰ ਰਸਦੀ ਹੀ ਰਹਿੰਦੀ ਹੈ, ਜੋ ਹਰ ਛਿਨ ਓਹਨਾਂ ਨੂੰ ਭਰਪੂਰ-ਲੀਣੇ ਵਾਹਿਗੁਰੂ ਅਮਿਓ ਜੋਤਿ ਸਰੋਵਰ ਨਾਲ ਮਿਲਾਈ ਰਖਦੀ ਹੈ। ਜਿਸ ਕਰਕੇ ਭਗਤ ਸੰਤ ਜਨ ਪੂਰੇ ਪੁਰਖ ਐਥੇ ਭੀ ਸਦਾ ਸੁਖ ਮਾਣਦੇ ਹਨ ਅਤੇ ਚੋਲਾ ਛਡ ਕੇ ਭੀ ਸੱਚੀ ਦਰਗਾਹ ਵਿਖੇ ਸੋਭਾ ਪਾਉਂਦੇ ਹਨ। ਏਹਨਾਂ ਹਰਿ-ਦਰ ਪੁੱਗ ਖਲੋਤੇ ਮਹਾਂ ਪੁਰਖਾਂ ਗੁਰਮੁਖਾਂ ਦੀ ਨਜ਼ੀਰ ਨੂੰ ਪਰਤੱਖ ਸਨਮੁਖ ਕਰ ਕੇ, ਪਰਮਾਰਥ ਦੇ ਪਰਮਾਤਮ ਮਿਲੌਨੀ ਨਵਲ ਜਗਿਆਸੂ ਜਨ ਭਗਤਿ-ਕਮਾਈਆਂ ਵਿਖੇ ਨਿਰਸੰਦੇਹ ਹੋ ਕੇ, ਸਗਲੀਆਂ ਭ੍ਰਮ ਭ੍ਰਾਂਤੀਆਂ ਤੋਂ ਪਾਰ ਪੈ ਕੇ, ਹਮਾਤਨ ਤੱਤਪਰ ਹੋ ਜਾਂਦੇ ਹਨ ਅਤੇ "ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ" ਦੇ ਗੁਰ-ਭਾਵ ਅਨੁਸਾਰ ਵਾਹਿਗੁਰੂ ਦੀ ਸੇਵਾ

੧ ਸੂਹੀ ਮ: ੫, ਪੰਨਾ ੭੪੯

ਭਗਤੀ ਦੀ ਤੱਤਪਰਤਾ ਦੇ ਕਾਰਨ ਸਦਾ ਅੰਮ੍ਰਿਤ ਰਸ ਗਟਾਕ ਪੀਣ (ਡੂੰਚਣ)-ਹਾਰੇ ਹੋ ਜਾਂਦੇ ਹਨ।

ਇਸ ਬਿਧਿ ਸਤਿਗੁਰ ਦ੍ਰਿੜ੍ਹਾਈ ਸੇਵਾ-ਭਗਤੀ ਦੇ ਪਰਮ ਪਦ ਨੂੰ ਪ੍ਰਾਪਤ ਕਰ ਕੇ ਓਹ "ਸਤਿਗੁਰ ਸੇਵਹਿ ਸੇ ਮਹਾ ਪੁਰਖ ਸੰਸਾਰੇ" ਦੇ ਭਾਵ ਅਨੁਸਾਰ ਸੰਸਾਰ ਵਿਖੇ ਮਹਾਂ ਪੁਰਖ ਪ੍ਰਸਿੱਧ ਹੋ ਜਾਂਦੇ ਹਨ। ਐਸੇ ਗੁਰਸਿਖ ਸੰਤ ਭਗਤ ਜਨ ਮਹਾਂ ਪੁਰਖ "ਆਪਿ ਉਧਰੇ ਕੁਲ ਸਗਲ ਨਿਸਤਾਰੇ" ਦੇ ਵਾਸਤਵੀ ਮਹੱਤ ਮਰਤਬੇ ਵਾਲੇ ਹੁੰਦੇ ਹਨ। ਆਪ ਉਧਰਦੇ ਹਨ ਅਤੇ ਦੂਜਿਆਂ ਨੂੰ ਉਧਾਰਦੇ ਹਨ। ਉਹਨਾਂ ਦੀ ਤੁਫ਼ੈਲ ਓਹਨਾਂ ਦੀਆਂ ਸਗਲੀਆਂ ਕੁਲਾਂ ਦਾ ਉਧਾਰ-ਨਿਸਤਾਰਾ ਹੋ ਜਾਂਦਾ ਹੈ। ਇਸ ਵਿਚ ਰੰਚਕ ਸੰਦੇਹ ਨਹੀਂ। ਸਤਿਗੁਰੂ ਦੀ ਦੀਖਿਆ ਦਾ ਦ੍ਰਿੜ੍ਹਾਇਆ ਗੁਰਮਤਿ ਨਾਮ-ਗੁਰਮੰਤ੍ਰ ਅਜਿਹੇ ਪੁਗ ਖਲੋਤੇ ਗੁਰਮੁਖਿ ਸੰਤ ਭਗਤ ਜਨ ਪੁਗੀ ਹੋਈ ਆਤਮਾ, ਅਰੂੜ ਅਵਸਥਾ ਅੰਦਰ ਭੀ "ਹਰਿ ਕਾ ਨਾਮੁ ਰਖਹਿ ਉਰਿਧਾਰੇ" ਆਪਣੇ ਹਿਰਦੇ ਅੰਦਰ ਧਾਰੀ ਰਖਦੇ ਹਨ ਅਤੇ ਅਭਿਆਸ ਜਾਰੀ ਰਖਦੇ ਹਨ। ਓਹਨਾਂ ਦੇ ਅਭਿਆਸ ਅੰਦਰ ਅਟਕਾਰ ਨਹੀਂ ਪੈਂਦੀ। ਲਗਾਤਾਰ ਲਿਵਤਾਰ ਦੀ ਨੈਂ ਵਹਿੰਦੀ ਹੀ ਰਹਿੰਦੀ ਹੈ। ਅਜਿਹੇ ਨਿਰ-ਅਟਕਾਰ ਅਭਿਆਸੀਏ ਨਾਮ ਰਤੇ ਪੂਰੇ ਸੂਰੇ ਜਨ ਹੀ ਭਵਜਲੋਂ ਪਾਰ ਪੈਂਦੇ ਹਨ। ਤਿਨ੍ਹਾਂ ਦਾ ਹੀ ਭਵ-ਸਾਗਰੋਂ ਪਾਰ-ਉਤਾਰਾ ਹੁੰਦਾ ਹੈ।

ਸਤਿਗੁਰੂ ਦ੍ਰਿੜ੍ਹਾਈ ਦੀਖਿਆਈ ਭਗਤੀ ਵਿਚ ਅਜਿਹੇ ਪੂਰੇ ਉਤਰੇ ਹੋਏ ਸੂਰੇ ਜਨ ਖਿਨ ਮਾਤਰ ਭੀ ਹਉਮੈ ਦੀ ਕਾਂਪ ਨਹੀਂ ਖਾਂਦੇ, ਸਗੋਂ "ਸਦਾ ਮਨਿ ਦਾਸਾ" ਦੇ ਭਾਵ ਅਨੁਸਾਰ ਸਗਲੇ ਗੁਰਸਿੱਖਾਂ ਦੇ ਦੀਨ ਦਾਸ ਹੀ ਬਣੇ ਰਹਿੰਦੇ ਹਨ। ਇਸ ਦਾਸਤ ਭਾਵ ਕਰਿ, ਓਹਨਾਂ ਦੀ ਹਉਮੈ ਦਾ ਉੱਕਾ ਹੀ ਬੀਜ ਨਾਸ ਹੋ ਜਾਂਦਾ ਹੈ। ਅਤੇ ਹਉਮੈ ਦਾ ਨਾਸ ਹੋ ਜਾਣ ਕਰਿ ਓਹਨਾਂ ਦੇ ਹਿਰਦੇ ਅੰਦਰਲਾ ਕਮਲ (ਜੋ ਹਉਮੈ ਦਾ ਮੀਚਿਆ ਹੋਇਆ ਸੀ) ਪ੍ਰਕਾਸ਼ਤ ਹੋ ਜਾਂਦਾ ਹੈ, ਮੂਧਿਓਂ ਸਿਧਾ ਹੋ ਜਾਂਦਾ ਹੈ ਅਤੇ ਖਿੜ ਆਉਂਦਾ ਹੈ। ਕਮਲ ਪ੍ਰਕਾਸ਼ ਹੁੰਦੇ ਸਾਰ ਹੀ "ਅਨਹਦੁ ਵਾਜੈ ਨਿਜ ਘਰਿ ਵਾਸਾ" ਵਾਲੀ ਅਨੂਪਮ ਖੇਡ ਵਰਤ ਜਾਂਦੀ ਹੈ। ਅਨਹਦ ਸ਼ਬਦ ਓਹਨਾਂ ਦੇ ਦਸਮ ਦੁਆਰ ਵਿਖੇ ਨਿਰਾਲਾ ਵਜਣ ਲਗ ਪੈਂਦਾ ਹੈ। ਇਹ ਵਾਹਿਗੁਰੂ ਦੇ ਨਿਜ ਘਰ ਵਾਸਾ ਹੋਣ ਦੀ ਪੱਕੀ ਨਿਸ਼ਾਨੀ ਹੈ। ਇਹ ਨਾਮ ਵਿਚ ਰੱਤੇ ਹੋਣ ਦੀ ਅਤਿ ਅਪਾਰ ਬਿਵਸਥਾ ਹੈ। ਇਸ ਬਿਵਸਥਾ ਨੂੰ ਮਾਣਦੇ ਹੋਏ ਓਹ ਗ੍ਰਿਹਸਤ ਵਿਚ ਰਹਿੰਦੇ ਹੋਏ ਭੀ ਜਲ-ਕਮਲ ਵਤ ਅਲੇਪ ਹੀ ਬਿਚਰਦੇ ਹਨ। ਮਾਇਆ ਤੋਂ ਉਪਰਾਮ (ਉਦਾਸ) ਹੀ ਰਹਿੰਦੇ ਹਨ। ਮਾਇਆ ਦਾ ਲੇਸ ਓਹਨਾਂ ਨੂੰ ਨਹੀਂ ਲਗਦਾ। ਅਜਿਹੇ ਪਦ ਨੂੰ ਪੁਜੇ ਹੋਏ, ਪੁਗੇ ਹੋਏ ਗੁਰਸਿਖ ਸੰਤ ਭਗਤ ਜਨ ਗ੍ਰਿਹਸਤ ਅੰਦਰ ਰਹਿਣ ਕਰਿ, ਗ੍ਰਿਹਸਤ ਦੇ ਪਾਖੰਡ-ਤਿਆਗੀ ਨਾ ਹੋਣ ਕਰਿ, ਅੰਧੀ ਦੁਨੀਆ ਦੀਆ ਨਜ਼ਰਾ ਤੋਂ ਬਚੇ ਰਹਿੰਦੇ ਹਨ, ਮਾਨ-ਮਨੌਤੀ ਦੀ ਅਖੌਤੀ ਅਖੜੌਤੀ ਵਿਚ ਨਹੀਂ ਆਉਂਦੇ। ਕਿਉਂਕਿ ਅਜਿਹੀ ਗੁਰਮਤਿ ਆਦਰਸ਼-ਸੁਦਰਸ਼ੀ ਭਾਉ ਭਗਤੀ ਦੀ ਟੀਸੀ ਵਾਲੀ ਦਸ਼ਾ ਵਿਚ ਖੇਡਦੇ ਹੋਣ ਕਰਿ ਓਹਨਾਂ ਦੀ ਸੁਰਤੀ ਨਿਵਾਣ ਨੂੰ ਉਖੜਦੀ ਹੀ ਨਹੀਂ, ਸੱਚੀ ਅਨਹਦ ਬਾਣੀ ਵਿਚ ਹੀ ਜੁੜੀ ਜੁਟੀ ਰਹਿੰਦੀ ਹੈ।

ਇਹ ਹੈ "ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ" ਦਾ ਤੱਤ ਗੁਰਮਤਿ ਭਾਵ। ਧੁਰੋਂ ਉਤਰੀ ਧੁਰ ਕੀ ਬਾਣੀ ਧੁਰ-ਧਾਮ ਪੁਜਿਆਂ ਨੂੰ ਅਨਹਦ ਤਾਰ ਵਿਚ ਦਸਮ

ਦੁਆਰੜੇ ਆ ਗੂੰਜਦੀ ਹੈ। ਅਮਰ ਅਟਾਰੜੇ ਖੇਡਦਿਆਂ ਨੂੰ ਅਮਰ ਅਟਾਰੜੀ ਧੁਰਧਾਮੀ ਬਾਣੀ ਸਚ ਸਰੂਪ ਵਿਚ ਵਿਆਖਤ ਹੁੰਦੀ ਹੈ। ਸੱਚੇ ਗੁਰ-ਭਗਤਾਂ ਨੇ ਦਸਮ ਦੁਆਰੜੇ ਬਹਿ ਕੇ ਜੁਗੋ ਜੁਗ ਆਖਿ ਵਖਾਣੀ ਹੈ ਇਹ ਅਨਹਤ ਅੰਮ੍ਰਿਤ ਬਾਣੀ, ਜੋ ਗੁਰੂ ਸਾਹਿਬਾਨ ਨੇ ਪਰਗਟ ਸਰੂਪ ਵਿਚ ਧੁਰੋਂ ਲਿਆਂਦੀ ਹੈ। ਜਗ ਵਿਚ ਜੀਊਂਦੇ ਹੋਏ ਭੀ ਧੁਰਧਾਮ ਪੁਜੇ ਰਹਿੰਦੇ ਹਨ। ਅਨਹਦ ਬਾਣੀ ਬੁਲਾਂਦੇ ਬਜਾਂਦੇ ਰਹਿੰਦੇ ਹਨ ਅਤੇ ਚੋਲਾ ਛਡ ਕੇ ਭੀ ਸਚਖੰਡ ਵਾਸੀ ਹੁੰਦਿਆਂ ਹੋਇਆਂ ਭੀ, ਗੁਰੂ ਕਰਤਾਰ ਦੇ ਦਰਬਾਰ ਸੋਹਿੰਦੇ ਹੋਇਆਂ ਭੀ, ਗੁਰੂ ਕਰਤਾਰ ਦੇ ਦਰਬਾਰ ਸੋਹਿੰਦੇ ਸਦਾ ਸਦਾ ਏਸੇ ਅਨਹਤ ਬਾਣੀ ਦੀ ਸਿਫਤ ਸਾਲਾਹ ਕਰਦੇ ਰਹਿੰਦੇ ਹਨ। ਇਹ ਹੈ ਸੱਚਾ ਨਿਰਬਾਣ ਪਦ, ਜੋ ਇਸ ਪ੍ਰਕਾਰ ਦੀ ਦਸ਼ਾ ਦੇ ਨਾਮ-ਰਤੜਿਆਂ ਗੁਰਮੁਖਾਂ ਸੰਤਾਂ ਭਗਤਾਂ ਪੁਗ ਖਲੋਤੇ ਪੂਰੇ ਜਨਾਂ ਗੁਰਸਿੱਖਾਂ ਮਹਾਂ ਪੁਰਖਾਂ ਨੂੰ ਪ੍ਰਾਪਤ ਹੁੰਦਾ ਹੈ। ਬਸ, ਕੇਵਲ ਨਾਮ ਰਤੇ ਹੀ ਨਿਰਬਾਣੀ ਜਨ ਹਨ। ਗੁਰੂ ਨਾਨਕ ਸਾਹਿਬ ਇਸ ਅਮਰ ਦੀ ਸੱਚੀ ਸਾਖਾ ਭਰਦੇ ਹਨ—"ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ॥"

## ੫

# ਹਰਿ ਕੇ ਲੋਗ

(੧੬੩) ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ ਵਤਾਵੈ ॥
ਗੁਰਮੁਖਿ ਸਾਧ ਸੇਈ ਪ੍ਰਭ ਭਾਏ ਕਰਿ ਕਿਰਪਾ ਆਪਿ ਮਿਲਾਵੈ ॥੧॥
ਰਾਮ ਮੋਕਉ ਹਰਿ ਜਨ ਮੇਲਿ ਮਨਿ ਭਾਵੈ ॥
ਅਮਿਉ ਅਮਿਉ ਹਰਿ ਰਸੁ ਹੈ ਮੀਠਾ ਮਿਲਿ ਸੰਤ ਜਨਾ ਮੁਖਿ ਪਾਵੈ ॥੧॥ਰਹਾਉ॥
ਹਰਿ ਕੇ ਲੋਗ ਰਾਮ ਜਨ ਊਤਮ ਮਿਲਿ ਊਤਮ ਪਦਵੀ ਪਾਵੈ ॥
ਹਮ ਹੋਵਤ ਚੇਰੀ ਦਾਸ ਦਾਸਨ ਕੀ ਮੇਰਾ ਠਾਕੁਰੁ ਖੁਸੀ ਕਰਾਵੈ ॥੨॥
ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥
ਮੋਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ ਹਰਿ ਸੰਤ ਪਗੀ ਲੇ ਪਾਵੈ ॥
ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ ॥੪॥੩॥

*(ਰਾਮਕਲੀ ਮ: ੪, ਪੰਨਾ ੮੮੧)*

ਇਸ ਗੁਰਵਾਕ ਵਿਖੇ ਹਰਿ ਕੇ ਸਖਾ, ਸਾਧ ਜਨ, ਗੁਰਮੁਖਿ ਸਾਧ, ਹਰਿ ਜਨ, ਸੰਤ ਜਨ, ਹਰਿ ਕੇ ਲੋਗ, ਰਾਮ ਜਨ ਊਤਮ, ਦਾਸ ਦਾਸਨ, ਸੇਵਕ ਜਨ ਸਾਰੇ ਪਦ ਬਹੁ-ਵਚਨ ਵਿਚ ਉਚਰੇ ਗਏ ਹਨ। ਸੋ ਸਭ ਗੁਰਸਿੱਖਾਂ ਪ੍ਰਥਾਇ ਘਟਦੇ ਹਨ, ਗੁਰੂ ਪ੍ਰਥਾਇ ਨਹੀਂ ਘਟਦੇ। ਗੁਰੂ ਪੰਥ ਸਿੱਖਾਂ ਸਾਧ ਜਨਾਂ ਦਾ ਸਮੂਹ ਹੈ। ਹਰਿ ਕੇ ਲੋਗ, ਹਰਿ ਕੇ ਸਖਾ, ਸਾਧ ਜਨ, ਊਤਮ ਰਾਮ ਜਨ ਗੁਰੂ ਪੰਥ ਵਿਖੇ ਹੀ ਉਤਪੰਨ ਹੁੰਦੇ ਹਨ। ਗੁਰ-ਸੇਵਾ-ਭਗਤੀ ਕਰਨਹਾਰੇ ਸਿਖ ਸੇਵਕ ਜਨ ਗੁਰੂ ਪੰਥ ਦਾ ਹੀ ਅੰਗ ਹਨ। ਆਨਮਤਾਂ ਦੇ ਭੇਖੀ ਸੰਤਾਂ ਸਾਧਾਂ ਦਾ ਏਥੇ ਵਰਣਨ ਨਹੀਂ ਕੀਤਾ। ਗੁਰੂ ਘਰ ਦੇ ਸਿਖ ਸਾਧ ਸੰਤ ਜਨ ਭੇਖੀਆਂ ਦੀ ਨਿਆਈਂ ਕੁਛ ਬਣਿ ਬਣਿ ਨਹੀਂ ਬਹਿੰਦੇ, ਸਗੋਂ ਸਮੂਹ ਸਿੱਖਾਂ ਦੇ ਦਾਸਨ ਦਾਸ ਹੋਇ ਹੋਇ ਰਹਿੰਦੇ ਹਨ ਤੇ ਹਰਿ ਦੇ ਪੰਨੇ ਪਏ ਗੁਰਮੁਖਿ ਸਿਖ "ਹਰਿ ਕੇ ਸਖਾ ਸਾਧ ਜਨ" ਅਜਿਹੇ ਭਲੇ ਨੀਕੇ ਹਨ ਕਿ ਜਿਨ੍ਹਾਂ ਦੀ ਭਲਿਆਈ ਤੇ ਨੀਕਾਪਨ ਦਾਸਨ ਦਾਸ ਹੋਇ ਰਹਿਣ ਵਿਚ ਹੀ ਹੈ। ਦਾਸਨ ਦਾਸ ਹੋਇ ਰਹਿਣ ਦੀ ਗੁੜ੍ਹਤੀ ਤਿਨ੍ਹਾਂ ਨੂੰ ਹਰਿ-ਗੁਰ-ਦਰਗਾਹ ਤੋਂ ਮਿਲੀ ਹੋਈ ਹੁੰਦੀ ਹੈ, ਜੋ ਓਹਨਾਂ ਨੂੰ ਵਡ-ਫੂਲੇ ਅਹੰ-ਗਤੂਲੇ ਨਹੀਂ ਬਣਨ ਦਿੰਦੀ। ਓਹਨਾਂ ਦੇ ਸਿਰ ਉਪਰ ਗੁਰੂ ਕਰਤਾਰ ਦਾ ਹੱਥ ਛੱਤਰ ਵਤ ਛਾਇਆ ਰਹਿੰਦਾ ਹੈ, ਓਹਨਾਂ ਨੂੰ ਬਫਣ-ਬਫਾਉਣ ਦੀ ਗੁਮਰਾਹੀ ਵਿਚ ਪੈਣ ਨਹੀਂ ਦਿੰਦਾ। ਸੋਈ ਬਫਣ-ਬਫਾਈ ਤੋਂ ਰਹਿਤ 'ਗੁਰਮੁਖਿ ਸਾਧ' ਸਿਖ ਜਨ ਵਾਹਿਗੁਰੂ ਨੂੰ ਭਾਏ ਹਨ। ਤਿਨ੍ਹਾਂ ਵਾਹਿਗੁਰੂ ਨੂੰ ਭਾਇਆਂ ਗੁਰਸਿੱਖਾਂ ਦਾ ਮੇਲ ਤਿਨ੍ਹਾਂ

ਨੂੰ ਹੀ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉਪਰ ਗੁਰੂ ਕਰਤਾਰ ਦੀ ਖ਼ਾਸ ਕਿਰਪਾ ਹੁੰਦੀ ਹੈ। ਐਸੇ ਹਰਿ ਜਨਾਂ ਦੇ ਮਨ-ਭਾਉਂਦੇ ਮੇਲ ਦੀ ਬਾਂਛਾ ਹਰ ਇਕ ਨੂੰ ਹੋਣੀ ਲੋੜੀਐ। ਐਸੇ ਸੰਤ ਜਨਾਂ ਨੂੰ ਮਿਲ ਕੇ ਹੀ ਜੋ "ਅਮਿਉ ਅਮਿਉ ਹਰਿ ਰਸੁ ਹੈ ਮੀਠਾ" ਸੋ ਮੁਖ ਵਿਚ ਪਾਈਦਾ ਹੈ। ਅਜਿਹੇ "ਰਾਮ ਜਨ ਉਤਮ" ਹਰਿ ਕੇ ਲੋਗਾਂ ਨੂੰ ਮਿਲ ਕੇ ਹੀ ਉਤਮ ਪਦਵੀ ਪਾਈਦੀ ਹੈ। ਇਹ ਉਤਮ ਜਨ ਹੀ ਹਰਿ ਕੇ ਸੱਚੇ ਦਾਸ ਹਨ। ਐਸੇ ਦਾਸਾਂ ਦਾ ਦਾਸ ਜੋ ਜਨ ਮਨ ਬਚ ਕਰਮ ਕਰਕੇ ਹੋਵੰਦਾ ਹੈ, ਤਿਸ ਊਪਰ ਪੂਜਯ ਠਾਕੁਰ ਵਾਹਿਗੁਰੂ ਦੀਆਂ ਸੁਪ੍ਰਸੰਨਤਾ-ਮਈ ਖ਼ੁਸ਼ੀਆਂ ਹੁੰਦੀਆਂ ਹਨ।

ਜਿਹੜੇ ਸੇਵਕ ਜਨ ਵਡਭਾਗੀ ਵਾਹਿਗੁਰੂ ਦੀ ਸੇਵਾ-ਭਗਤੀ ਕਰਦੇ ਹਨ, ਤਿਨ੍ਹਾਂ ਦੀ ਰਿਦੇ ਮਨ ਤਨ ਕਰਕੇ ਵਾਹਿਗੁਰੂ ਨਾਲ ਸੱਚੀ ਪ੍ਰੀਤਿ ਹੋਇ ਆਵੰਦੀ ਹੈ। ਜਿਨ੍ਹਾਂ ਦੇ ਹਿਰਦੇ ਅੰਦਰ, ਮਨ ਤਨ ਅੰਦਰ ਸੱਚੀ ਪ੍ਰੀਤਿ ਨਹੀਂ, ਬਿਨ ਪ੍ਰੀਤੀ ਤਿਨ੍ਹਾਂ ਦੀ ਸੇਵਾ-ਭਗਤੀ ਕਿਤੇ ਥਾਇ ਨਹੀਂ ਪੈਂਦੀ। ਓਹ ਕੂੜਾਵੀ ਬਗਲਾ-ਭਗਤੀ ਦਾ ਪਾਖੰਡ ਰਚਦੇ ਹਨ ਅਤੇ ਕੂੜ ਬੋਲਦੇ ਹਨ ਕਿ ਉਹ ਭਗਤੀ ਕਰਦੇ ਹਨ। ਸੱਚੀ ਪ੍ਰੀਤਿ-ਭਗਤੀ ਕਰਨ ਵਾਲਿਆਂ ਨੂੰ ਆਪਣਾ ਆਪ ਜਣਾਉਣ ਦੀ ਲੋੜ ਨਹੀਂ ਹੁੰਦੀ। ਮੁਖੋਂ ਕੂੜ ਬੋਲਿ ਬੋਲਿ ਕੂੜ-ਭਗਤੀ ਜਣਾਉਣ ਵਾਲਿਆਂ ਨੂੰ ਕੂੜ ਦਾ ਫਲ ਹੀ ਪ੍ਰਾਪਤ ਹੁੰਦਾ ਹੈ। ਜਗਜੀਵਨ-ਦਾਤੇ ਦੀ ਜਿਨ੍ਹਾਂ ਉਪਰ ਕਿਰਪਾ ਹੁੰਦੀ ਹੈ, ਤਿਨ੍ਹਾਂ ਨੂੰ ਸੱਚੀ ਭਗਤੀ ਵਾਲੇ ਸੱਚੇ ਸੰਤਾਂ ਭਗਤਾਂ ਦੀ ਪਗੀਂ ਪੈਣ, ਸ਼ਰਨੀ ਢਹਿਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਐਸੀ ਸੱਚੀ ਭਾਉ-ਭਗਤੀ ਵਾਲੇ ਨਾਮ ਰੱਤੜੇ ਸੰਤ ਜਨਾਂ ਦੇ ਅਗੇ ਸੀਸ ਕੱਟ ਵੱਢ ਕੇ ਭੇਟ ਚੜ੍ਹਾ ਦਿਤਾ ਜਾਵੇ ਤਾਂ ਭੀ ਥੋੜਾ ਹੈ। ਗੁਰੂ ਨਾਨਕ ਸਾਹਿਬ ਕੈਸੀ ਸੁੰਦਰ ਪ੍ਰੇਮ ਭੇਟਾਇਣ ਕੁਰਬਾਨੀ ਕਰਨ ਨੂੰ ਤੱਤਪਰ ਹਨ। ਨਾਮ-ਰਸੀਅੜੇ ਭਗਤ ਜਨ ਸੇਵਕ ਦਾਸ ਦੀ ਸਵਾਰੀ ਲਈ ਸੀਸ ਦਾ ਅਰਾਕਾ ਬਣਾਉਣ ਨੂੰ ਤਿਆਰ ਹਨ, ਜਿਸ ਦੇ ਉਪਰ ਕਿ ਸੰਤ ਜਨ ਚੜ੍ਹ ਕੇ ਬਿਚਰੇ, ਪੈਦਲ ਨਾ ਤੁਰੇ, ਕੈਸੀ ਕਦਰ-ਕਦਰਾਈ ਹੈ ਸ੍ਰੀ ਗੁਰੂ ਸਾਹਿਬ ਨੂੰ ਸੱਚੀ ਭਗਤੀ ਵਾਲੇ ਨਾਮ-ਰਤੜੇ ਗੁਰਸਿਖ ਸੇਵਕ ਜਨਾਂ ਸੰਤਾਂ ਦੀ। ਸੋ ਇਸ ਸਮੱਗਰ ਗੁਰਵਾਕ ਅੰਦਰ ਗੁਰੂ ਘਰ ਦੇ ਅਜਿਹੇ ਅਨਿੰਨ ਸੇਵਕਾਂ ਦੀ ਹੀ ਮਹਿਮਾ ਗਾਈ ਹੈ।

(੧੬੪) ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥
ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥
ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥
ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥
ਆਪੇ ਕਰੇ ਕਰਾਏ ਪ੍ਰਭੁ ਆਪੇ ਆਪੇ ਨਦਰਿ ਕਰੇਇ ॥
ਮਨੁ ਤਨੁ ਰਾਤਾ ਗੁਰ ਕੀ ਬਾਣੀ ਸੇਵਾ ਸੁਰਤਿ ਸਮੇਇ ॥
ਅੰਤਰਿ ਵਸਿਆ ਅਲਖ ਅਭੇਵਾ ਗੁਰਮੁਖਿ ਹੋਇ ਲਖਾਇ ॥
ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ ॥੪॥੫॥

*(ਮਲਾਰ ਮ: ੩, ਪੰਨਾ ੧੨੫੯)*

ਜਿਹੜੇ ਗੁਰਮੁਖਿ ਜਨ ਗੁਰ ਕਾ ਸ਼ਬਦ ਗੁਰਮੰਤ੍ਰ ਸਿਮਰ ਵੀਚਾਰ ਉਰਿ ਧਾਰ ਕੇ ਨਾਮ-ਰਤੜੇ ਹੋ ਗਏ ਹਨ, ਤਿਨ੍ਹਾਂ ਦਾ ਹੀ ਉਧਾਰ ਹੁੰਦਾ ਹੈ। ਤਿਨ੍ਹਾਂ ਨੇ ਲਗਾਤਾਰ ਨਾਮ ਧਿਆਇ ਕੇ ਹਰਿ ਉਰਿ ਧਾਰ ਕੇ ਜੀਵਨ-ਮੁਕਤਿ ਪਦਵੀ ਨੂੰ ਪਾਇਆ ਹੈ। ਤਿਨ੍ਹਾਂ

ਜੀਵਨ-ਮੁਕਤਿ ਗੁਰਸਿੱਖਾਂ ਗੁਰਮੁਖਿ ਜਨਾਂ ਦਾ ਮਨ ਤਨ ਨਿਰਮਲ ਹੋ ਗਿਆ ਹੈ ਅਤੇ ਮਤਿ ਬੁਧੀ ਭੀ ਤਿਨ੍ਹਾਂ ਦੀ ਨਿਰਮਲ ਸੁਧ ਅਤੇ ਉੂਤਮ ਹੋ ਗਈ ਹੁੰਦੀ ਹੈ, ਕਿਉਂਕਿ ਤਿਨ੍ਹਾਂ ਦੇ ਮੁਖ ਮਨ ਹਿਰਦੇ ਅੰਦਰ ਨਿਸ ਬਾਸਰ ਨਾਮ ਅਭਿਆਸ-ਮਈ ਉੂਤਮ ਬਾਣੀ ਦਾ ਨਿਵਾਸ ਰਹਿੰਦਾ ਹੈ। ਓਹ ਏਕੋ ਅਕਾਲ ਪੁਰਖ ਦੇ ਹੀ ਅਨਿੰਨ ਉਪਾਸ਼ਕ ਅਤੇ ਸੱਚੇ ਆਸ਼ਕ ਹੁੰਦੇ ਹਨ। ਅਕਾਲ ਪੁਰਖ ਤੋਂ ਛੁਟ ਦੂਜੇ ਹੋਰ ਕਿਸੇ ਦੇਵੀ ਦੇਵਤੇ ਉਪਰ ਓਹਨਾਂ ਦੀ ਨੇਸ਼ਟਾ ਨਹੀਂ ਹੁੰਦੀ। ਇਕ ਅਕਾਲ ਪੁਰਖ ਦਾ ਅਪ੍ਰੋਕਸ਼ ਗਿਆਨ ਓਹਨਾਂ ਦੇ ਸਾਮ੍ਹੇ ਹੋਣ ਕਰਿ ਦੁਤੀਆ ਦੀ ਉਪਾਸ਼ਨਾ ਵਿਚ ਓਹਨਾਂ ਨੂੰ ਮੂਲੋਂ ਨਹੀਂ ਪੈਣ ਦਿੰਦਾ। ਓਹਨਾਂ ਦੀ ਡੋਰੀ ਇਕ ਅਕਾਲ ਪੁਰਖ ਉਤੇ ਹੀ ਬੱਝੀ ਹੋਈ ਹੁੰਦੀ ਹੈ। ਕਰਨ ਕਰਾਵਨ ਇਕੋ ਅਕਾਲ ਪੁਰਖ ਨੂੰ ਹੀ ਓਹਨਾਂ ਸਚ ਕਰਿ ਜਾਤਾ ਹੈ। ਉਸ ਦੀ ਨਦਰ ਮਿਹਰ ਤੇ ਹੀ ਓਹ ਸ਼ਾਕਰ ਰਹਿੰਦੇ ਹਨ। ਮਨ ਤਨ ਓਹਨਾਂ ਦਾ ਅਹਿਨਿਸ ਗੁਰ ਕੀ ਬਾਣੀ ਵਿਚ ਰਤਾ ਰਹਿੰਦਾ ਹੈ। ਸ਼ਬਦ ਅਭਿਆਸ ਮਈ ਭਗਤਿ-ਕਮਾਈ ਵਿਚ ਹੀ ਤਿਨ੍ਹਾਂ ਦੀ ਸੁਰਤਿ ਸਮਾਈ ਰਹਿੰਦੀ ਹੈ। ਓਹਨਾ ਦੇ ਅੰਤਰ ਆਤਮੇ ਅਲਖ ਅਭੇਵ ਪਰਮਾਤਮਾ ਵਸਿਆ ਰਸਿਆ ਰਹਿੰਦਾ ਹੈ, ਜਿਸ ਨੂੰ ਹੋਰ ਕੋਈ ਨਹੀਂ ਲਖ ਸਕਦਾ। ਤਿਨ੍ਹਾਂ ਜੈਸਾ ਗੁਰਮੁਖਿ ਹੋਵੇ ਸੋ ਲਖੇ।

ਦਾਤੇ ਦੀ ਦਾਤਿ ਹੈ, ਜਿਸ ਨੂੰ ਆਪੇ ਦੇਵੇ ਤਿਸ ਨੂੰ ਹੀ ਮਿਲਦੀ ਹੈ। ਜਿਸ ਨੂੰ ਆਪੇ ਜਰਾਵੇ ਸੋਈ ਇਸ ਨੂੰ ਜਰਦੇ ਹਨ। ਇਸ ਉਪਰ ਨਿਰੂਪਨ ਕੀਤੀ ਬਿਰਤੀ ਵਾਲੇ ਗੁਰਮੁਖਿ ਜਨ ਗੁਰੂ ਕੇ ਸਿਖ ਹੀ ਹਨ, ਜੋ ਗੁਰੂ ਘਰ ਵਿਖੇ ਅਨੇਕਾਂ ਹਨ, ਪਰ ਗੁਪਤ ਵਰਤਦੇ ਹਨ। ਇਹ ਉਚ ਆਤਮ ਬਿਵਸਥਾ ਗੁਰੂ ਕੇ ਸਿਖਾਂ ਪਰ ਹੀ ਘਟਾਈ ਗਈ ਹੈ। ਤਿਨ੍ਹਾਂ ਨੂੰ ਸੰਤ ਕਹਿਣਾ ਕੋਈ ਮੇਹਣਾ ਨਹੀਂ। ਨਾ ਹੀ ਅਯੋਗ ਪਦ ਦੇਣਾ ਹੈ। ਗੁਰੱਤ ਬਿਵਸਥਾ ਤਾਂ ਏਦੂੰ ਅਤਿ ਉਚੇਰੀ ਅਤੇ ਵਿਲੱਖਣ ਹੈ। ਤਾਂ ਤੇ ਉਪਰ ਘਟਾਈ ਘਟਨਾ ਗੁਰੂ ਪਦਵੀ ਉਪਰ ਨਹੀਂ ਘਟਦੀ। ਗੁਰੂ ਦੇ ਆਸਰੇ ਗੁਰਸਿਖ ਹੀ ਇਸ ਪਦ ਮਹੱਤ ਦੇ ਭਾਗੀ, ਇਸ ਉਪਰਲੇ ਵਾਕ ਅੰਦਰ ਦਰਸਾਏ ਗਏ ਹਨ।

(੧੬੫) **ਹਰਿ ਚਰਨ ਸਰਣ ਗੜ ਕੋਟ ਹਮਾਰੈ ॥ ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥**
**ਨਾਨਕ ਦਾਸ ਸਦਾ ਬਲਿਹਾਰੀ ॥ ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥**
*(ਸੂਹੀ ਮ: ੫, ਪੰਨਾ ੭੪੨)*

ਵਾਹਿਗੁਰੂ ਅਕਾਲ ਪੁਰਖ ਦੀ ਜੋ ਚਰਨ ਸ਼ਰਨ ਹੈ, ਚਰਨ ਸ਼ਰਨ ਨਿਵਾਸੀ ਗੁਰਮੁਖਿ ਅਭਿਆਸੀ ਜਨਾਂ ਦਾ ਓਹੋ ਗੜ੍ਹ ਕੋਟ ਕਿਲ੍ਹਾ ਹੈ, ਜਿਸ ਗੜ੍ਹ ਕੋਟ ਕਿਲ੍ਹੇ ਨੂੰ ਕਾਲ ਕੰਟਕ ਜਮ ਕਦੇ ਭੀ ਬਿਦਾਰ ਨਹੀਂ ਸਕਦਾ, ਮਿਸਮਾਰ ਨਹੀਂ ਕਰ ਸਕਦਾ। ਐਸੇ ਰਾਜਾ ਰਾਮ ਮੁਰਾਰੀ ਦੇ ਸੇਵਕ ਸੰਤ ਜਨਾਂ ਵਿਟਹੁੰ ਨਾਨਕ ਦਾਸ ਸਦਾ ਬਲਿਹਾਰੀ ਹੈ। ਇਹ ਸੇਵਕ ਸੰਤ ਗੁਰੂ ਕੇ ਸਿਖ ਹੀ ਹਨ, ਹੋਰ ਨਹੀਂ।

(੧੬੬) **ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥**
**ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥**
**ਰਾਮ ਜਨ ਗੁਰਮਤਿ ਰਾਮੁ ਬੋਲਾਇ ॥**
**ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ਰਹਾਉ॥**

 www.sikhbookclub.com

**ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥
ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੂਖੁ ਲਹਿ ਜਾਇ ॥੨॥
ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ ॥
ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥
ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥
ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥੪॥
ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ ॥
ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥੫॥੨॥**

*(ਰਾਮਕਲੀ ਮ: ੪, ਪੰਨਾ ੯੮੦-੮੧)*

ਇਸ ਗੁਰਵਾਕ ਵਿਖੇ ਰਾਮ ਜਨਾਂ, ਰਾਮ ਜਨ, ਸੰਤ ਤੇ ਜਨ ਆਦਿਕ ਜਿਤਨੇ ਭੀ ਪਦ ਆਉਂਦੇ ਹਨ, ਸਭ ਸਿੱਖਾਂ ਪ੍ਰਥਾਇ, ਗੁਰੂ ਕੇ ਸਿੱਖਾਂ ਪ੍ਰਥਾਇ ਘਟਦੇ ਹਨ। ਬਹੁ-ਵਚਨ ਹੋਣ ਕਰਕੇ ਗੁਰੂ ਪ੍ਰਥਾਇ ਨਹੀਂ ਘਟ ਸਕਦੇ। ਸਾਫ਼ ਵਰਣਨ ਹੈ ਕਿ "ਰਾਮ ਜਨਾ ਮਿਲਿ ਭਇਆ ਅਨੰਦਾ" ਹਰਿ ਕੀ ਅਕੱਥ ਕਥਾ ਗੁਰਬਾਣੀ ਦਾ ਪਾਠ ਕੀਰਤਨ ਸੁਣਾਉਣਹਾਰੇ ਰਾਮ ਜਨਾਂ ਸੰਤਾਂ ਸਿੱਖਾਂ ਨੂੰ ਮਿਲ ਕੇ ਖ਼ਾਸੁਲ ਖ਼ਾਸ ਅਨੰਦ ਆਉਂਦਾ ਹੈ। ਤਿਨ੍ਹਾਂ ਦੀ ਸੰਗਤਿ ਵਿਚ ਮਿਲ ਕੇ ਗੁਰਬਾਣੀ ਦਾ ਪਾਠ ਕੀਰਤਨ ਮਈ ਨੀਕੀ ਕਥਾ ਸੁਣ ਕੇ ਸੁਣਨਹਾਰਿਆਂ, ਸਤਸੰਗਤਿ ਕਰਨਹਾਰਿਆਂ ਦੀ ਦੁਰਮਤਿ ਮੈਲ ਸਭ ਨਿਕਲ ਜਾਂਦੀ ਹੈ ਅਤੇ ਸੱਚੀ ਸੁਧ, ਗੁਰਮਤਿ ਬੁਧਿ ਪ੍ਰਾਪਤ ਹੁੰਦੀ ਹੈ। ਗੁਰੂ ਘਰ ਦੇ ਗੁਰਸਿਖ ਰਾਮ ਜਨ ਗੁਰਮਤਿ ਨਾਮ ਦਾ ਅਖੰਡਾਕਾਰ ਅਭਿਆਸ ਖੰਡਾ ਖੜਕਾ ਕੇ ਅਜੱਪਾ ਜਾਪ ਕਰਦੇ ਹਨ, ਨਿਰਭੈ ਹੋ ਕੇ ਬੈਖਰੀ ਬਾਣੀ ਦੁਆਰਾ ਉਚੀ ਬੋਲ ਕੇ ਜਾਪ ਕਰਦੇ ਹਨ। ਆਪ ਹੀ ਨਾਮ-ਬਕਤੇ ਹੋ ਕੇ ਗੁਰਮਤਿ ਰਾਮ ਨਾਮ ਬੋਲ ਕੇ ਉੱਚੀ ਉੱਚੀ ਕਹਿੰਦੇ ਹਨ ਅਤੇ ਆਪੇ ਹੀ ਸ੍ਰੋਤੇ ਹੋ ਕੇ ਸ਼ਬਦ ਸੁਰਤਿਆਂ ਵਾਲੀ ਸੁਰਤੀ ਨਾਲ ਸੁਣਦੇ ਹਨ। ਇਸ ਬਿਧਿ ਓਹ ਅਭਿਆਸ ਕਰਦੇ ਬੜੇ ਹੀ ਸੋਂਹਦੇ ਹਨ। ਜਿਨ੍ਹਾਂ ਦੇ ਮੁਖ ਮਸਤਕ ਵਿਖੇ ਵਡੜੇ ਭਾਗ ਅੰਕੁਤ ਹੁੰਦੇ ਹਨ, ਓਹ ਸ਼ਰਧਾ ਸੇਤੀ ਤਿਨ੍ਹਾਂ ਅਭਿਆਸੀ ਰਾਮ ਜਨਾਂ ਨੂੰ ਆਇ ਭੇਟਦੇ ਹਨ, ਦਰਸ਼ਨ ਮੁਲਾਕਾਤ ਆਇ ਕਰਦੇ ਹਨ। ਜਿਨ੍ਹਾਂ ਨੂੰ ਕਿਰਪਾ ਕਰਿ ਸੰਤ ਰਾਮ ਜਨ ਨਿਕਟੀ ਸਮੀਪੀ ਦਰਸ਼ਨ ਦੇਵੰਦੇ ਹਨ ਤਿਨ੍ਹਾਂ ਦਾ ਸਭ ਦੁਖ ਦਲਿਦਰ ਲਹਿ ਜਾਂਦਾ ਹੈ।

ਹਰਿ ਕੇ ਲੋਗ, ਰਾਮ ਜਨ (ਰਾਮ-ਰਤੜੇ ਗੁਰਸਿਖ ਜਨ) ਤਾਂ ਅਤਿ ਨੀਕੇ ਸੋਹਣੇ ਗੁਰਮੁਖਿ ਨਿਮਰੀ ਸੁਭਾਵ ਵਾਲੇ ਹੁੰਦੇ ਹਨ, ਪਰ ਭਾਗਹੀਣਾਂ ਨੂੰ ਓਹ ਸੁਖਾਉਂਦੇ ਭਾਉਂਦੇ ਨਹੀਂ। ਜਿਉਂ ਜਿਉਂ ਇਹ ਰਾਮ ਜਨ ਨਾਮ ਮਸਤਾਮ ਅਭਿਆਸੀ ਸਿਖ ਸੰਤ ਜਨ ਨਾਮ ਵਿਚ ਮਸਤੂਲ ਮਸਤ ਹੋ ਕੇ ਉੱਚੀ ਉੱਚੀ ਨਾਮ ਦਾ ਸੁਆਸ ਅਭਿਆਸਾਕਾਰ ਖੰਡਾ ਖੜਕਾਉਂਦੇ ਹਨ ਅਤੇ ਅਜੱਪਾ ਜਾਪੀ ਬਿਲੋਵਨਾ ਬਿਲੋਵੰਦੇ ਹਨ ਤਿਉਂ ਤਿਉਂ ਨਿੰਦਕਾਂ ਨਰਾਂ ਨੂੰ (ਜਿਨ੍ਹਾਂ ਨੂੰ ਨਾਮ-ਭਗਤੀ ਸੁਖਾਉਂਦੀ ਨਹੀਂ, ਨਾ ਨਾਮ ਜਪਣਹਾਰੇ ਭਗਤ ਭਾਉਂਦੇ ਹਨ) ਡੰਗ ਵਜਦਾ ਹੈ। ਤਿਨ੍ਹਾਂ ਦੇ ਅੰਦਰ ਖੁਣਸ ਈਰਖਾ ਦੀ ਅਣਹੋਈ ਚੋਭ ਚੁਭਦੀ ਹੈ, ਜੋ ਮਿਟਾਈ ਮਿਟਦੀ ਨਹੀਂ। ਓਹ ਆਪਣੀ ਬੁਰੀ ਧੋ ਅਨੁਸਾਰ ਸਾਰਿਆਂ ਪਾਸ ਨਾਮ ਅਭਿਆਸੀ ਖੜਗ ਖੜਕਾਸੀ ਜਨਾਂ ਦੀ ਬਦਖੋਈ ਕਰਦੇ ਫਿਰਦੇ ਹਨ।


www.sikhbookclub.com

ਫੇਰ ਭੀ ਓਹਨਾਂ ਦੀ ਈਰਖਾ-ਅੱਗ ਬੁਝਾਈ ਬੁਝਦੀ ਨਹੀਂ। ਗੁਰੂ ਮਹਾਰਾਜ ਫ਼ੁਰਮਾਉਂਦੇ ਹਨ ਕਿ ਅਨਿਕ ਵਾਰ ਧ੍ਰਿਕਾਰ ਹੈ ਅਜਿਹੇ ਨਰ ਨਿੰਦਕਾਂ ਉਤੇ, ਜਿਨ੍ਹਾਂ ਨੂੰ ਗੁਰੂ ਕੇ ਸਿਖ ਸਖਾ ਬੰਧਪ ਭਾਈ ਹਰਿ ਕੇ ਸੰਤ ਜਨ ਨਹੀਂ ਭਾਏ। ਸਤਿਗੁਰੂ ਕਰਤਾਰ ਵਾਹਿਗੁਰੂ ਨੂੰ ਤਾਂ ਆਪਣੇ ਸੰਤ ਭਗਤ ਜਨਾਂ ਦੀ ਵਡਿਆਈ ਭਾਉਂਦੀ ਹੈ, ਇਹ ਗੁਰੂ ਕਰਤਾਰ ਦੀ ਬਿਰਦ-ਪਾਲਣੀ ਪੈਜ ਹੈ। ਪਰ ਜਿਨ੍ਹਾਂ ਨੂੰ ਇਹ ਗੁਰ ਕੀ, ਹਰਿ ਕੀ ਪੈਜ ਨਹੀਂ ਭਾਉਂਦੀ, ਓਹਨਾਂ ਉਤੇ ਗੁਰਬਾਣੀ ਦਾ ਇਹ ਸਰਾਪਮਈ ਫ਼ਤਵਾ ਹੈ—"ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ" ਹਨ। ਸੇ ਹਰਿ ਜਨਾਂ ਸੰਤਾਂ ਦੀ ਭੰਡੀ ਕਰਨ ਵਾਲੇ ਨਰ ਨਿੰਦਕ ਹਰਿ ਕੇ ਚੋਰ ਹਨ, ਵੇਮੁਖ ਹਨ, ਕਾਲੇ ਮੂੰਹ ਵਾਲੇ ਹਨ। ਤਿਨ੍ਹਾਂ ਦਾ ਮੂੰਹ ਐਥੇ ਭੀ ਕਾਲਾ ਅਤੇ ਅਗੇ ਜਾ ਕੇ ਭੀ ਕਾਲਾ ਹੀ ਰਹਿਸੀ। ਤਿਨ੍ਹਾਂ ਸਰਾਪੇ ਹੋਏ ਨਿੰਦਕਾਂ ਦੀ ਕੁਸੰਗਤ ਤੋਂ ਆਪਣੇ ਦੀਨ ਦਾਸ ਸ਼ਰਨਾਈ ਜਨਾਂ ਨੂੰ ਦਇਆ ਕਰ ਕੇ ਵਾਹਿਗੁਰੂ ਬਚਾਈ ਰਖੇ। ਆਪਣੇ ਘਰ ਦੇ ਗੋਲਿਆਂ ਬਾਲਕਾਂ ਨੂੰ ਪਿਤਾ ਪ੍ਰਭੂ ਬਖ਼ਸ਼ ਕੇ ਆਪਣੇ ਨਾਲ ਮਿਲਾਈ ਹੀ ਰਖੇ, ਇਹ ਗੁਰੂ ਨਾਨਕ ਸਾਹਿਬ ਜੀ ਦੀ ਅਸੀਸ ਹੈ।

(੧੬੭) **ਪ੍ਰਗਟ ਭਇਆ ਸਾਧੂ ਕੈ ਸੰਗਿ ॥ ਭਗਤ ਅਰਾਧਹਿ ਅਨਦਿਨੁ ਰੰਗਿ ॥੨॥੩੨॥**

*(ਭੈਰਉ ਮ: ੫, ਪੰਨਾ ੧੧੪੪)*

ਅਗਮ ਅਗੋਚਰ ਵਾਹਿਗੁਰੂ, ਗੁਰਮਤਿ ਨਾਮ ਅਭਿਆਸੀ ਜਨਾਂ ਨੂੰ ਸੱਚੀ ਗੁਰ-ਸੰਗਤਿ ਗੁਰਮੁਖਿ ਜਨਾਂ ਦੀ ਸਾਧ ਸੰਗਤਿ ਦੇ ਪਰਤਾਪ ਕਰਿ ਹੀ ਗੁਪਤੋਂ ਪਰਗਟ ਹੁੰਦਾ ਹੈ। ਜਿਨ੍ਹਾਂ ਗੁਰੂ ਕੇ ਗੁਰਸਿਖ ਭਗਤ ਜਨਾਂ ਸੰਤਾਂ ਨੂੰ ਪ੍ਰੀਤਮ ਪ੍ਰਭੂ ਗੁਪਤੋਂ ਪਰਗਟ ਹੁਇ ਆਸ਼ਕਾਰ ਹੁੰਦਾ ਹੈ, ਸੇ ਭਗਤ ਜਨ ਤਿਨ੍ਹਾਂ ਆਸ਼ਕਾਰ ਰੰਗਾਂ ਵਿਚ ਸਗੋਂ ਹੋਰ ਵਧ ਵਧ ਕੇ ਵਾਹਿਗੁਰੂ ਨੂੰ ਆਰਾਧਦੇ ਹਨ ਅਤੇ ਦਿਨ ਰਾਤ ਏਹਨਾਂ ਰੰਗਾਂ ਵਿਚ ਹੀ ਆਰਾਧਦੇ ਰਹਿੰਦੇ ਹਨ। ਧੰਨ ਕਮਾਈ ਗੁਰੂ ਕੇ ਸੰਤਾਂ ਭਗਤਾਂ ਦੀ।

(੧੬੮) **ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥**
**ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥੧॥ਰਹਾਉ॥੫॥**

*(ਬਸੰਤੁ ਮ: ੩, ਪੰਨਾ ੧੧੭੩)*

ਸਤਿਗੁਰੂ ਦੀ ਬਖ਼ਸ਼ੀ ਹੋਈ ਹਿਤ-ਉਪਦੇਸ਼ੀ, ਪਿਆਰ-ਪਰਵੇਸ਼ੀ ਪ੍ਰੇਮਾ ਭਗਤੀ ਵਾਲੇ ਗੁਰਮੁਖਿ ਅਭਿਆਸੀ ਭਗਤ ਜਨ ਸਦਾ ਵਾਹਿਗੁਰੂ ਦੇ ਦੁਆਰੇ ਉਤੇ ਖੜੇ ਭਗਤੀ ਕਰਦੇ ਹੀ ਸੋਂਹਦੇ ਹਨ। ਵਾਹਿਗੁਰੂ ਦਾ ਦਰਸ਼ਨ ਦਰਬਾਰ ਸਨਮੁਖ ਪੇਖਦੇ ਹੋਏ ਪ੍ਰੇਮ-ਰੰਗੀ-ਭਗਤੀ ਵਿਚ ਸਦਾ ਮਸਤ ਲਿਵਲੀਨ ਰਹਿੰਦੇ ਹਨ। ਅਜਿਹੇ ਲਿਵ-ਲੀਨੀਏ ਸੰਤ ਭਗਤ ਜਨ ਗੁਰੂ ਘਰ ਵਿਖੇ ਹੁੰਦੇ ਚਲੇ ਆਏ ਹਨ, ਹੁਣ ਭੀ ਹਨ ਅਤੇ ਅਗੇ ਨੂੰ ਭੀ ਹੁੰਦੇ ਰਹਿਣਗੇ। ਧੰਨ ਗੁਰੂ ਅਤੇ ਧੰਨ ਗੁਰੂ ਕੇ ਸੰਤ ਭਗਤ।

(੧੬੯) **ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥**
**ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥**

*(ਭੈਰਉ ਮ: ੫, ਪੰਨਾ ੧੧੪੯)*

ਇਸ ਗੁਰਵਾਕ ਵਿਖੇ ਨਾਮ ਜਪਣਹਾਰੇ, ਹਰਿ ਕੀਰਤਨ ਗਾਉਣਹਾਰੇ ਗੁਰਸਿੱਖਾਂ

ਨੂੰ ਸਪੱਸ਼ਟ ਸਾਧ ਸੰਤ ਭਗਤ ਜਨ ਆਖਿਆ ਭਾਖਿਆ ਗਿਆ ਹੈ। ਧੰਨ ਧੰਨ ਹਨ ਗੁਰਮਤਿ ਨਾਮ ਜਪਣਹਾਰੇ ਗੁਰਮੁਖਿ ਸਾਧ ਜਨ ਅਤੇ ਧੰਨ ਹੈ ਗੁਰਮਤਿ ਨਾਮ ਵਾਹਿਗੁਰੂ ਦਾ, ਜਿਹੜਾ ਓਹ ਸਾਧ ਜਨ ਜਪਦੇ ਹਨ। ਧੰਨ ਹਨ ਆਠ ਪਹਿਰ ਕੀਰਤਨ ਗੁਣ ਗਾਉਣਹਾਰੇ ਸਿਖ ਸਾਧ ਜਨ। ਧੰਨ ਹੈ ਵਾਹਿਗੁਰੂ ਦੀ ਭਗਤੀ ਅਤੇ ਧੰਨ ਹਨ ਵਾਹਿਗੁਰੂ ਭਗਤੀ ਕਰਨਹਾਰੇ ਭਗਤ ਜਨ ਅਤੇ ਭਗਤੀ ਕਰ ਕੇ ਪ੍ਰਭ ਪੁਰਖ ਅਪਾਰ ਦੀ ਚਰਨ ਸ਼ਰਨ ਰਹਿਣ ਵਾਲੇ ਸ੍ਰੇਸ਼ਟ ਸੰਤ ਜਨ।

(੧੭੦) **ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ ਭਏ ਬਿਨਸੀ ਸਭ ਚਿੰਦ ॥**
**ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥ ਪਾਰਬ੍ਰਹਮੁ ਵਸਿਆ ਮਨਿ ਆਇ ॥੧॥੫੧॥**

*(ਭੈਰਉ ਮ: ੫, ਪੰਨਾ ੧੧੫੧)*

ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਭਗਤ ਜਨਾਂ (ਗੁਰਮੁਖਿ ਸਿਖ ਸੰਤਾਂ) ਦੇ ਮਨ ਵਿਖੇ ਗੋਬਿੰਦ-ਮਿਲਾਪ ਦਾ ਆਨੰਦ ਘਰ ਕਰ ਗਇਆ ਹੁੰਦਾ ਹੈ। ਗੋਬਿੰਦ-ਆਨੰਦ-ਭਗਤੀ ਵਿਖੇ ਸਦਾ ਸਦਾ ਲਈ ਅਸਥਿਤ ਭਏ ਹੈਂ। ਤਿਨ੍ਹਾਂ ਦੀ ਸਭ ਚਿੰਤਾ ਬਿਨਸ ਗਈ ਹੈ। ਭੈ ਭਰਮ ਸਭ ਖਿਨ ਮਾਹਿ ਬਿਨਸ ਗਏ ਹੈਂ, ਜਦੋਂ ਪਾਰਬ੍ਰਹਮ ਪ੍ਰੀਤਮ ਪਰਮੇਸ਼ਰ ਤਿਨ੍ਹਾਂ ਦੇ ਮਨ ਮਾਹਿ ਆ ਵਸਿਆ ਹੈ। ਐਸੇ ਗੁਰਮੁਖਿ ਸਿੱਖਾਂ ਨੂੰ ਗੁਰੂ ਘਰੋਂ ਸੰਤਾਂ ਭਗਤਾਂ ਦੀ ਪਦਵੀ ਮਿਲੀ ਹੈ।

(੧੭੧) **ਭਗਤਿ ਭਗਤਨ ਹੂੰ ਬਨਿ ਆਈ ॥**
**ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥੧॥ਰਹਾਉ॥੫॥**

*(ਕਾਨੜਾ ਮ: ੫, ਪੰਨਾ ੧੨੯੯)*

ਨਾਮ ਅਭਿਆਸਨੀ ਪ੍ਰੇਮਾ ਭਗਤੀ, ਗੁਰੂ ਘਰ ਦੇ ਗੁਰਮੁਖਿ ਸਿਖ ਸੰਤਾਂ ਭਗਤਾਂ ਨੂੰ ਹੀ ਬਣ ਆਈ ਹੈ। ਗੁਰਮਤਿ ਨਾਮ ਅੱਭਿਆਸ ਦੀਆਂ ਕਮਾਈਆਂ ਵਾਲੇ ਗੁਰਸਿਖ ਭਗਤ ਜਨ ਅਜਿਹੀ ਜੁਟ ਕੇ ਭਗਤੀ ਕਮਾਵੰਦੇ ਹਨ ਕਿ ਤਿਨ੍ਹਾਂ ਦਾ ਤਨ ਤੇ ਮਨ ਠਾਕੁਰ ਸੇਤੀ ਗਲਤਾਂ ਪੇਚਾ ਹੋ ਕੇ ਵਾਹਿਗੁਰੂ ਨਾਲ ਇਕ-ਮਿਕ ਅਭੇਦ ਰੂਪ ਹੋ ਜਾਂਦੇ ਹਨ। ਐਸੇ ਭਗਤ ਜਨ ਵਾਹਿਗੁਰੂ ਦੇ ਆਪਣੇ ਖ਼ਾਸੁਲ ਖ਼ਾਸ ਬੰਦੇ ਹੀ ਬਣ ਜਾਂਦੇ ਹਨ। ਤਿਨ੍ਹਾਂ ਅਪਣਾਏ ਹੋਏ ਅਨਿੰਨ ਭਗਤਾਂ ਨੂੰ ਭਗਤ-ਵਛਲ ਵਾਹਿਗੁਰੂ ਆਪਣੇ ਨਾਲ ਮਿਲਾ ਕੇ ਫੇਰ ਮੇਲੀ ਹੀ ਰਖਦਾ ਹੈ।

(੧੭੨) **ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥**
**ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥੧॥**

*(ਮਾਰੂ ਸੋਲਹੇ ਮ: ੪, ਪੰਨਾ ੧੦੬੯-੭੦)*

ਗੁਰਸਿਖ ਗੁਰਮੁਖਿ ਭਗਤ ਜਨਾਂ ਦੇ ਮੁਖਾਰਬਿੰਦ ਵਿਖੇ ਅੰਮ੍ਰਿਤ ਬਾਣੀ ਹੀ ਭਰਪੂਰ ਰਹਿੰਦੀ ਹੈ। ਵਾਹਿਗੁਰੂ ਨਾਮ ਦਾ ਜਾਪ ਹੀ ਖਿਨ ਖਿਨ ਜਪਦੇ ਰਹਿੰਦੇ ਹਨ। ਇਸ ਅਜੱਪਾ ਜਾਪ ਦੁਆਰਾ ਸਦਾ ਸਦਾ ਦੇ ਨਾਮ ਅਭਿਆਸ ਦੁਆਰਾ ਉਹਨਾਂ ਦਾ ਹਿਰਦਾ ਕਮਲ ਰਸ ਜੋਤਿ ਉਦੋਤ ਹੋਇ ਕੈ ਵਿਗਸ ਉਠਦਾ ਹੈ। ਰਸ ਜੋਤਿ ਵਿਗਸੇਤੀ ਕਮਲ ਕਿਰਨ, ਤਿਨ੍ਹਾ ਨੂੰ ਵਾਹਿਗੁਰੂ ਦੇ ਚਰਨ ਕਮਲ ਨਾਲ ਮਿਲਾਈ ਰਖਦੀ ਹੈ।

ਐਸੇ ਹਨ ਗੁਰੂ ਘਰ ਦੇ ਸਿਖ ਸੰਤ ਭਗਤ ਜਨ ਨਾਮ ਦੇ ਰਸੀਏ ਜੋਤਿ ਵਿਗਸੀਏ।

(੧੭੩) **ਭਗਤ ਜਨਾ ਕਾ ਰਾਖਣਹਾਰਾ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ॥**
**ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ॥੫॥੨॥੩੨॥**

*(ਮਾਰੂ ਮ: ੫, ਪੰਨਾ ੧੦੦੮)*

ਗੁਰਸਿੱਖਾਂ ਨੂੰ ਹੀ ਏਥੇ ਭਗਤ ਜਨ ਆਖਿਆ ਗਿਆ ਹੈ। ਜਿਹੜੇ ਭਗਤ ਜਨ ਪ੍ਰਾਨ ਆਧਾਰ ਪ੍ਰੀਤਮ ਪ੍ਰਭੂ ਨੂੰ ਜਪ ਕੇ ਜੀਊਂਦੇ ਹਨ, ਤਿਨ੍ਹਾਂ ਭਗਤ ਜਨਾਂ ਦਾ ਵਾਹਿਗੁਰੂ ਆਪ ਰਖਵਾਰਾ ਰਖਣਹਾਰਾ ਹੁੰਦਾ ਹੈ। ਐਸੇ ਕਰਨ-ਕਾਰਨ ਸਮਰੱਥ ਸੁਆਮੀ ਭਗਤ ਜਨਾਂ ਦੇ ਸੁਖਹਿਗਾਮੀ ਰਖਵਾਰੇ ਸਿਰਜਨਹਾਰ ਦੇ ਵਾਰਨੇ ਬਲਿਹਾਰਨੇ ਜਾਈਏ।

(੧੭੪) **ਬਹਿੰਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ॥**
**ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ॥**
**ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ॥੫॥**

*(ਵਾਰ ਸਾਰੰਗ ਮ: ੪, ਪੰਨਾ ੧੨੩੯)*

ਗੁਰਸਿਖ ਭਗਤਾਂ ਨੂੰ ਗੁਰਮਤਿ-ਨਾਮ ਦਾ ਹੀ ਅਧਾਰ ਰਹਿੰਦਾ ਹੈ। ਨਾਮ ਜਪੇਂਦਿਆਂ ਹੀ ਓਹਨਾਂ ਨੂੰ ਸੁਖ ਹੁੰਦਾ ਹੈ। ਤਾਂ ਤੇ ਉਹ ਬਹਿੰਦਿਆਂ ਉਠਦਿਆਂ ਨਾਮ ਨੂੰ ਨਹੀਂ ਵਿਸਾਰਦੇ। ਸੱਚੇ ਨਾਮ ਨੂੰ ਨਾ ਵਿਸਾਰਨ ਕਰਿ ਸਾਚਾ ਨਾਮੀ ਵਾਹਿਗੁਰੂ ਭੀ ਓਹਨਾ ਨੂੰ ਨਹੀਂ ਵਿਸਾਰਦਾ। ਨਾਮ ਨਾਮੀ ਅਭੇਵ ਰੂਪ ਜੁ ਹੋਏ। ਓਹਨਾਂ ਦੇ ਮਨ ਤਨ ਅੰਤਰਿ "ਗੁਰਮੁਖਿ ਹਰਿ ਸੋਈ" ਵਾਹਿਗੁਰੂ ਰਵਿਆ ਹੀ ਰਹਿੰਦਾ ਹੈ।

(੧੭੫) **ਕਤ ਕਉ ਡਹਕਾਵਉ ਲੋਗਾ ਮੋਹਨ ਦੀਨ ਕਿਰਪਾਈ॥੧॥**
**ਐਸੀ ਜਾਨਿ ਪਈ॥**
**ਸਰਣਿ ਸੂਰੋ ਗੁਰ ਦਾਤਾ ਰਾਖੈ ਆਪਿ ਵਡਾਈ॥੧॥ਰਹਾਉ॥**
**ਭਗਤਾ ਕਾ ਆਗਿਆਕਾਰੀ ਸਦਾ ਸਦਾ ਸੁਖਦਾਈ॥੨॥**
**ਅਪਨੇ ਕਉ ਕਿਰਪਾ ਕਰੀਅਹੁ ਇਕੁ ਨਾਮੁ ਧਿਆਈ॥੩॥**
**ਨਾਨਕੁ ਦੀਨੁ ਨਾਮੁ ਮਾਗੈ ਦੁਤੀਆ ਭਰਮੁ ਚੁਕਾਈ॥੪॥੪॥੨੦॥**

*(ਮਾਰੂ ਮ: ੫, ਪੰਨਾ ੧੦੦੫)*

ਦਾਤਾਰ ਸਿਰਜਨਹਾਰ ਵਾਹਿਗੁਰੂ ਮੋਹਨ ਅਪਨੇ ਦੀਨ ਜਨਾਂ ਭਗਤਾਂ ਉਤੇ ਕਰੁਣਾ ਧਾਰ ਕੇ ਆਪ ਦਇਆਲ ਹੁੰਦਾ ਹੈ। ਅਸ਼ਰਧਕ ਲੋਗ ਐਵੇਂ ਡੋਲਦੇ ਡਹਿਕਾਵੇਂਦੇ ਲਰਜ਼ਾਵੇਂਦੇ ਫਿਰਦੇ ਹਨ। ਸ਼ਰਧਾਲੂ ਦੀਨ ਜਨਾਂ ਨੇ ਐਸੀ ਸ਼ਰਧਾ ਦੀ ਜਾਣਨੀ ਜਾਣੀ ਹੈ। ਸਤਿਗੁਰੂ ਦਾਤਾ ਸਰਣ ਆਇਆਂ ਦੀ ਲਾਜ ਪੈਜ ਰਖਣਹਾਰਾ ਸੂਰਮਤਾਈ ਦਾ ਧਨੀ ਹੈ। ਆਪਣੇ ਭਗਤਾਂ ਦੀ ਵਡੱਪਣ ਵਡਾਈ ਦਾ ਆਪ ਸਹਾਇਕ ਹੈ। ਜਿਨ੍ਹਾਂ ਅਪਣਾਏ ਹੋਏ ਨਿਜ ਅਨਿੰਨ ਭਗਤਾਂ 'ਤੇ ਉਹ ਤੁਠਦਾ ਹੈ, ਤਿਨ੍ਹਾਂ ਨੂੰ ਉਹ ਨਾਮ ਧਿਆਵਣ ਦੀ ਦਾਤਿ ਦਿੰਦਾ ਹੈ। ਇਹ ਉਸਦੀ ਵੱਡੀ ਤੋਂ ਵੱਡੀ ਕਿਰਪਾਲਤਾ ਹੈ, ਜੋ ਉਸਨੇ ਕੇਵਲ ਆਪਣੇ ਅਨਿੰਨ ਭਗਤਾਂ ਲਈ ਹੀ ਰੀਜ਼ਰਵ ਰਖੀ ਹੋਈ ਹੈ। ਨਿਜ ਪ੍ਰਾਇਣ ਹੋਏ ਭਗਤਾਂ ਦਾ ਉਹ ਆਪ ਆਗਿਆਕਾਰੀ ਹੈ। ਓਹਨਾਂ ਦੀਆਂ ਕਿੰਚਤ

ਮਾਤ੍ਰਾ ਇਸ਼ਾਰੇ ਦੀਆਂ ਸ਼ਰਧਾ-ਭਾਵਨਾਵਾਂ ਪੂਰੀਆਂ ਕਰਦਾ ਹੈ। ਅਤੇ ਓਹਨਾਂ ਹਿਤ ਸਦਾ ਸਦਾ ਸੁਖਦਾਈ ਸੁਖਾਂ ਦਾ ਦਾਤਾ ਬਣਿਆ ਹੋਇਆ ਹੈ। ਗੁਰੂ ਨਾਨਕ ਦੇ ਘਰ ਦੇ ਜਿਹੜੇ ਦੀਨ ਜਨ ਅਨਿੰਨ ਭਗਤੀ ਦੇ ਮੰਗਤੇ ਭਗਤ ਜਨ ਹਨ, ਓਹ ਭੀ ਨਾਮ ਤੋਂ ਛੁਟ ਹੋਰ ਸੁਖ ਦੀ ਜਾਚਨਾ ਨਹੀਂ ਕਰਦੇ। ਦੂਤੀਆ ਮੰਗ ਮੰਗਣ ਦਾ ਭਰਮ ਓਹਨਾਂ ਨੇ ਚੁਕਾ ਦਿਤਾ ਹੋਇਆ ਹੁੰਦਾ ਹੈ। ਐਸੇ ਹਨ ਗੁਰੂ ਘਰ ਦੇ ਅਨਿੰਨ ਸਿਖ ਸੰਤ ਭਗਤ ਜਨ ਨਾਮ ਦੇ ਨਿਹਕੇਵਲ ਜਾਚਕ।

(੧੭੬) **ਜਿਸ ਕੇ ਚਾਕਰ ਤਿਸ ਕੀ ਸੇਵਾ॥ ਸਬਦਿ ਪਤੀਜੈ ਅਲਖ ਅਭੇਵਾ॥**
**ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ ॥੨॥੫॥**

*(ਮਾਰੂ ਮ: ੧, ਪੰਨਾ ੧੦੨੪)*

ਗੁਰੂ ਕੇ ਸਿਖ ਵਾਹਿਗੁਰੂ ਦੇ ਹੀ ਅਨਿੰਨ ਭਗਤ ਚਾਕਰ ਸੇਵਕ ਹਨ। ਵਾਹਿਗੁਰੂ ਦੀ ਹੀ ਸੇਵਾ-ਭਗਤਿ ਚਾਕਰੀ ਵਿਚ ਸਦਾ ਤੱਤਪਰ ਰਹਿੰਦੇ ਹਨ। ਸ਼ਬਦ ਅਭਿਆਸ-ਮਈ ਚਾਕਰੀ 'ਤੇ ਹੀ ਸੱਚੇ ਗੁਰ ਸੇਵਕ ਚਾਕਰਾਂ ਦਾ ਠਾਕੁਰ ਰੀਝਦਾ ਪਤੀਜਦਾ ਹੈ। ਉਹ ਅਲੱਖ ਅਭੇਵ ਮਾਲਕ ਆਪਣੇ ਭਗਤਾਂ ਦਾ ਸਦਾ ਗੁਣਕਾਰੀ ਕਰਤਾ ਹੈ। ਓਹਨਾਂ ਦੇ ਗੁਣਾਂ ਨੂੰ ਹੀ ਵੀਚਾਰਦਾ ਹੈ, ਅਉਗਣ ਨਹੀਂ ਚਿਤਾਰਦਾ। ਅਉਗਣਾਂ ਨੂੰ ਬਖਸ਼ ਦਿੰਦਾ ਹੈ ਇਕ ਖਿਨ ਮਾਹਿ। ਐਸੀ ਹੈ ਉਸ ਦੀ ਵਡੀ ਵਡਿਆਈ ਅਤੇ ਐਸੀ ਹੈ ਗੁਰਸਿਖ ਭਗਤਾਂ ਦੀ ਗੁਰਮਤਿ ਗੁਣਾਂ ਦੀ ਕਾਰ ਕਮਾਈ।

(੧੭੭) **ਭਗਤ ਸਚੇ ਤੇਰੈ ਦਰਵਾਰੇ॥ ਸਬਦੇ ਸੇਵਨਿ ਭਾਇ ਪਿਆਰੇ॥**
**ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ ॥੧੬॥੩॥੧੨॥**

*(ਮਾਰੂ ਮ: ੩, ਪੰਨਾ ੧੦੫੬)*

ਗੁਰੂ ਘਰ ਦੇ ਭਗਤ ਸਿਖ ਸੰਤ ਜਨ ਹੀ ਹਨ, ਜਿਹੜੇ ਸੱਚੇ ਗੁਰੂ ਦਰਬਾਰ ਵਿਚ ਸੋਹਦੇ ਹਨ। ਅਤੇ ਸੱਚੇ ਪਿਆਰ ਸੇਤੀ ਸ਼ਬਦ-ਸੁਰਤੇ ਭੀ ਸੇਵਾ-ਭਗਤੀ ਵਿਚ ਨਿਮਗਨ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਨਾਮ-ਰੱਤੇ ਗ੍ਰਿਹਸਤ ਅਤੀਤ ਨਾਮ ਬੈਰਾਗੀਅੜੇ ਸਿਖ ਸੰਤ ਨਾਮ-ਭਗਤੀ ਦੀ ਸੱਚੀ ਕਾਰ ਕਰਦਿਆਂ ਹੀ ਸੋਹਦੇ ਹਨ। ਇਹੋ ਗੁਰਸਿਖ ਭਗਤ ਜਨਾਂ ਦਾ ਆਹਰ ਹੈ।

(੧੭੮) **ਸੇ ਭਗਤ ਸਚੇ ਤੇਰੈ ਮਨਿ ਭਾਏ॥ ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ॥**
**ਸਾਚੀ ਬਾਣੀ ਅਨਦਿਨੁ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ ॥੧੨॥੧੨॥**

*(ਮਾਰੂ ਮ: ੩ ਸੋਲਹੇ, ਪੰਨਾ ੧੦੫੬)*

ਹੇ ਵਾਹਿਗੁਰੂ! ਸੇ ਗੁਰੂ ਘਰ ਦੇ ਸੱਚੇ ਸਿਖ ਸੰਤ ਭਗਤ ਤੇਰੇ ਮਨਿ ਭਾਏ ਹਨ ਜਿਹੜੇ ਗੁਰ-ਸ਼ਬਦ ਦੀ ਰੰਗਣ ਵਿਚ ਰੰਗੀਜ ਕੇ ਅਮਿਉ-ਰਸਾਇਣੀ ਸੁੰਦਰ ਮੁਖੜੇ ਵਾਲੇ ਲਾਲੇ ਗੁਲਾਲੇ ਹੋ ਕੇ ਤੇਰੇ ਦਰਿ ਖੜੇ ਗੁਰਬਾਣੀ ਦਾ ਕੀਰਤਨ ਕਰਦੇ ਰਹਿੰਦੇ ਹਨ। ਚਾਹੇ ਓਹ ਸੰਸਾਰੀ ਨੁਕਤੇ ਤੋਂ ਧਨਹੀਣ ਗਰੀਬ ਦੀਨ ਹੀ ਹੋਣ, ਪਰ ਸੱਚੀ ਬਾਣੀ ਨੂੰ ਅਨਦਿਨ ਗਾਵਣਹਾਰੇ ਹੋਣ ਕਰਿ ਓਹ ਸੱਚੇ ਧਨਵੰਤ ਹਨ। ਨਿਰਧਨ ਸਿੱਖਾਂ ਦਾ ਨਾਮ ਧਨ ਹੀ ਸੱਚ ਲਾਹਾ, ਵਥ ਪੂੰਜੀ ਵੇਸਾਹਾ (ਖਰਾ ਸਉਦਾ) ਹੈ। ਇਸ ਖਰੇ ਸਉਦੇ ਵਾਲੇ ਧਨਵੰਤ ਸਿਖ ਗੁਰੂ ਨਾਨਕ ਨਿਰੰਕਾਰੀ ਦੇ ਘਰ ਵਿਚ ਹੀ ਮਿਲਣਗੇ, ਜੋ

ਨਿਰੰਕਾਰੀ ਨਾਮ ਦਾ ਸੱਚਾ ਭੰਡਾਰੀ ਹੈ।

(੧੮੯) **ਨਦਰੀ ਭਗਤਾ ਲੈਹੁ ਮਿਲਾਏ ॥ ਭਗਤ ਸਲਾਹਨਿ ਸਦਾ ਲਿਵ ਲਾਏ ॥**
**ਤਉ ਸਰਣਾਈ ਉਬਰਹਿ ਕਰਤੇ ਆਪੇ ਮੇਲਿ ਮਿਲਾਇਆ ॥੧॥੨੪॥**

*(ਮਾਰੂ ਮ: ੩, ਪੰਨਾ ੧੦੬੯)*

ਹੇ ਕਰਤੇ ਪੁਰਖ ਵਾਹਿਗੁਰੂ ! ਗੁਰੂ ਵਰੋਸਾਏ ਤੇਰੇ ਭਗਤ ਸਦਾ ਤੇਰੀ ਸਿਫਤ ਸਾਲਾਹ ਵਿਖੇ ਹੀ ਲਿਵ ਲਾਈ ਰਖਦੇ ਹਨ। ਅਜਿਹੇ ਆਪਣੇ ਅਨਿੰਨ ਭਗਤਾਂ (ਸੰਤਾਂ) ਨੂੰ ਤੂੰ ਆਪਣੀ ਨਦਰਿ ਮੇਹਰ ਦੁਆਰਾ ਨਿਜ ਸਰੂਪ ਵਿਖੇ ਹੀ ਮਿਲਾਇ ਲੈ। ਤੇਰੀ ਲਿਵ ਸੁਰਤਿ ਪ੍ਰਾਇਣ ਸਰਣਾਈ (ਸਰਨ) ਹੀ ਸੱਚੀ ਹੈ, ਕਿਉਂਕਿ ਇਸ ਲਿਵ ਸਰਣਾਇ ਪ੍ਰਾਇਣ ਹੋਣ ਕਰਿ ਹੀ ਉਬਰੀਦਾ ਹੈ। ਲਿਵ ਦਰਿ ਉਬਰਿਆਂ, ਨਾਮ-ਰਸ-ਭਰੂ ਉਬਰਿਆਂ ਨੂੰ ਹੀ ਤੂੰ ਆਪੇ ਸਚੜੇ ਮੇਲਿ ਮਿਲਾਇ ਲੈਂਦਾ ਹੈਂ। ਸੋ ਅਜਿਹੇ ਹਰਿ-ਦਰ-ਉਬਰਨੇ ਭਗਤ ਜਨ ਗੁਰੂ ਕੇ ਸਿਖ ਹੀ ਹਨ।

(੧੯੦) **ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ ॥**
**ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥੧॥**

*(ਸਾਰਗ ਮ: ੩ ਅਸ:, ਪੰਨਾ ੧੨੩੩)*

ਨਾਮ-ਰਸੀਅੜੇ ਗੁਰੂ ਘਰ ਦੇ ਭਗਤਾਂ (ਸੰਤ ਜਨਾਂ) ਦਾ ਤੱਤ ਭੋਜਨ ਅਹਾਰ ਨਾਮ ਨਿਰੰਜਨ ਦੇ ਆਧਾਰ ਰਹਿਣਾ ਹੀ ਹੈ। ਨਿਰੰਜਨ ਨਾਮ ਹੀ ਨਿਰੰਜਨੀ ਭਗਤਾਂ ਦਾ ਭੋਜਨ ਹੈ, ਜਿਤ ਖਾਧੇ ਓਹਨਾ ਨੂੰ ਭੁਖ ਨਹੀਂ ਲਗਦੀ। ਨਾਮ-ਭਗਤਿ-ਬਡਾਈ ਦਾ ਸਿਰੋਪਾਉ ਪਹਿਨਣਹਾਰੇ ਹੋਣ ਕਰਿ ਹੀ ਓਹਨਾਂ ਦਾ ਪਹਿਨਣ ਭੀ ਇਹੋ ਹੈ, ਜਿਤ ਕਰਕੇ ਓਹ ਕਦੇ ਨੰਗੇ ਨਹੀਂ ਥੀਂਦੇ। ਤਿਨ੍ਹਾਂ ਅਜਿਹੇ ਮਹੱਤ ਵਾਲੇ ਗੁਰਸਿਖ ਭਗਤਾਂ ਦਾ ਵਾਹਿਗੁਰੂ ਦੇ ਨਿਜ ਘਰ ਸਚਖੰਡ ਵਿਚ ਵਾਸਾ ਹੋ ਜਾਂਦਾ ਹੈ, ਐਥੇ ਹੁੰਦੇ ਰਹਿੰਦੇ ਹੋਇਆਂ ਭੀ ਤੇ ਅਗੇ ਗਿਆਂ ਭੀ। ਨਿਜ ਘਰਿ ਵਾਸਾ ਹੋ ਜਾਣ ਪਰ ਭੀ ਓਹ ਸਦਾ ਸੇਵਾ-ਭਗਤੀ ਵਿਚ ਹੀ ਸਾਵਧਾਨ ਅਤੇ ਤੱਤਪਰ ਰਹਿੰਦੇ ਹਨ। ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਓਹ ਸੱਚੀ ਸੋਭਾ ਦੇ ਪਾਤਰ ਬਣਦੇ ਹਨ।

(੧੯੧) **ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥ ਸਭੈ ਉਧਾਰਣੁ ਖਸਮੁ ਹਮਾਰਾ ॥**
**ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥੧੬॥੧॥**

*(ਮਾਰੂ ਸੋਲਹੇ ਮ: ੫, ਪੰਨਾ ੧੦੭੨)*

ਉਞ ਤਾਂ "ਸਾਝਾ ਸਾਹਿਬੁ ਬਾਪੁ ਹਮਾਰਾ"[1] ਸਭਨਾ ਦਾ ਉਧਾਰਨਹਾਰਾ ਖਸਮਾਨਾ ਕਰਨਹਾਰਾ ਸੱਚਾ ਖਸਮ ਹੈ, ਪਰ ਨਿਜ ਨਦਰਾਏ, ਨਿਜ ਅਪਨਾਏ, ਗੁਰ ਦਰਿ ਪੈਨ੍ਹਾਏ ਗੁਰਸਿਖ ਭਗਤ ਜਨਾਂ ਦਾ ਖ਼ਾਸ ਪ੍ਰੀਤਮ ਪਿਆਰਾ ਹੈ। ਤਿਨ੍ਹਾਂ ਹਰਿ ਦਰਿ ਪੁਗ ਖਲੋਇਆਂ ਗੁਰੂ ਘਰ ਦੇ ਭਗਤ ਜਨਾਂ ਦੀ ਨਾਮ ਸਿਮਰ ਸਿਮਰ ਕੇ ਸਗਲੀ ਇੱਛਾ ਪੂਰਨ ਹੋਈ ਹੈ, ਪੂਰਨ ਹੋ ਜਾਂਦੀ ਹੈ। ਗੁਰੂ ਘਰ ਦੇ ਲਾਲੇ ਗੋਲੇ ਪਰਵਾਨ ਸਿਖ ਹੋਣ ਕਰਿ ਗੁਰੂ ਨਾਨਕ ਸਾਹਿਬ ਓਹਨਾਂ ਦੀ ਆਪ ਪੈਜ ਰਖਦਾ ਰਖਾਉਂਦਾ ਹੈ।

---

੧. ਮਾਝ ਮਹਲਾ ੫, ਪੰਨਾ ੯੭

 www.sikhbookclub.com

(੧੯੨) ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥

*(ਮਾਝ ਕੀ ਵਾਰ ਮ: ੧, ਪੰਨਾ ੧੪੫)*

ਪਰਮਾਰਥ ਦੇ ਪਾਂਧੀਆਂ ਗੁਰੂ ਕੇ ਸਿੱਖਾਂ ਭਗਤਾਂ ਅਤੇ ਸੰਸਾਰੀਆਂ ਮਾਇਆ-ਧਾਰੀਆਂ ਦਾ ਜੋੜ ਕਦੇ ਨਹੀਂ ਆਇਆ, ਨਾ ਆਏਗਾ। ਮਾਇਆ-ਇਛੁਕੀਆਂ, ਠਗ-ਮੂਰੀਆਂ, ਸੰਸਾਰੀ ਪੁਰਸ਼ਾਂ ਭੀ ਸੱਚੇ ਭਗਤਾਂ ਦੀ ਰੀਸੇ ਭਗਤਾਂ ਵਾਲਾ ਵੇਸ ਲੋਕਾਂ ਨੂੰ ਠੱਗਣ ਲਈ ਧਾਰ ਲਿਆ ਹੁੰਦਾ ਹੈ, ਪਰ ਇਹ ਵੇਸ ਨਿਰਾ ਪਾਖੰਡ-ਵੇਸ ਹੁੰਦਾ ਹੈ। ਬਾਹਰੋਂ ਚਾਹੇ ਓਹ ਕੁਛ ਬਣਿ ਬਣਿ ਬੈਠਣ, ਪਰ ਅੰਦਰੋਂ ਤਾਂ ਨਿਰੇ ਪਾਖੰਡੀ ਹੀ ਹੁੰਦੇ ਹਨ; ਸੱਚੇ ਭਗਤ ਨਹੀਂ ਹੁੰਦੇ। ਘਟ ਘਟ ਕੇ ਪਟ ਪਟ ਕੀ ਜਾਣਨਹਾਰ ਕਰਤਾ ਪੁਰਖ ਆਪ ਅਭੁਲ ਹੈ। ਏਹਨਾਂ ਠਗਮੂਰੀ ਪਾਖੰਡ-ਵੇਸਧਾਰੀ ਪਾਖੰਡੀਆਂ ਦਾ ਭੁਲਾਇਆ ਨਹੀਂ ਭੁਲਦਾ। ਸੱਚੇ ਭਗਤ ਅਤੇ ਪਾਖੰਡੀ ਭਗਤ ਅਭੁਲ ਪੁਰਖ ਤੋਂ ਭੁਲੇ ਹੋਏ ਨਹੀਂ ਹੁੰਦੇ। ਸੱਚੇ ਭਗਤਾਂ ਅਤੇ ਝੂਠੇ ਭਗਤਾਂ ਦੀ ਪਛਾਣ ਵਾਹਿਗੁਰੂ ਅੰਤਰਜਾਮੀ ਨੂੰ ਨਿਖਰਵੀਂ ਅੰਤਰਜਾਮਤਾ ਵਿਚ ਖਿਨ ਖਿਨ ਹੁੰਦੀ ਹੈ। ਭਗਤਾਂ, ਸੱਚੇ ਭਗਤਾਂ ਦੀ ਘਾਲ ਥਾਇਂ ਪਾਉਂਦਾ ਹੈ। ਘਾਲ ਥਾਇਂ ਪਾਇਕੈ ਆਪ ਭਗਤ ਜਨਾਂ ਨੂੰ ਮੇਲ ਲੈਂਦਾ ਹੈ। ਓਹਨਾਂ ਭਗਤ ਜਨਾਂ ਨੂੰ, ਜਿਨ੍ਹਾਂ ਨੇ ਸੱਚੇ ਨਾਮ ਨੂੰ ਸੱਚੀ ਅਭਿਆਸ-ਭਗਤੀ ਕਰ ਕੇ ਕਮਾਇਆ ਹੋਇਆ ਹੁੰਦਾ ਹੈ।

ਜਿਨ੍ਹਾਂ ਸੰਸਾਰੀ ਕੂੜਿਆਰੀ ਪਾਖੰਡੀ ਭਗਤਾਂ ਨੇ ਪਾਖੰਡ ਕਰ ਕਰ ਕੇ ਅਤੇ ਕੂੜ ਬੋਲ ਬੋਲ ਕੇ ਮਾਇਆ ਬਿਖੁ (ਵਿਹੁ) ਨੂੰ ਖਾਧਾ ਹੁੰਦਾ ਹੈ, ਤਿਨ੍ਹਾਂ ਨੂੰ ਸੱਚੇ ਨਿਆਇਕਾਰੀ ਕਰਤੇ ਪੁਰਖ ਨੇ ਆਪ ਸਜ਼ਾਈਂ ਦੇ ਕੇ ਖੁਆਇਆ ਖੁਆਰ ਕੀਤਾ ਹੁੰਦਾ ਹੈ। ਓਹ ਐਸੇ ਖੁਆਰ ਹੁੰਦੇ ਹਨ ਕਿ ਮੁੜ ਚਉਰਾਸੀਹ ਲੱਖ ਜੂਨ ਦੇ ਗੇੜ ਵਿਚ ਜਾ ਪੈਂਦੇ ਹਨ ਅਤੇ ਸੱਚੇ ਮਾਰਗੋਂ ਸਦਾ ਲਈ ਖੁਆਏ ਭੁਲਾਏ ਅਉਝੜ ਪਾਏ ਜਾਂਦੇ ਹਨ। ਤਿਨ੍ਹਾਂ ਨੂੰ ਜੂਨੀਆਂ ਵਿਚ ਖੁਆਰ ਹੋਣ ਖੁਆਇ ਜਾਣ ਦੀ ਸਜ਼ਾ ਇਸ ਅਪਰਾਧ ਦੇ ਬਦਲੇ ਮਿਲਦੀ ਹੈ, ਕਿਉਂਕਿ ਉਹਨਾਂ ਨੇ ਮੌਤ ਨੂੰ ਸਿਰ 'ਤੇ ਨਾ ਜਾਣਦੇ ਹੋਇ, ਚਲਣ ਦੀ ਸਾਰ ਨਾ ਪਛਾਣਦੇ ਹੋਇ ਨਿਰਭੈ ਹੋ ਕੇ ਕਾਮ ਕ੍ਰੋਧ ਆਦਿਕ ਵਿਸ਼ੇ ਨੂੰ ਹੀ ਸੰਸਾਰ ਵਿਚ ਰਹਿ ਕੇ ਵਧਾਇਆ ਹੈ।

ਜਿਹੜੇ ਵਾਹਿਗੁਰੂ ਦੇ ਸੱਚੇ ਭਗਤ ਹਨ ਓਹ ਵਾਹਿਗੁਰੂ ਦੀ ਸੱਚੀ ਸੇਵਾ-ਭਗਤੀ ਵਾਲੀ ਸੱਚੀ ਚਾਕਰੀ ਕਰਨ ਵਿਚ ਵੀ ਸੱਚੇ ਦਿਲੋਂ ਤੱਤਪਰ ਰਹਿੰਦੇ ਹਨ। ਇਕ-ਮਨ ਇਕ-ਚਿਤ ਹੋ ਕੇ ਅਨਦਿਨ ਨਾਮ ਧਿਆਵਣ ਵਿਚ ਹੀ ਲਗੇ (ਜੁਟੇ) ਰਹਿੰਦੇ ਹਨ। ਦਿਖਾਵੇ ਮਾਤਰ ਨਹੀਂ। ਨਾ ਹੀ ਆਪਣੇ ਆਪ ਨੂੰ ਕੁਝ ਜਣਾਉਣ ਲਈ, ਭਗਤ

ਸਦਾਉਣ ਲਈ ਯਾ ਭਗਤੀ ਕਰ ਕੇ ਵੱਡਾ ਅਖਵਾਉਣ, ਵੱਡਾ ਉੱਚਾ ਬਣਨ ਲਈ। ਸਗੋਂ ਓਹ ਸੱਚੇ ਭਗਤ ਜਨ ਤਾਂ ਜਿਉਂ ਜਿਉਂ ਭਗਤੀ ਕਰਦੇ ਹਨ ਤਿਉਂ ਤਿਉਂ ਗਰੀਬੀ, ਸੱਚੀ ਗਰੀਬੀ ਓਹਨਾਂ ਦੇ ਰੋਮ ਰੋਮ ਅੰਦਰ ਪਰਵੇਸ਼ ਕਰਦੀ ਜਾਂਦੀ ਹੈ। ਓਹ ਦਾਸਨ ਦਾਸ, ਸਭ ਸਿੱਖਾਂ ਦੇ ਦਾਸਾਂ ਦੀ ਰੇਣਕਾ ਹੀ ਹੋਇ ਰਹਿੰਦੇ ਹਨ। ਅਤੇ ਇਸ ਬਿਧਿ ਦਾਸਨ ਦਾਸ ਹੋਇ ਕੈ ਤਿਨ੍ਹਾਂ ਨੇ "ਵਿਚਹੁ ਆਪੁ ਗਵਾਇਆ", ਆਪਣਾ ਆਪ ਵਿਚਹੁੰ ਗਵਾ ਦਿਤਾ ਹੈ। ਹਉਮੈ ਦੀ ਕਾਈ ਓਹਨਾਂ ਦੇ ਅੰਦਰ ਰਾਈ ਮਾਤਰ ਭੀ ਨਹੀਂ ਰਹਿੰਦੀ। ਤਿਨ੍ਹਾਂ ਸਚਿਆਰ ਸਿੱਖਾਂ ਭਗਤਾਂ ਦੇ ਮੁਖ ਸੱਚੇ ਖਸਮ ਦੇ ਦਰ 'ਤੇ ਸਦਾ ਉਜਲੇ ਹਨ। ਓਹ ਸੱਚੇ ਸ਼ਬਦ ਦੀ ਜੋਤਿ-ਪ੍ਰਕਾਸ਼ੀ ਆਭਾ ਨਾਲ ਅਤਿ ਅਨੂਪਮ ਸੁਹੱਪਣ ਦੀ ਅਰੂਪ ਰੂਪੀ ਸੋਭਾ ਵਿਚ ਸੋਹਦੇ ਹਨ।

SIKHBOOKCLUB.COM

 www.sikhbookclub.com

## ੬

# ਨਾਮ ਧਨ ਦਾ ਬੇਅੰਤ ਪਰਤਾਪ

(੧੮੩) ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ ॥
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥
ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥
ਰਾਮਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ ॥੩॥੬੨॥

*(ਬਿਲਾਵਲੁ ਮ: ੫, ਪੰਨਾ ੮੧੬)*

ਗੁਰੂ ਵਰੋਸਾਈ ਸਾਧ ਸੰਗਤਿ ਵਿਚ ਮਿਲ ਕੇ ਵਾਹਿਗੁਰੂ ਨੂੰ ਆਰਾਧਿਆ ਜਾਏ (ਜੈਸਾ ਕਿ ਆਰਾਧਣ ਦਾ ਗੁਰ-ਹੁਕਮ ਹੈ) ਤਾਂ ਸੁਤੇ ਸਿਧ ਹੀ ਅਪਾਰ ਨਿਧਿ ਹਰਿ-ਦਰੋਂ ਪ੍ਰਾਪਤ ਹੁੰਦੀ ਹੈ। ਚਾਰ ਪਦਾਰਥ ਧਰਮ, ਅਰਥ ਕਾਮ ਅਰ ਮੋਖ ਦੀ ਦਾਤਿ ਦਿੰਦਿਆਂ ਤਾਂ ਦਾਤੇ ਨੂੰ ਬਾਰ ਨਹੀਂ ਲਗਦੀ, ਛਿਨਕ ਮਾਤ੍ਰਰ ਦੀ ਕਮਾਈ ਤੇ ਓਹਨਾ ਦੀ ਪ੍ਰਾਪਤੀ ਹੋ ਜਾਂਦੀ ਹੈ। ਆਪੋਂ ਹੀ ਇਹ ਚਾਰ ਪਦਾਰਥ ਓਹਨਾਂ ਦੇ ਪਿਛੇ ਲਗੇ ਫਿਰਦੇ ਹਨ। ਤਿਨ੍ਹਾਂ ਨੂੰ ਤਿਲ ਮਾਤਰ ਭੀ ਤਮਾਇ ਨਹੀਂ ਹੁੰਦੀ। ਪ੍ਰੰਤੂ ਗੋਬਿੰਦ-ਭਗਤੀ ਦੇ ਸੱਚੇ ਆਸ਼ਕ ਗੁਰਸਿਖ ਭਗਤ ਜਨ ਇਕੋ ਭਗਤੀ ਦੇ ਰੰਗਾਂ ਵਿਚ ਹੀ ਰਹਿੰਦੇ ਹਨ, ਆਨ ਰੁਚੀਆਂ ਦੇ ਵਹਿਣਾਂ ਵਿਚ ਵਹਿੰਦੇ ਹੀ ਨਹੀਂ। ਆਪ ਇਹ ਪਦਾਰਥਾਂ ਦੇ ਭੋਗਣ ਵਿਚ ਲਿਪਾਇਮਾਨ (ਖੱਚਤ) ਨਹੀਂ ਹੁੰਦੇ। ਤਿਨ੍ਹਾਂ ਨੂੰ ਤਾਂ ਵਾਹਿਗੁਰੂ ਗੋਬਿੰਦ ਗੁਪਾਲ ਦੇ ਵਸਲ-ਮਿਲਾਪ, ਦਰਸ-ਆਨੰਦ (ਦਰਸ਼ਨ-ਅਨੰਦ) ਦੇ ਰੰਗਾਂ ਤੋਂ ਲਾਂਭੇ ਹੋਣ ਦੀ ਵੇਹਲ ਹੀ ਨਹੀਂ ਮਿਲਦੀ। ਓਹਨਾਂ ਨੇ ਐਸਾ ਰਾਮ ਨਾਮ ਧਨੁ ਸੰਚਿਆ ਹੁੰਦਾ ਹੈ ਕਿ ਜਿਸ ਦੇ ਨਿਕਟ ਚਾਰ ਪਦਾਰਥ ਹੇਚ ਹਨ ਅਤੇ ਇਹ ਨਾਮ ਧਨ ਐਸਾ ਅਪਾਰ ਧਨ ਹੈ, ਜੋ ਕਦੇ ਨਿਖੁਟਦਾ ਨਹੀਂ। ਅਤੇ ਇਸ ਸੱਚੀ ਨਾਮ-ਨਿਧਿ ਦਾ ਕੋਈ ਸ਼ੁਮਾਰ ਪਾਰਾਵਾਰ ਨਹੀਂ। ਨਾ ਹੀ ਨਾਮ ਅਭਿਆਸ ਦੀ ਕੋਈ ਥਾਹ ਹੈ। ਜਿਉਂ ਜਿਉਂ ਨਾਮ ਅਭਿਆਸ ਕਰੀ ਜਾਓ, ਤਿਉਂ ਤਿਉਂ ਹੋਰ ਤੇ ਹੋਰ ਨਾਮ ਰੰਗ ਖਿੜਨਗੇ। ਵਧ ਤੋਂ ਵਧ ਜੋਤਿ-ਰਤੰਨਾ ਹੋ ਕੇ ਨਾਮ ਰਤਨ ਪਰਗਾਸੇਗਾ। ਜਿਉਂ ਜਿਉਂ ਪਰਗਾਸ ਵਧੇਗਾ, ਤਿਉਂ ਤਿਉਂ ਨਾਮ ਦਾ ਜਲਵਾ ਜਲਾਲ ਹੋਰ ਵਧੀਕ ਤੋਂ ਵਧੀਕ ਦਰਸ਼ਨ-ਆਨੰਦਾਂ ਵਿਚ ਖੜ੍ਹਦਾ ਚੜ੍ਹਦਾ ਜਾਏਗਾ। ਓਥੇ ਪਤਾ ਨਹੀਂ ਲਗੇਗਾ ਕਿ ਇਹ ਜੋਤਿ-ਜਲਵਨਾ-ਨਾਮ ਹੈ ਕਿ ਜੋਤਿ ਜਲਾਲੀ, ਜੋਤਿ ਜਲਵਾਲੀ, ਜੋਤਿ ਜਮਾਲੀ ਨਾਮੀ ਵਾਹਿਗੁਰੂ ਆਪ ਹੈ। ਜਿਉਂ ਜਿਉਂ ਨਾਮ ਜਲਾਲ ਜਲਵਨੀ ਰਾਮ ਰਤੰਨ ਦੀ ਜੋਤਿ ਆਭਾ ਹੋਰ ਤੋਂ ਹੋਰ ਵਧਦੀ ਜਾਏਗੀ, ਜਿਉਂ ਜਿਉਂ ਜੋਤਿ ਜਲਵਾਲੀ ਨਾਮੀ ਵਾਹਿਗੁਰੂ ਦਾ ਜਲਵਾਗਰੀ ਦਰਸ਼ਨ ਅਤੇ ਦਰਸ਼ਨ ਆਨੰਦ ਹੋਰ ਵਧੇਰੇ ਵਧਦਾ ਜਾਏਗਾ, ਤਿਉਂ ਤਿਉਂ ਨਾਮ ਦਾ ਰਸ-ਜੋਤਿ ਰੰਗੁ ਭੀ ਬੇਸ਼ੁਮਾਰ ਅਤੇ ਅਸਚਰਜ ਤੋਂ ਅਸਚਰਜ ਜੋਤਿ ਆਭਾ ਦੇ

ਬਿਸਮਾਦੋਂ ਬਿਸਮਾਦ ਕਰਦਾ ਜਾਏਗਾ। ਜਿਉਂ ਜਿਉਂ ਇਹ ਬਿਸਮਾਦ ਜਰਨ, ਨਾਮ ਅਭਿਆਸ ਨਾਮ-ਰੰਗੀ ਨਾਮ-ਜੋਤਿ-ਤੁੰਗੀ ਭਗਤ ਜਨ ਜਰਦਾ ਜਾਏਗਾ, ਤਿਉਂ ਤਿਉਂ ਸਹਜ ਬਿਵਸਥਾ ਵਿਚ ਸਮਾਈ ਹੁੰਦੀ ਚਲੀ ਜਾਏਗੀ। ਪਰ ਥਾਹ ਫੇਰ ਭੀ ਕਿਤੇ ਨਹੀਂ ਆਉਣੀ। ਇਹ ਹੈ ਤੁਛ ਮਾਤ੍ਰੀ ਵਿਆਖਿਆ "ਰਾਮਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ" ਗੁਰਵਾਕ ਪੰਗਤੀ ਦੀ। ਏਦੂੰ ਵਧ ਹੁਣ ਹੋਇ ਨਹੀਂ ਆਵੰਦੀ।

**(੧੯੪) ਭਗਤੁ ਸੋਈ ਕਲਿ ਮਹਿ ਪਰਵਾਨੁ ॥ ਜਾ ਕਉ ਠਾਕੁਰਿ ਦੀਆ ਮਾਨੁ ॥੩॥**
**ਸਾਧ ਸੰਗਿ ਮਿਲਿ ਭਏ ਪ੍ਰਗਾਸ ॥ ਸਹਜ ਸੂਖ ਆਸ ਨਿਵਾਸ ॥**
**ਪੂਰੈ ਸਤਿਗੁਰਿ ਦੀਆ ਬਿਸਾਸ ॥ ਨਾਨਕ ਹੋਏ ਦਾਸਨਿ ਦਾਸ ॥੪॥੭॥੧੮॥**

*(ਰਾਮਕਲੀ ਮ: ੫, ਪੰਨਾ ੮੮੮)*

ਇਸ ਕਲੀਕਾਲ ਵਿਖੇ ਗੁਰੂ ਘਰ ਦੇ ਭਗਤ ਜਨ ਹੀ ਪਰਵਾਨ ਹਨ। ਜਿਨ੍ਹਾਂ ਨੇ ਗੁਰਮਤਿ ਨਾਮ ਅਭਿਆਸ ਭਗਤੀ ਗੁਰ-ਆਸ਼ੇ ਅਨਕੂਲ ਕੀਤੀ ਹੋਵੇ; ਜਿਨ੍ਹਾਂ ਗੁਰਬਾਣੀ ਦੇ ਹੁਕਮ ਉਪਰ ਚਲਣਹਾਰੇ ਹੁਕਮੀ ਬੰਦੇ ਗੁਰਸਿੱਖਾਂ ਭਗਤਾਂ ਨੂੰ ਕਰਤੇ ਪੁਰਖ ਭਗਤ-ਵਛਲ ਠਾਕੁਰ ਨੇ ਸੱਚੀ ਭਗਤੀ ਦਾ ਮਾਣ ਬਖ਼ਸ਼ਿਆ ਹੈ, ਸੋਈ ਭਗਤ ਹੀ ਕਲਜੁਗ ਵਿਖੇ ਹਰਿ-ਦਰ ਪਰਵਾਨ ਸੱਚੇ ਭਗਤ ਜਨ ਹਨ। ਤਿਨ੍ਹਾਂ ਨੂੰ ਗੁਰੂ ਘਰ ਦੀ ਸੱਚੀ ਸਾਧ ਸੰਗਤਿ ਵਿਚ ਮਿਲ ਕੇ ਸੱਚਾ ਪਰਗਾਸ ਭਇਆ ਹੈ। ਇਹ ਸੱਚਾ ਪਰਗਾਸ ਕੀ ਹੈ ? ਸਹਜ ਸੁਖ ਦੀ ਅਪਰੰਪਰੀ ਬਿਸਮ-ਅਡੰਬਰੀ ਆਸ ਦਾ ਨਿਵਾਸ ਹੈ। ਜਿਉਂ ਜਿਉਂ ਸਹਜ ਸੁਖ ਦਾ ਬਿਸਮ ਆਨੰਦ ਆਉਂਦਾ ਹੈ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰੇ ਬਿਸਮ ਅਨੰਦੀ ਸੁਖ ਸਹਜ ਦੀ ਆਸ ਵਧਦੀ ਰਹਿੰਦੀ ਹੈ। ਸਹਜ ਸੁਖ ਦਾ ਹਰੇਕ ਵਧਿਆ ਬਿਸਮ-ਦਰਸ ਦਰਸਾਉ ਇਹ ਆਸ ਬੰਨ੍ਹਾਉਂਦਾ ਹੈ ਕਿ ਇਸ ਤੋਂ ਅਗੇ ਭੀ ਹੋਰ ਸੁਖ ਸਹਜ ਬਿਸਮ ਆਨੰਦੀ ਬਿਵਸਥਾ ਹੈ। ਜਿਉਂ ਜਿਉਂ ਇਹ ਸਹਜ-ਸੁਖ-ਨਿਵਾਸੀ ਸਹਜਤਾ ਵਧਦੀ ਹੈ ਤਿਉਂ ਤਿਉਂ ਵਧੇਰੇ ਬਿਸਮ ਵਾਲੀਂ ਸਹਜ ਦੀ ਸ਼ਰਧਨੀ ਆਸਾ ਵਧਦੀ ਹੈ। ਇਹ ਹੈ ਨਾਮ-ਰੰਗ ਵਿਚ ਸੁਫਰਨ ਹੋਈ ਵਿਆਖਿਆ "ਸਹਜ ਸੂਖ ਆਸ ਨਿਵਾਸ" ਗੁਰਵਾਕ ਪੰਗਤੀ ਦੀ। ਸਹਜ ਸੁਖ ਆਸ ਨਿਵਾਸੀ ਭਗਤ ਜਨਾਂ ਨੂੰ ਪੂਰੇ ਸਤਿਗੁਰੂ ਨੇ ਹੀ ਇਹ ਸੱਚਾ ਬਿਸਵਾਸ ਭਰੋਸਾ ਬੰਨ੍ਹਵਾਇਆ ਹੈ। ਸਤਿਗੁਰੂ ਦੇ ਇਸ ਬੰਧਵਾਏ ਭਰੋਸੇ ਦੀ ਸਰਧਾ, ਭਗਤ ਜਨਾਂ ਨੂੰ ਮਨ ਬਚ ਕ੍ਰਮ ਕਰਕੇ ਇਹ ਸੱਚੀ ਪ੍ਰਤੀਤ ਬੰਧਾਉਂਦੀ ਹੈ ਕਿ ਇਹ ਸਹਜ-ਆਨੰਦੀ ਬਿਵਸਥਾ ਵਿਚ ਖੇਲਣਹਾਰੇ ਗੁਰਸਿਖ ਪਰੇ ਤੋਂ ਪਰੇ ਹੋਰ ਵਧੇਰੇ ਬੇਸ਼ੁਮਾਰ ਹਨ, ਹੋ ਚੁਕੇ ਹੋਏ ਹਨ ਅਤੇ ਹੋਣਗੇ। ਇਸ ਕਰਕੇ ਤਿਨ੍ਹਾਂ ਨੂੰ ਕਿੰਚਤ ਮਾਤਰ ਭੀ ਨਿਜ ਬਿਵਸਥਾ ਦਾ ਗੁਮਾਨ ਨਹੀਂ ਹੁੰਦਾ, ਸਗੋਂ ਓਹ ਗੁਰਸਿੱਖਾਂ ਦੇ ਦਾਸ ਹਿਤੋਂ ਚਿਤੋਂ ਬਣੇ ਰਹਿੰਦੇ ਹਨ। ਸਭਨਾਂ ਗੁਰਸਿਖ ਸਹੇਲੀਆਂ ਨੂੰ ਇਕ ਦੂੰ ਇਕ ਚੜ੍ਹਦੀਆਂ ਸਮਝ ਕੇ ਆਪਣੇ ਆਪ ਨੂੰ ਸਭਨਾਂ ਦੀ ਦਾਸਤਾ ਵਿਚ ਰਹਿਣਾ ਹੀ ਉਮਾਹੁੰਦੇ ਹਨ। ਰੰਚਕ ਭੀ ਬਫਾਉਂਦੇ ਨਹੀਂ।

**(੧੯੫) ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ ॥**
**ਰਤਨ ਬੀਚਾਰ ਮਨਿ ਵਸਿਆ ਗੁਰ ਕੈ ਸਬਦਿ ਭਲੈ ॥... ੧੯॥**

*(ਵਾਰ ਰਾਮਕਲੀ ਮ: ੩, ਪੰਨਾ ੯੫੬)*

ਗੁਰੂ ਕੇ ਸਿਖ ਭਗਤ ਗੁਰਬਾਣੀ ਰੂਪੀ ਅਚੱਲ ਗੁਰਮਤਿ ਗੁਣਾਂ ਨੂੰ ਗਾਂਵਦੇ ਹੀ ਸੋਂਹਦੇ ਹਨ। ਗੁਰਮਤਿ ਗੁਣਾਂ ਤੋਂ ਛੁਟ ਅਨਿੰਨ ਗੁਰਮੁਖਿ ਭਗਤ ਜਨ ਹੋਰ ਕੱਚੀ ਬਾਣੀ ਦੇ ਗੀਤ ਨਹੀਂ ਗਾਂਵਦੇ, ਗਾਂਵਦੇ ਸੋਂਹਦੇ ਹੀ ਨਹੀਂ। ਧੁਰ ਕੀ ਬਾਣੀ ਦੇ ਗੁਣ ਹੀ ਅਚੱਲ ਗੁਣ ਹਨ। ਏਹਨਾਂ ਗੁਣਾਂ ਵਿਚ ਹੀ ਧੁਰ ਦੀ ਅਚੱਲਤਾ ਹੈ। ਏਹਨਾਂ ਅਚੱਲ ਗੁਰਮਤਿ ਗੁਣਾਂ ਨੂੰ ਗਾਵਣਹਾਰੇ ਗੁਰਮੁਖਿ ਭਗਤ ਜਨ ਅਹੱਲ ਥੰਮ੍ਹ ਵਾਂਗੂੰ ਹਰਿ ਦਰਗਹਿ ਅਸਥਿਰ ਹਨ। ਅਚੱਲ ਗੁਰਮਤਿ ਗੁਣਾਂ ਮਈ ਬਾਣੀ ਧੁਰੋਂ ਆਈ ਬਾਣੀ ਉਚਾਰਨ ਤਾਂ ਸਤਿਗੁਰਾਂ ਨੇ ਕੀਤੀ ਹੈ ਅਤੇ ਅਹੱਲ ਗੁਰਸਿਖ ਭਗਤਾਂ ਨੇ ਗਾਇਨ ਕੀਤੀ ਹੈ। ਗੁਰਸਿੱਖਾਂ ਦੇ ਗਾਇਨ ਧਿਆਇਨ ਕਰਨ ਲਈ ਹੀ ਸਤਿਗੁਰੂ ਨੇ ਗੁਰਬਾਣੀ ਧੁਰੋਂ ਆਣ ਕੇ ਪ੍ਰਗਟਾਈ ਹੈ। ਗੁਰਬਾਣੀ ਨੂੰ ਗਾਇੰਦੇ ਗਾਇੰਦੇ, ਧਿਆਇੰਦੇ ਧਿਆਇੰਦੇ, ਗੁਰ ਕੇ ਤੱਤ ਸ਼ਬਦ ਵੀਚਾਰ ਮਈ ਕਮਾਈ ਕਰਦੇ ਕਰਦੇ ਹਰਿ ਹਰਿ ਰੂਪੀ ਹੀਰਾ ਰਤਨ ਰਿਦੰਤਰਿ ਘਟ ਅੰਤਰਿ ਆਣ ਪਰਗਾਸ ਹੁੰਦਾ ਹੈ। ਇਹ ਤੱਤ ਐਸਾ ਗੁਰ-ਸ਼ਬਦ ਦਾ ਰਤਨ ਵੀਚਾਰ ਹੈ। ਵੀਚਾਰ ਕੀ ? ਹੰਸਲੇ ਗੁਰ-ਭਗਤਾਂ ਦਾ ਮੋਤੀ-ਚੋਗ ਅਹਾਰ ਹੈ। ਏਸ ਅਹਾਰ ਦਾ ਅਗਾਧ ਸੁਆਦ ਤੇਜ ਪ੍ਰਚੰਡੀ ਬਿਸਮਾਦ ਵਿਚ ਸੁਆਸਿ ਸੁਆਸਿ ਸੁਰਤੇ ਗੁਰਮੁਖਿ ਭਗਤਾਂ ਦੀ ਸੁਰਤੀ ਨੂੰ ਗੁੱਨ੍ਹੀ ਪਰੁਨ੍ਹੀ ਰਖਦਾ ਹੈ। ਇਹ ਹੈ "ਗੁਰ ਕੈ ਸਬਦਿ ਭਲੈ" ਦਾ ਰਤਨ ਵੀਚਾਰ। ਰਸ-ਮੀਠ ਸ਼ਬਦ ਨੂੰ 'ਭਲਾ ਸ਼ਬਦ' ਕਹਿ ਕੇ ਸਾਲਾਹਿਆ ਗਿਆ ਹੈ। "ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ" ਇਸ ਰਸ-ਮੀਠੇ ਭਲੇ ਸ਼ਬਦ ਦੀ ਵਿਆਖਿਆ ਹੈ।

SIKHBOOKCLUB.COM

## ੭

# ਸਚਖੰਡੀ ਭਗਤਾਂ ਦਾ ਨਜ਼ਾਰਾ

(੧੮੬) ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥
ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥੨੫॥

*(ਰਾਮਕਲੀ ਮ: ੫, ਪੰਨਾ ੮੯੪)*

ਸਚਖੰਡ ਦਰਬਾਰ ਵਿਖੇ ਨਿਰੰਕਾਰ ਭਗਤ-ਵਛਲ ਕਰਤਾ ਪੁਰਖ ਆਪਣੇ ਭਗਤਾਂ ਦੇ ਸੰਗ, ਨਿਰੰਕਾਰੀ ਬੋਲੀ ਵਿਚ ਗੋਸ਼ਟ ਕਰਦਾ ਹੈ। ਉਹ ਨਿਰੰਕਾਰੀ ਦਰਬਾਰ ਐਸਾ ਹੈ ਜਿਥੇ ਕਿ ਅਣਗਿਣਤ ਲੋਆਂ ਦੀਪਾਂ ਦੇ ਗੁਰੂ ਨਾਨਕ-ਨਿਸਤਾਰੇ ਹੋਏ ਬੇਅੰਤ ਭਗਤ ਜਨ ਵਸਦੇ ਹਨ। "ਤਿਥੈ ਭਗਤ ਵਸਹਿ ਕੇ ਲੋਅ" ਅਤੇ "ਕਰਹਿ ਅਨੰਦੁ ਸਚਾ ਮਨਿ ਸੋਇ" ਦੇ ਭਾਵ ਵਾਲੀ ਆਨੰਦ ਕੌਤੂਹਲੀ ਗੋਸ਼ਟ ਸੱਚੇ ਸੋਤੀ ਇਕ-ਮਿਕ ਹੋਏ ਆਤਮਾ ਅੰਤਰਿ ਕਰਦੇ ਰਹਿੰਦੇ ਹਨ। ਤਿਥੈ ਭਲਾ ਜਨਮ ਮਰਨ ਦਾ ਹਰਖ ਸੋਗ ਕਿਥੇ ? ਬਸ ਆਨੰਦ ਹੀ ਅਨੰਦ; ਪਰਮਾਨੰਦੀ ਦਰਸਨ ਪਰਸਨ ਦਾ ਪਰਚਾ ਬਣਿਆ ਰਹਿੰਦਾ ਹੈ।

(੧੮੭) ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥
ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥
ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥
ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥
ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥
ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥੨॥

*(ਧਨਾਸਰੀ ਮ: ੧ ਛੰਤ, ਪੰਨਾ ੬੮੮-੮੯)*

ਗੁਰੂ ਨਾਨਕ ਨਿਸਤਾਰੇ ਭਗਤ ਜਨ ਐਥੇ ਗੁਰ-ਸੰਗਤਾਂ ਵਿਚ ਰਹਿੰਦੇ ਹੋਏ ਭੀ ਅਤੇ ਚੋਲਾ ਛਡ ਕੇ ਭੀ ਸੱਚੀ ਗੁਰ-ਦਰਬਾਰ-ਪੁਰੀ ਦੇ ਵਾਸੀ ਸਚਖੰਡ ਸੋਹੇਂ ਹੀ ਰਹਿੰਦੇ ਸੋਹੰਦੇ ਹਨ। ਓਹਨਾਂ ਦਾ ਜੋਤਿ-ਜਲਵੰਨੀ-ਹੁਸਨ, ਦਰਸੰਨੀ ਸੁਹੱਪਣ, ਸਾਰੇ ਦਰਬਾਰ ਨੂੰ ਹੀ ਸੁਭਾਇਮਾਨ ਕਰ ਦਿੰਦਾ ਹੈ ਅਤੇ ਤਿਨ੍ਹਾਂ ਦਾ ਇਹ ਬਿਸਮ ਕ੍ਰਾਂਤੀ ਸੁਹੱਪਣ, ਸ਼ਬਦ ਜੋਤਿ-ਜਗੰਨੀ ਘਟੰਤਰੀ ਰੌਸ਼ਨੀ ਦੇ ਕਾਰਨ ਹੁੰਦਾ ਹੈ। ਅੰਤਰਲੀ ਨੂਰ ਅਫ਼ਸ਼ਾਨੀ ਲਾਲੀ, ਰਤਨ ਜੋਤੰਨੇ-ਸ਼ਬਦ ਦੀ ਪਾਰਸ ਪ੍ਰਭਾਵੀ ਪਰਤਵ (ਅਕਸ ਝਲਕ) ਓਹਨਾਂ ਦੇ ਚੇਹਰੇ 'ਤੇ ਆ ਸ਼ਗੁਫ਼ਤ ਹੁੰਦੀ ਹੈ। ਜਾਂ ਤੇ ਸ਼ਬਦ-ਵਿਗਾਸੀ-ਭਗਤਾਂ ਦੇ ਚੇਹਰੇ ਰੰਗ ਗੁਲਾਲੀ, ਜਲਵ ਜਲਾਲੀ, ਹੁਸਨ ਹੁਸੀਨੇ ਹੋ ਜਾਂਦੇ ਹਨ, ਜੋ ਅਤਿ ਅਨੂਪਮ

ਰੂਪ ਜਗਮਗੀ ਸੁਹੱਪਣ ਵਿਚ ਸੋਹਣ ਲਗ ਪੈਂਦੇ ਹਨ। ਸ਼ਬਦ-ਰਤੰਨੀ-ਆਭਾ ਸੋਭਾ ਵਾਲੇ ਸੋਹਣੇ ਭਗਤ ਜਨਾਂ ਦੇ ਅੰਤਰੋਂ ਅੰਮ੍ਰਿਤ ਬਾਣੀ ਦੇ ਝਰਨੇ ਹੀ ਝਰਦੇ ਰਹਿੰਦੇ ਹਨ। ਰਸਨਾ ਮੁਖਾਰਬਿੰਦ ਤੋਂ ਭੀ ਅੰਮ੍ਰਿਤ ਹੀ ਰਸਦਾ ਚੋਂਦਾ ਰਹਿੰਦਾ ਹੈ। ਜਿਉਂ ਜਿਉਂ ਰਸਨ-ਰਸਾਇਣੀ-ਰਸ ਓਹਨਾਂ ਦਾ ਵਧਦਾ ਹੈ, ਤਿਉਂ ਤਿਉਂ ਤਿਨ੍ਹਾਂ ਦੀ ਨਾਮ ਰਸਨ ਰਸਾਉਣ ਦੀ ਤ੍ਰਿਖਾ ਹੋਰ ਵਧਦੀ ਹੈ। ਤਾਂ ਤੇ ਓਹ ਹਰ ਦਮ ਰਸਨ-ਰਸਾਏ ਨਾਮ-ਤਿਸਾਏ ਹੀ ਰਹਿੰਦੇ ਹਨ। ਨਾਮ-ਤਿਸਾਏ ਭੀ ਐਹੋ ਜਿਹੇ ਕਿ ਗੁਰ ਕੇ ਸ਼ਬਦ ਗੁਰ-ਮੰਤ੍ (ਗੁਰਮਤਿ ਨਾਮ ਦੇ ਅਭਿਆਸ ਉਤੇ ਹਰ ਦਮ ਲੱਟੂ ਮਗਨੱਟੂ ਹੀ ਹੋਏ ਰਹਿੰਦੇ ਹਨ। ਆਪਾ ਵਾਰ ਕੇ, ਆਪਾ ਨਿਸਾਰ ਕੇ ਸ਼ਬਦ ਕਮਾਈ ਕਰਦੇ ਹਨ। ਗੁਰ ਕੇ ਸ਼ਬਦ ਉਤੇ ਅਜਿਹੇ ਵਿਕਦੇ ਹਨ ਕਿ ਦੇਹ-ਅਧਿਆਸ, ਦੇਹੀ ਦੀ ਸੁਧਿ ਬੁਧਿ ਹੀ ਇਨ੍ਹਾਂ ਨੂੰ ਨਹੀਂ ਰਹਿੰਦੀ। ਗੁਰ-ਸ਼ਬਦ ਦੀ ਦਿਨ ਰੈਨ ਹੀ ਪਾਰਸ ਪਰਸ ਓਹਨਾਂ ਨੂੰ ਨਿਰੋਲ ਪਾਰਸ ਰੂਪ ਹੀ ਕਰ ਦਿੰਦੀ ਹੈ। ਇਹ ਪਾਰਸ-ਕਲਾ ਤਿਨ੍ਹਾਂ 'ਤੇ ਵਰਤਦੀ ਹੈ ਜੋ ਪ੍ਰੀਤਮ-ਪ੍ਰਭੂ ਦੇ ਮਨਜ਼ੂਰੇ ਨਜ਼ਰ ਹੋਏਵੇ ਹੁੰਦੇ ਹਨ। ਤਿਨ੍ਹਾ ਆਪਾ-ਵਾਰਿਆਂ ਨੂੰ ਅਮਰਾ ਪਦ ਧੁਰਿ ਦਰਗਾਹੋਂ ਮਿਲਦਾ ਹੈ। ਸੋ ਅਮਰਾ ਪਦ ਪ੍ਰਾਪਤੀਏ ਭਗਤ ਜਨ ਹੀ ਸੱਚੇ ਗੁਰਮਤਿ ਗਿਆਨ ਵੀਚਾਰੀ ਹਨ। ਪਰ "ਹੋਨਿ ਵਿਰਲੇ ਨਾਹੀ ਘਣੇ ॥" ਸੱਚ-ਗਿਆਨ-ਵੀਚਾਰੀ, ਸੱਚ ਗਿਆਨ-ਪ੍ਰਚੰਡਾਰੀ ਹੋ ਕੇ ਭੀ ਓਹ ਸੱਚੇ ਨਾਮ ਦੇ ਵਪਾਰੀ ਅਭਿਆਸਚਾਰੀ ਬਣੇ ਰਹਿੰਦੇ ਹਨ। ਐਸੇ ਅਭਿਆਸਚਾਰੀ, ਰਸ ਜੋਤਿ ਪ੍ਰਚੰਡ ਗਿਆਨਾਰੀ ਭਗਤ ਜਨ ਸਦਾ ਸੱਚੇ ਸਾਹਿਬ ਦੇ ਦਰ-ਦਰਬਾਰ 'ਤੇ ਸਜੇ ਹੋਏ ਸੋਂਹਦੇ ਹਨ। ਤਿਥੇ ਦਸ ਗੁਰੂ ਜਾਮਿਆਂ ਦੀ ਦਿਬ ਹਸਤੀ ਵਿਲੱਖਣ ਨਿਰਾਲੇ ਦਿਬ ਵਜੂਦੀ ਰੂਪ ਵਿਚ ਆਭਾ ਮਾਰਦੀ ਹੁੰਦੀ ਹੈ।

(੧੯੮) **ਖਟ ਸਾਸਤ੍ ਊਚੌ ਕਹਹਿ ਅੰਤੁ ਨ ਪਾਰਾਵਾਰ ॥**
**ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥੬॥**

*(ਸਲੋਕ, ਥਿਤੀ ਗਉੜੀ ਮ: ੫, ਪੰਨਾ ੨੯੭-੯੮)*

ਹਿੰਦੂਆਂ ਦੇ ਛੇ ਈ ਸ਼ਾਸਤ੍ ਕਹਿੰਦੇ ਹਨ ਕਿ ਈਸ਼ਰ ਪਰਮਾਤਮਾ ਬੜਾ ਉੱਚਾ ਹੈ। ਕਿਤੇ ਉੱਚੇ ਅਸਮਾਨਾਂ ਵਿਚ ਰਹਿੰਦਾ ਹੈ। ਉਸ ਦਾ ਅੰਤ ਤੇ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਬਸ, ਇਸ ਪ੍ਰਕਾਰ ਦੇ ਲੱਖਣ ਹੀ ਲਾਉਂਦੇ ਹਨ, ਕਥਨੀ ਬਦਨੀ ਦੇ ਸੁਣੇ ਸੁਣਾਏ ਢਕੌਂਸਲਿਆਂ ਅਨੁਸਾਰ। ਏਦੂੰ ਵਧ ਓਹਨਾਂ ਨੂੰ ਹੋਰ ਕੁਛ ਪਤਾ ਨਹੀਂ, ਪਰਮਾਤਮਾ ਦੇ ਗਿਆਨ ਦਾ। ਪ੍ਰੰਤੂ ਗੁਰੂ ਘਰ ਦੇ ਭਗਤਾਂ ਸਿੱਖਾਂ ਸੰਤਾਂ ਨੂੰ ਵਾਹਿਗੁਰੂ ਦਾ ਦਰਬਾਰ-ਦੁਆਰਾ ਸਨਮੁਖ ਸੋਂਹੇਂ ਪਰਤੱਖ ਦਿਸਣ ਲਗ ਪੈਂਦਾ ਹੈ। ਇਸ ਲੋਕ ਵਿਖੇ ਬਿਚਰਦੇ ਹੋਏ ਓਹ ਵਾਹਿਗੁਰੂ ਦੁਆਰੇ ਦੇ ਦਰਸ਼ਨ ਆਨੰਦ ਮਾਣਦੇ ਹਨ ਅਤੇ ਮਾਣਦੇ ਹੋਏ ਗੁਣ ਵਖਾਣਦੇ ਹਨ। ਇਸ ਬਿਧਿ ਭਗਤ ਜਨ ਹਰਿ ਗੁਣ ਗਾਵੰਦੇ ਸੋਂਹਦੇ ਹਨ ਵਾਹਿਗੁਰੂ ਦੇ ਦੁਆਰ ਉਤੇ ਅਤੇ ਗੁਰੂ ਦਰਬਾਰ ਵਿਖੇ। ਗੁਰੂ ਦਰਬਾਰ ਤੇ ਵਾਹਿਗੁਰੂ ਦਾ ਦੁਆਰਾ ਇਕ-ਸਰੂਪ ਹੋ ਜਾਂਦਾ ਹੈ।

(੧੯੯) **ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨੁ ਰਾਤਿ ॥**
**ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥**

*(ਗਉੜੀ ਮਾਝ ਮ: ੫, ਪੰਨਾ ੨੧੮)*

ਗੁਰ ਭਗਤ ਜਨ ਵਾਹਿਗੁਰੂ ਦੇ ਸੱਚੇ ਦਰ 'ਤੇ ਦਿਨ ਰਾਤ ਆਨੰਦ ਕਰਦੇ ਆਨੰਦ ਮੰਗਲ ਗੁਣ ਗਾਵੰਦੇ ਸੋਹੰਦੇ ਹਨ ਅਤੇ ਪਰਮੇਸ਼ਰ ਦੇ ਦਰਸ਼ਨਾਂ ਦੇ ਰੰਗ ਵਿਚ ਰਤੇ ਹੋਏ ਮਗਨ ਅਨੰਦ ਰਹਿੰਦੇ ਹਨ। ਤਿਨ੍ਹਾਂ ਵਿਟਹੁ ਗੁਰੂ ਸਾਹਿਬ ਖ਼ੁਦ ਬਲਿਹਾਰਨੇ ਵਾਰਨੇ ਜਾਂਦੇ ਹਨ। ਅਜਿਹੇ ਸਿਖ ਭਗਤ ਜਨ ਗੁਰੂ ਘਰ ਦੇ ਸੱਚੇ ਸੰਤ ਹਨ।

(੧੯੦) **ਭਗਤ ਸਚੈ ਦਰਿ ਸੋਹਦੇ ਸਚੈ ਸਬਦਿ ਰਹਾਏ ॥**
**ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ ॥...੧੧॥**

*(ਵਾਰ ਗੂਜਰੀ ਮ: ੩, ਪੰਨਾ ੫੧੩)*

ਐਥੇ ਇਸ ਲੋਕ ਵਿਖੇ ਗੁਰੂ ਕੀਆਂ ਸੰਗਤਾਂ ਦੇ ਭਰਪੂਰ ਗੁਰ ਦਰਬਾਰ ਵਿਚ ਭਗਤ ਜਨ ਸਮਾਧ-ਸਥਿਤ ਬੈਠੇ ਹੋਏ ਹੁੰਦੇ ਹਨ, ਪਰ ਤਿਨ੍ਹਾਂ ਦੇ ਦਿੱਬ ਸੂਖਮ ਸਰੀਰ (astral bodies) ਵਾਹਿਗੁਰੂ ਸੱਚੇ ਦੇ ਸਚਖੰਡੀ ਦਰਬਾਰ ਵਿਖੇ ਸਜੇ ਹੋਏ ਸੋਹੰਦੇ ਹੁੰਦੇ ਹਨ। ਸੱਚੇ ਸ਼ਬਦ ਦੀ ਪਾਰਸ-ਕਲਾ ਦੁਆਰਾ ਹੀ ਓਹ ਸਮਾਧ-ਸਥਿਤ ਰਹਿੰਦੇ ਹਨ ਅਤੇ ਸੱਚੇ ਸ਼ਬਦ ਦੀ ਪਾਰਸ-ਅਭਿਆਸ-ਕਲਾ ਦੁਆਰਾ ਹੀ ਓਹ ਸੁਆਸ ਦਸਮੇ ਦੁਆਰ ਸੁਰਤਾਇ ਕੈ, ਸਚਖੰਡੀ ਦਰਬਾਰ ਦੇ ਨਿਵਾਸ ਵਿਖੇ ਅਸਥਿਤ ਹੋ ਕੇ ਟਿਕੇ ਰਹਿੰਦੇ ਹਨ। "ਸਚੈ ਸਬਦਿ ਰਹਾਏ" ਦੀ ਪਤਿ ਪਉੜੀ 'ਤੇ ਚੜ੍ਹਨ ਦੀ ਰੀਝ ਤਿਨ੍ਹਾਂ ਨੂੰ 'ਹਰਿ ਕੀ ਪ੍ਰੀਤਿ' ਉਪਜਾਉਂਦੀ ਹੈ, ਅਰਥਾਤ, ਹਰਿ ਕੀ ਪ੍ਰੀਤ ਦੀ ਪ੍ਰਬਲਤਾ ਕਰਿ 'ਪ੍ਰੇਮ ਕਸਾਏ' ਹੋਏ ਸ਼ਬਦ-ਕਲਾ ਦੁਆਰਾ ਦਸਮ ਦੁਆਰੇ ਜਾ ਖੇਲਦੇ ਹਨ, ਜਿਥੇ ਤਿਨ੍ਹਾਂ ਨੂੰ ਪ੍ਰੀਤਮ ਪਿਆਰੇ ਦੇ ਸਾਖਸ਼ਾਤ ਦਰਸ਼ਨ ਹੋ ਜਾਂਦੇ ਹਨ। ਏਹਨਾਂ ਆਨੰਦ-ਮਗਨਤਾਈਆਂ ਵਿਚ ਓਥੇ ਹੀ ਅਸਥਿਰ ਬਿਰਤ ਹੋ ਕੇ ਟਿਕੇ ਰਹਿੰਦੇ ਹਨ, ਸੁਆਸਾਂ ਕਰਕੇ ਭੀ ਅਤੇ ਸੁਰਤੀ ਕਰਕੇ ਭੀ।

(੧੯੧) **ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ ॥੪॥**
**ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ ॥੫॥੫॥**

*(ਰਾਮਕਲੀ ਮ: ੫, ਪੰਨਾ ੯੧੫)*

ਗੁਰੂ ਕੇ ਨਾਮ ਅਭਿਆਸੀ ਸਿੱਖਾਂ ਦਾ ਨਾਮ ਜਪ ਜਪ ਕੇ (ਨਾਮ ਦੀ ਅਭਿਆਸ ਕਮਾਈ ਕਰ ਕਰ ਕੇ) ਮਨ ਅਜਿਹਾ ਨਿਰਮਲ ਹੋ ਜਾਂਦਾ ਹੈ ਕਿ ਉਸ ਵਿਚ ਦੁਤੀਆ ਭਾਵ ਦੀ ਦੁਰਮਤਿ ਮੈਲ ਦੀ ਕਾਈ ਨਹੀਂ ਰਹਿੰਦੀ ਅਤੇ ਸੱਚ-ਸੁਖ ਵਿਚ ਸਮਾਈ ਹੋ ਜਾਂਦੀ ਹੈ। ਬਸ, ਫਿਰ ਤਿਨ੍ਹਾਂ ਦੀ ਸੁਖ ਹੀ ਸੁਖ ਵਿਚ ਸਾਰੀ ਉਮਰ ਵਿਹਾਵੰਦੀ (ਗੁਜ਼ਰਦੀ) ਹੈ, ਐਸੇ ਸੂਖੇ ਸੁਖ ਗੁਜ਼ਾਰਨ ਵਾਲੇ ਗੁਰਸਿਖ ਭਗਤਾਂ ਦੀ ਸ਼ਰਨਿ ਜੋ ਪ੍ਰਾਣੀ ਆਵੰਦਾ ਹੈ ਸੋ ਨਿਹਾਲ ਹੋ ਕੇ ਹੀ ਜਾਵੰਦਾ ਹੈ। ਤਿਸ ਨੂੰ ਨਾ ਈਹਾਂ (ਇਸ ਲੋਕ ਵਿਖੇ) ਜਨਮ ਜੂਏ ਹਾਰਨਾ ਬਣਦਾ ਹੈ, ਨਾ ਊਹਾਂ (ਪਰਲੋਕ ਵਿਖੇ) ਤਿਸ ਨੂੰ ਹਾਰ ਆਉਂਦੀ ਹੈ। ਈਹਾਂ ਊਹਾਂ ਤਿਨ੍ਹਾਂ ਦੀ ਜੈ ਜੈਕਾਰ ਹੀ ਹੁੰਦੀ ਹੈ। ਐਸਾ ਪਰਤਾਪ ਹੈ ਸੰਤਾਂ ਭਗਤਾਂ ਦੀ ਸੰਗਤਿ ਸ਼ਰਨਾਗਤ ਦਾ, ਕਿਉਂਕਿ ਗੁਰਮੁਖਿ ਸੰਤ ਭਗਤ ਜਨ ਪਾਰਸ ਚੰਦਨ ਦੀ ਨਿਆਈਂ ਹੁੰਦੇ ਹਨ। ਤਿਨ੍ਹਾਂ ਦੇ ਪਾਰਸ-ਚੰਦਨੀ-ਜੀਵਨ ਦਾ ਅਕਸ ਪ੍ਰਭਾਵ ਤਿਨ੍ਹਾਂ ਦੇ ਨਿਕਟ ਆਉਣ ਵਾਲਿਆਂ 'ਤੇ ਐਸਾ ਪੈਂਦਾ ਹੈ ਕਿ ਓਹ ਓਹਨਾਂ ਜਿਹਾ ਬਣਨ ਦੀ ਲੋਚ ਲੋਚਣ ਲਗ ਪੈਂਦੇ ਹਨ। ਲੋਚਾ ਲੋਚਦੇ ਲੋਚਦੇ ਤਿਨ੍ਹਾਂ ਦੇ

ਨਕਸ਼ੇ ਕਦਮ 'ਤੇ ਚਲਣ ਦੇ ਰੀਝਾਲੂ ਰੀਸਾਲੂ ਹੋ ਜਾਂਦੇ ਹਨ। ਗੁਰਮੁਖਿ ਸੰਤ ਜਨ ਤਿਨ੍ਹਾਂ ਨੂੰ ਗੁਰ-ਦੀਖਿਆ ਗੁਰੂ ਦੁਆਰਿਓਂ ਲੈਣ ਲਈ ਪ੍ਰੇਰਦੇ ਹਨ। ਤਿਨ੍ਹਾਂ ਗੁਰਮੁਖਾਂ ਦੀ ਪ੍ਰੇਰਨਾ ਭੀ ਪਾਰਸ ਰੂਪ ਹੁੰਦੀ ਹੈ। ਰੰਚਕ ਮਾਤਰ ਇਸ਼ਾਰੇ 'ਤੇ ਓਹ ਗੁਰਮਤਿ ਮਾਰਗ ਦੇ ਪਾਧਰੂ ਬਣ ਜਾਂਦੇ ਹਨ। ਇਸ ਪਰਮਾਰਥ ਦੀ ਜਗਿਆਸਾ ਵਾਲੀ ਜਾਗ ਤਿਨ੍ਹਾਂ ਨੂੰ ਲਗਦੀ ਹੈ। ਬਸ ਫੇਰ ਤਾਂ ਓਹ ਤਿਸੇ ਅਮਿਉ ਅਕਸੀਰ ਖਮੀਰ ਦੀ ਲਾਗ ਕਰਿ ਜਾਗ ਸੁਜਾਗ ਹੋ ਜਾਂਦੇ ਹਨ।

(੧੯੨) **ਸੰਤਨ ਕੇ ਕਾਰਜ ਸਗਲ ਸਵਾਰੇ ॥**
**ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ਰਹਾਉ॥**
**ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥**
**ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥**
*(ਸੋਰਠਿ ਮ: ੫, ਪੰਨਾ ੬੩੧)*

ਆਪਣੇ ਦੀਨਾਂ ਦਾਸਾਂ ਗੁਰਸਿਖ ਸੇਵਕਾਂ ਸੰਤਾਂ ਦੇ ਸਗਲੇ ਹੀ ਕਾਰਜ ਦੀਨ ਦਇਆਲ ਕ੍ਰਿਪਾਲ ਕ੍ਰਿਪਾਨਿਧਿ ਪੂਰਨ ਪਰਮੇਸ਼ਰ ਖਸਮੇਸ਼ਰ ਜੀ ਨੇ ਆਪ ਸਵਾਰੇ, ਸੰਵਾਰ ਦਿਤੇ ਹਨ। ਤਿਨ੍ਹਾਂ ਨੂੰ ਸਭ ਥਾਈਂ "ਆਉ ਬੈਠੁ ਆਦਰੁ" ਮਿਲਦਾ ਹੈ। ਓਹ ਕਿਸੇ ਬਾਤ ਲੋੜਾਤ ਕਰਿ ਊਣੇ ਨਹੀਂ ਰਹਿੰਦੇ। ਕਿਸੇ ਗੱਲ ਦੀ ਥੁੜ ਨਹੀਂ ਰਹਿੰਦੀ। ਸਭ ਲੋੜਾਂ ਓਹਨਾਂ ਦੀਆਂ ਪੂਰੀਆਂ ਹੁੰਦੀਆਂ ਹਨ। ਕਰਨਹਾਰਾ ਖਸਮ ਹਮਾਰਾ ਪੂਰੀਆਂ ਕਰਦਾ ਰਹਿੰਦਾ ਹੈ। ਭਗਤ ਜਨਾਂ ਦੀ ਭਗਤੀ ਦਾ ਐਸਾ ਪਰਤਾਪ ਹੈ ਜੋ ਪ੍ਰਭੂ ਪਰਮਾਤਮਾ ਭਗਤ ਵਛਲ ਨੂੰ ਮਨਜ਼ੂਰ ਹੈ ਕਿ ਭਗਤ ਜਨ ਭਗਤਿ ਸਿਰੋਪਾਉ ਸੇਤੀ ਉਸਦੀ ਦਰਗਹਿ ਅੰਦਰ ਪੈਂਧੇ ਹੀ ਜਾਂਦੇ ਹਨ। ਯਾ ਦਰਗਹਿ ਗਇਆਂ ਨੂੰ ਵਾਹਿਗੁਰੂ ਆਪ ਭਗਤਿ ਸਿਰੋਪਾਉ (ਗਲ ਖਾਸਾ) ਅਪਨੇ ਭਗਤ ਜਨਾਂ ਨੂੰ ਪਹਿਰਾਉਂਦਾ ਹੈ। ਅਨਿੰਨ ਭਗਤੀ ਤੋਂ ਵਧ ਹੋਰ ਕੀ ਸਿਰੋਪਾਉ ਹੋ ਸਕਦਾ ਹੈ।

 www.sikhbookclub.com

## ੯

# ਭਗਤਾਂ ਦੀ ਅਰਦਾਸ

(੧੯੩) **ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥**
**ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥**
**ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ ॥**
**ਨਾਨਕ ਦਰਸ ਪਿਆਸ ਲੋਚਾ ਪੂਰੀਐ ॥੪॥੭॥੧੦੯॥**

*(ਆਸਾ ਮ: ੫, ਪੰਨਾ ੩੯੮)*

ਵਾਹਿਗੁਰੂ ਆਪਣੇ ਭਾਣੇ ਅਨੁਸਾਰ ਜੋ ਕੁਛ ਕਰਦਾ ਹੈ ਸੋ ਆਪੇ ਹੀ ਕਰਦਾ ਹੈ। ਆਪਣਿਆਂ ਸੰਤਾਂ ਭਗਤਾਂ ਨੂੰ ਆਪੇ ਭਗਤੀ-ਦਾਨ ਦਿੰਦਾ ਹੈ। ਆਪੇ ਆਪਣੇ ਭਗਤਾਂ ਦਾ ਜੁਗ ਜੁਗ ਸਹਾਈ ਹੁੰਦਾ ਹੈ। ਤਾਂ ਤੇ ਇਸ ਗੁਰਮਤਿ ਤੱਤ ਲਖਣੀ ਸਚਾਈ ਵਾਲੀ ਸ਼ਰਧਾ ਨੂੰ ਮੁਖ ਰਖ ਕੇ ਅਤੇ ਮਨਿ ਵਸਾ ਕੇ ਭਗਤੀ ਕਰਨ ਵਾਲਿਆਂ, ਅਰਥਾਤ, ਨਾਮ ਜਪਣ ਵਾਲਿਆਂ ਨੂੰ ਨਾਮ ਜਪੀ ਹੀ ਜਾਣਾ ਚਾਹੀਦਾ ਹੈ, ਕਦੇ ਨਹੀਂ ਹਟਣਾ ਚਾਹੀਦਾ ਅਤੇ ਕਦੇ ਨਹੀਂ ਇਸ ਗੱਲ ਦਾ ਝੁਰੇਵਾਂ ਕਰਨਾ ਚਾਹੀਦਾ ਕਿ ਓਹਨਾਂ ਦੀ ਭਗਤੀ ਥਾਇ ਨਹੀਂ ਪੈਣੀ। ਪੂਰਨ ਭਰੋਸਾ ਰਖਣਾ ਚਾਹੀਦਾ ਹੈ ਕਿ "ਪ੍ਰਭੂ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ"[1], ਤਾਂ ਤੇ ਝੂਰਨਾ ਕਿਉਂ ? "ਕਦੇ ਨ ਝੂਰੀਐ", ਬਲਕਿ ਵਾਹਿਗੁਰੂ-ਦਰਸ਼ਨ ਦੀ ਪਿਆਸ ਲੋਚਾ ਦੀ ਲਗਨ ਮੁਖ ਰਖ ਕੇ ਨਾਮ ਜਪਣ ਵਿਖੇ ਜੁਟੇ ਰਹਿਣਾ ਚਾਹੀਦਾ ਹੈ। ਉਸ ਦੇ ਦਰ 'ਤੇ ਆਸ ਭਰੋਸਾ ਪੂਰਾ ਰਖਦੇ ਹੋਏ ਦਰਸ਼ਨ-ਲੋਚਾ ਪੂਰਤੀ ਦੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਵਾਸਤਵ ਵਿਚ ਵਾਹਿਗੁਰੂ ਨਾਮ ਦਾ ਅਭਿਆਸ ਹੀ ਅਰਦਾਸ ਸਰੂਪ ਹੈ। ਤਾਂ ਤੇ ਨਾਮ-ਜਾਪ ਦੇ ਅਭਿਆਸ ਦੇ ਨਾਲੋ ਨਾਲ ਹੀ ਸੁਤੇ ਸਿਧ ਅਰਦਾਸ ਹੁੰਦੀ ਰਹਿੰਦੀ ਹੈ, ਜੋ ਕਦੇ ਆਹਲੀ ਨਹੀਂ ਜਾਂਦੀ। ਓੜਕ ਪੂਰੀ ਹੋ ਕੇ ਰਹਿੰਦੀ ਹੈ, ਕਿਉਂਕਿ ਅਰਦਾਸ ਸੁਣਨਹਾਰਾ ਅੰਗ ਸੰਗ ਹਾਜ਼ਰਾ ਹਜ਼ੂਰ ਹੀ ਹੁੰਦਾ ਹੈ। ਭਗਤਾਂ ਦੀ ਤਾਂ ਭਗਤੀ-ਗੱਧੀ ਅਰਦਾਸ ਸਗੋਂ ਸ਼ੀਘਰਤਾ ਸਹਿਤ ਸੁਣਦਾ ਹੈ।

(੧੯੪) **ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ ॥**
**ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ ॥੧॥੫॥**

*(ਸੋਰਠਿ ਮ: ੩, ਪੰਨਾ ੬੦੧)*

ਗੁਰਮੁਖਿ ਸਿਖ ਸੰਤ ਭਗਤ ਦਿਨ ਰਾਤ ਨਾਮ ਜਪ ਜਪ ਕੇ ਭਗਤੀ ਕਰਨ

---

੧. ਗੋਂਡ ਮ: ੪, ॥੧॥੧॥, ਪੰਨਾ ੮੫੯


www.sikhbookclub.com

ਵਾਲੇ ਹੀ ਪ੍ਰਭੂ ਨੂੰ ਭਾਉਂਦੇ ਹਨ। ਵਾਹਿਗੁਰੂ ਦਾ ਦਰ ਪਰਸਣ ਆਏ ਅਜਿਹੇ ਸਿੱਖਾਂ ਸੰਤਾਂ ਭਗਤਾਂ ਦੀ ਉਹ ਆਪ ਸਾਰ ਸੰਮਾਲਦਾ ਅਤੇ ਹਰ ਪ੍ਰਕਾਰ ਦੀ ਰੱਖਿਆ ਕਰਦਾ ਹੈ। ਰਾਈ ਮਾਤਰ ਲੇਪ ਛੇਪ ਨਹੀਂ ਲਗਣ ਦਿੰਦਾ।

(੧੯੫) **ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ॥**
**ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ॥**
**ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ॥੧॥੨॥**
*(ਸੋਰਠਿ ਮ: ੩, ਪੰਨਾ ੬੦੦)*

ਸੱਚੇ ਹਰਿ ਧਨੁ ਰੂਪੀ ਨਾਮ ਦਾ ਭਗਤਿ-ਖਜਾਨਾ ਗੁਰੂ ਘਰ ਦੇ ਭਗਤਾਂ ਨੂੰ ਹੀ ਗੁਰੂ ਕਰਤਾਰ ਦੀ ਦਰਗਾਹੋਂ ਮਿਲਦਾ ਹੈ। ਇਹ ਅਖੁਟ ਨਾਮ ਧਨ ਕਦੇ ਨਿਖੁਟਦਾ ਨਹੀਂ। ਇਸ ਦੀ ਕੀਮਤ ਕਿਸੇ ਤੋਂ ਭੀ ਨਹੀਂ ਪੈ ਸਕਦੀ। ਗੁਰਮਤਿ ਨਾਮ ਧਨ ਦੇ ਧਨੀਆਂ ਦੇ ਹੀ ਮੁਖ ਉਜਲੇ ਹੁੰਦੇ ਹਨ, ਕਿਉਂਕਿ ਓਹਨਾਂ ਨੇ ਧਣੀ ਸੱਚੇ ਵਾਹਿਗੁਰੂ ਨੂੰ ਗੁਰਮਤਿ ਨਾਮ ਧਨ ਦੀ ਪ੍ਰਾਪਤੀ ਪਰ ਪ੍ਰਾਪਤ ਕਰ ਲਿਆ ਹੈ। ਐਸੇ ਹਨ ਗੁਰੂ ਘਰ ਦੇ ਸੱਚੇ ਸਿਖ ਸੰਤ ਭਗਤ ਜਨ।

SIKHBOOKCLUB.COM

# ੯

# ਖ਼ਾਲਸਾ ਪੰਥ ਅਟੱਲ ਹੈ

(੧੯੬) **ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥**
**ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥...੧॥** (੨)
*(ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੪੮-੪੯)*

ਖ਼ਾਲਸਾ ਧਰਮ (ਸਿਖ ਮਜ਼ਹਬ) ਰੂਪੀ ਗੁਰਮਤਿ ਮਤ ਅਚੱਲ ਹੈ। ਇਹ ਕਦੇ ਚਲਾਇਮਾਨ ਨਹੀਂ ਹੁੰਦਾ। ਇਸ ਗੁਰਮਤਿ ਮਤ ਖ਼ਾਲਸਾ ਪੰਥ ਦੀ ਅਜ਼ਮਤ ਸਦਾ ਕਾਇਮ ਦਾਇਮ ਰਹੇਗੀ, ਕਿਉਂਕਿ ਇਸ ਘਰ ਦੇ ਸੰਤ ਭਗਤ ਜਨ ਜੁਗੋ ਜੁਗ ਅਟੱਲ ਥੀਂਦੇ ਰਹਿਣਗੇ। ਗੁਰਸਿਖ ਭਗਤਾਂ ਸੰਤਾਂ ਦੀ ਅਜ਼ਮਤ ਦੇ ਅਟੱਲ ਅਚੱਲ ਰਹਿਣ ਦੇ ਕਾਰਨ ਗੁਰੂ ਪੰਥ ਗੁਰਮਤਿ ਮਤ ਦੀ ਅਜ਼ਮਤ ਭੀ ਸਦਾ ਸਦਾ ਲਈ ਅਸਥਿਰ ਅਬਿਚਲ ਰਹੇਗੀ। ਜੁਗ ਜੁਗ ਪੈਜ ਰਖਣਹਾਰਾ ਵਾਹਿਗੁਰੂ ਆਪਣੇ ਸੰਤਾਂ ਭਗਤਾਂ ਗੁਰਸਿੱਖਾਂ ਦੀ ਪ੍ਰੇਮਾ ਭਗਤੀ ਨੂੰ ਅੰਗੀਕਾਰ ਕਰਦਾ ਰਹੇਗਾ, ਅਤੇ ਅਜ਼ਮਤ ਦੀ ਕਾਇਮ ਦਾਇਮੀ ਦਾ ਕਾਰਜ ਸੁਹਾਵਾ ਹੁੰਦਾ ਰਹੇਗਾ। ਬਸ, ਇਕੋ ਗੁਰਮਤਿ ਧਰਮ ਹੀ ਜੁਗ ਜੁਗ ਪੂਰਾ ਉਤਰਨ ਵਾਲਾ ਧਰਮ ਹੈ ਅਤੇ ਇਸ ਨੂੰ ਧਾਰਨ ਦ੍ਰਿੜ੍ਹਾਰਨ ਵਾਲੇ ਗੁਰਸਿਖ ਭੀ ਪੂਰੇ ਸੂਰੇ ਪਰਵਾਨ ਪਏ ਸੰਤ ਭਗਤ ਜਨ ਹੋਣਗੇ, ਜੈਸੇ ਕਿ "ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥"[1] ਨਾਮੇ ਗੁਰਵਾਕ ਦਾ ਭਾਵ ਹੈ।

---

੧. ਬਸੰਤੁ ਮ: ੧, ॥੪॥੩॥ ਪੰਨਾ ੧੧੮੮

## ੧੦

# ਸੱਚੀ ਭਗਤੀ

(੧੯੭) ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥
ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥

ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮਾਲੇ ॥੨॥

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥

ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥
ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥
ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥
ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥
ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥
ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥

*(ਸੂਹੀ ਮ: ੩, ਪੰਨਾ ੭੬੮-੬੯)*

ਗੁਰਮਤਿ-ਭਗਤਿ-ਕਮਾਈ ਕਰਨਹਾਰੇ ਭਗਤਾਂ ਦੀ ਬਿਰਦ ਭਗਤੀ ਦੀ ਪੈਜ,

ਭਗਤ-ਵਛਲ ਵਾਹਿਗੁਰੂ ਜੀਉ ਆਪਿ ਰਖਦਾ ਹੈ ਅਤੇ ਜੁਗ ਜੁਗ ਰਖਦਾ ਆਇਆ ਤੇ ਰਖਦਾ ਰਹੇਗਾ। ਪਰ ਭਗਤ ਸੋ ਹੋ ਸਕਦਾ ਹੈ ਜੋ ਗੁਰਮੁਖਿ ਹੋਵੇ। ਅਤੇ ਗੁਰਮੁਖਿ ਸੋ ਹੈ ਜਿਸ ਨੇ ਗੁਰ-ਸ਼ਬਦ, ਗੁਰਮਤਿ ਨਾਮ ਦੁਆਰਾ ਅਭਿਆਸ ਕਮਾਈ ਕਰ ਕੇ ਹਉਮੈ ਨੂੰ ਜਲਾ ਦਿਤਾ ਹੋਵੇ। ਜਿਨ੍ਹਾਂ ਨੇ ਹਉਮੈ ਨੂੰ ਗੁਰ-ਸ਼ਬਦ-ਕਸਵੱਟੀ ਲਾ ਕੇ ਜਲਾਇਆ ਹੈ ਅਤੇ ਜਿਨ੍ਹਾਂ ਨੇ ਗੁਰਬਾਣੀ ਬਾਣੀਆਂ ਸਿਰ ਸਰਬੋਤਮ ਬਾਣੀ ਦਾ ਆਸਰਾ ਲਿਆ ਸੋਈ ਭਗਤ ਮੇਰੇ ਵਾਹਿਗੁਰੂ ਨੂੰ ਭਾਵੰਦੇ ਹਨ ਅਤੇ ਤਿਨ੍ਹਾਂ ਦੀ ਹੀ ਭਗਤਿ-ਕਮਾਈ ਥਾਇ ਪੈਂਦੀ ਹੈ। ਕਿਉਂਕਿ ਬਿਨਾਂ ਗੁਰ-ਸ਼ਬਦ ਗੁਰਮਤਿ ਨਾਮ ਦੀ ਅਤੁੱਟ ਅਭਿਆਸ ਕਮਾਈ ਦੇ ਕੀਤਿਆਂ ਹਉਮੈ ਦਾ ਬਿਨਾਸ ਨਹੀਂ ਹੁੰਦਾ। ਅਤੇ ਅਤੁੱਟ ਅਭਿਆਸ ਕਮਾਈ ਸੋਈ ਕਰ ਸਕਦੇ ਹਨ ਜਿਨ੍ਹਾਂ ਨੇ ਬਾਣੀਆਂ ਸਿਰ ਬਾਣੀ ਸਰਬੋਤਮ ਗੁਰਬਾਣੀ ਦਾ ਸੱਚਾ ਆਸਰਾ ਲਿਆ ਹੋਵੇ ਅਤੇ ਆਸਰਾ ਲੈ ਕੇ ਗੁਰ-ਸ਼ਬਦ-ਕਮਾਈ ਕੀਤੀ ਹੋਵੇ। ਗੁਰਮੁਖਿ ਆਖਿ ਵਖਾਣੀ ਰੂੜ੍ਹੀ ਬਾਣੀ ਦੀ ਟੇਕ ਲੈ ਕੇ ਹੀ ਗੁਰਮੁਖਿ ਭਗਤ ਜਨ ਦਿਨ ਰੈਣ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਮਈ ਸਿਫ਼ਤਿ ਸਾਲਾਹ ਕਰ ਕੇ ਸੱਚੀ ਪ੍ਰੇਮਾ ਭਗਤੀ ਕਰਦੇ ਹਨ। ਗੁਰਮੁਖਿ ਭਗਤਾਂ ਦੀ ਰਹਿਤ ਰਹਿਣੀ ਵਾਲੀ ਚਾਲ ਨਿਰਾਲੀ ਸਦਾ ਸੱਚੀ ਅਤੇ ਅਤਿ ਨਿਰਮਲ ਹੁੰਦੀ ਹੈ ਅਤੇ ਸੱਚੇ ਨਾਮ ਬਿਨਾਂ ਓਹਨਾਂ ਦੀ ਰੁਚੀ ਹੋਰ ਕੋਈ ਨਹੀਂ ਹੁੰਦੀ। ਸੱਚਾ ਨਾਮ ਹੀ ਨਾਮ ਓਹਨਾਂ ਨੂੰ ਭਾਉਂਦਾ ਮਨਿ-ਸੁਖਾਉਂਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਭਗਤ ਹੀ ਸੱਚੇ ਦਰ 'ਤੇ ਸੱਚੇ ਦੀ ਦਰਗਾਹ 'ਤੇ ਸੋਹੰਦੇ ਹਨ, ਜਿਨ੍ਹਾਂ ਨੇ ਸੱਚਾ ਨਾਮ ਕੇਵਲ ਸੱਚਾ 'ਗੁਰਮਤਿ ਨਾਮ' (ਗੁਰਮੰਤ੍ਰ) ਹੀ ਕਮਾਇਆ ਸਲਾਹਿਆ ਸਿਫ਼ਤਾਇਆ ਹੁੰਦਾ ਹੈ।੧।

ਵਾਹਿਗੁਰੂ ਦਾ ਨਾਮ ਹੀ ਭਗਤਾਂ ਦੀ ਜਾਤਿ ਹੈ, ਵਾਹਿਗੁਰੂ ਦਾ ਨਾਮ ਹੀ ਭਗਤਾਂ ਦਾ ਪੇਸ਼ਾ ਹੈ। ਵਾਹਿਗੁਰੂ ਨਾਮ ਹੀ ਭਗਤਾਂ ਦੀ ਪਤਿ ਹੈ। ਵਾਹਿਗੁਰੂ ਨਾਮ ਹੀ ਭਗਤਾਂ ਦਾ ਆਹਰ ਹੈ। ਵਾਹਿਗੁਰੂ ਨਾਮ ਵਿਖੇ ਹੀ ਭਗਤਾਂ ਦੀ ਲਿਵ ਸਮਾਈ ਹੈ। ਵਾਹਿਗੁਰੂ ਨਾਮ ਦੀ ਲਿਵਤਾਰ ਵਿਖੇ ਹੀ ਅਹਿਨਿਸ ਭਗਤ ਜਨ ਸਮਾਏ ਰਹਿੰਦੇ ਹਨ। ਸੱਚੇ ਗੁਰਮਤਿ ਭਗਤਾਂ ਹੰਸਲੇ ਜਨਾਂ ਨੇ ਨੀਰੋਂ ਸ਼ੀਰ (ਦੁੱਧ) ਦੀ ਨਿਆਈਂ ਵਿਚਹੁੰ ਅਵਗਣ ਨਿਰਵਾਰ ਕੇ ਗੁਰਮਤਿ ਗੁਣਾਂ ਦਾ ਤੱਤ ਕੱਢ ਲਿਆ ਹੁੰਦਾ ਹੈ ਅਤੇ ਸੱਚੀ-ਭਗਤਿ-ਕਮਾਈ ਕਰ ਕੇ ਆਪਣੇ ਅੰਦਰ ਹਉਮੈ ਦੀ ਕਾਈ ਅੰਸ ਮਾਤਰ (ਨਮੂਦ ਮਾਤਰ) ਭੀ ਨਹੀਂ ਰਹਿਣ ਦਿਤੀ ਹੁੰਦੀ। ਗੁਰਮਤਿ ਨਾਮ ਵਖਾਣ ਕੇ ਗੁਣ ਤੇ ਅਵਗਣ ਗੁਰਮੁਖਿ ਹੰਸਾਂ ਨੇ ਸ਼ੀਰ ਨੀਰ ਦੀ ਨਿਆਈਂ ਚੁਣ ਕੇ ਵਖ ਵਖ ਕੱਢ ਦਿਤੇ ਹੋਏ ਹਨ। ਗੁਣ, ਗੁਰਮਤਿ ਗੁਣ ਗ੍ਰਹਿਣ ਕਰ ਕੇ ਅਵਗੁਣ ਪਰਹਰ ਤਿਆਗ ਦਿਤੇ ਹੁੰਦੇ ਹਨ। ਸੱਚੀ ਭੈ ਭਾਵਨੀ ਗੁਰਮਤਿ ਗੁਣਾਂ ਦੀ ਹੀ ਓਹਨਾਂ ਦੇ ਅੰਦਰ ਸਮਾਈ ਹੁੰਦੀ ਹੈ। ਸੱਚੀ ਗੁਰਮਤਿ ਭਾਉ ਭਗਤਿ ਹੀ ਤਿਨ੍ਹਾਂ ਨੂੰ ਮੀਠੀ ਲਗਦੀ ਹੈ। ਦਿਨੇ ਰਾਤ ਬਸ ਭਗਤੀ ਕਰਨ ਵਿਚ ਹੀ ਲਗੇ ਰਹਿੰਦੇ ਹਨ। ਗ੍ਰਿਹਸਤ ਤਿਆਗੀ ਨਹੀਂ ਹੁੰਦੇ, ਘਰ (ਗ੍ਰਿਹਸਤ) ਵਿਚ ਰਹਿੰਦੇ ਹੋਏ ਹੀ ਅਹਿਨਿਸ ਬੈਰਾਗ-ਬਿਰਤ ਹੀ ਅਰੂੜ੍ਹ ਰਖਦੇ ਹਨ। ਅਜਿਹੇ ਗ੍ਰਿਹਸਤ ਉਦਾਸ ਸੱਚੇ ਬੈਰਾਗੀ ਗੁਰਮੁਖਿ ਭਗਤ ਜਨ ਘਰ ਵਿਚ ਰਹਿੰਦੇ ਹੋਏ ਸੱਚ-ਭਗਤੀ ਵਿਚ ਰੱਤੇ ਰਹਿੰਦੇ ਹਨ। ਭਗਤੀ ਰੱਤੇ ਭਗਤਾਂ ਦੇ ਮਨ ਸਦ ਸਦਾ ਹਉਮੈ ਦੀ ਕਾਈ ਤੋਂ ਨਿਰਮਲ ਰਹਿੰਦੇ ਹੈਨ। ਹਉਮੈ ਦਾ ਲੇਸ ਭੀ ਓਹਨਾਂ ਨੂੰ ਲਗਣਾ ਨਹੀਂ ਪਾਉਂਦਾ।

ਤਿਨ੍ਹਾਂ ਦਾ ਹਿਰਦਾ ਦਰਪਨ (ਸ਼ੀਸ਼ੇ) ਦੀ ਨਿਆਈਂ ਸਾਫ਼ ਹੋ ਜਾਂਦਾ ਹੈ। ਐਸੇ ਸ਼ੀਸ਼ੇ ਵਤ ਸਾਫ਼ ਅਤੇ ਹਉਮੈ ਦੀ ਕਾਈ ਤੋਂ ਪਾਕ ਹੋਏ ਮਨ ਹਿਰਦੇ ਅੰਦਰ ਵਾਹਿਗੁਰੂ ਦਾ ਦਰਸ਼ਨ ਜੋਤਿ ਦਰਪੰਨੀ ਪ੍ਰਤਿਬਿੰਬ ਪਰਤੱਖ ਆਣ ਉਤਰਦਾ ਹੈ। ਇਸ ਕਰਕੇ ਓਹ ਜੋਤਿ ਦਰਪੰਨੀ, ਜੋਤਿ ਦਰਸੰਨੀ ਪ੍ਰਤਿਬਿੰਬਤ ਹਿਰਦੇ ਵਾਲੇ ਗੁਰਮੁਖਿ ਭਗਤ ਜਨ ਵਾਹਿਗੁਰੂ ਨੂੰ ਸਦਾ ਆਪਣੇ ਨਾਲ ਹੀ ਵੇਖਦੇ ਹਨ। ਗੁਰੂ ਨਾਨਕ ਸਾਹਿਬ ਦੇ ਘਰ ਦੇ ਸੋਈ ਭਗਤ ਜਨ ਵਾਹਿਗੁਰੂ ਦੇ ਦਰ 'ਤੇ ਪੂਰੇ ਸਚੂਰੇ ਉਤਰਦੇ ਹਨ ਜੋ ਅਨਦਿਨ ਗੁਰਮਤਿ ਨਾਮ ਦੀ ਸੰਮਾਲਨਾ ਸਿਫ਼ਤਿ ਸਲਾਹਨ ਕਰਦੇ ਹਨ।

ਗੁਰੂ ਤੋਂ ਬੇਮੁਖ ਨਿਗੁਰੇ ਮਨਮੁਖ ਮਨਮਤੀਏ ਆਨਮਤੀਏ ਪੁਰਸ਼ ਸਤਿਗੁਰੂ ਦੀ ਟੇਕ ਬਿਨਾਂ, ਸਤਿਗੁਰੂ ਤੋਂ ਦੀਖਿਆ ਗੁਰਮੰਤ੍ਰ ਲਏ ਬਿਨਾਂ ਭਗਤੀ ਕਰਨ ਲਗ ਪੈਂਦੇ ਹਨ। ਤਿਨ੍ਹਾਂ ਦੀ ਭਗਤੀ ਕੀਤੀ ਥਾਇੰ ਨਹੀਂ ਪੈਂਦੀ, ਕਿਉਂਕਿ ਇਹ ਅਟੱਲ ਅਮਰੀ ਨਿਯਮ ਹੈ ਕਿ "ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥" ਸਤਿਗੁਰ ਨੂੰ ਗੁਰੂ ਧਾਰਨ ਕੀਤੇ ਬਿਨਾਂ ਭਗਤੀ ਹੋ ਹੀ ਨਹੀਂ ਸਕਦੀ ਅਤੇ "ਸਤਿਗੁਰ ਬਾਝਹੁ ਗੁਰੁ ਨਹੀ ਕੋਈ"[੧] ਦੇ ਗੁਰਵਾਕ ਅਨੁਸਾਰ ਸੱਚੇ ਸਤਿਗੁਰੂ ਬਾਝਹੁੰ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਤਾਂ ਤੇ ਸਤਿਗੁਰੂ ਸੱਚੇ ਗੁਰੂ ਤੋਂ ਦੀਖਿਆ ਗੁਰਮੰਤ੍ਰ ਪ੍ਰਾਪਤ ਕੀਤੇ ਬਿਨਾਂ ਸਭ ਨਿਗੁਰੇ ਹੀ ਰਹਿੰਦੇ ਹਨ। "ਨਿਗੁਰੇ ਕਾ ਹੈ ਨਾਉ ਬੁਰਾ"[੧] ਦੇ ਭਾਵ ਅਨੁਸਾਰ ਸਤਿਗੁਰ-ਹੀਣ ਤੋਂ ਭਗਤੀ ਕੀ ਹੋ ਸਕਣੀ ਹੋਈ ? ਹੋ ਹੀ ਨਹੀਂ ਸਕਦੀ। ਮਨਮੁਖ ਨਿਗੁਰੇ ਪੁਰਸ਼ ਤਾਂ ਅਹਿਨਿਸ "ਹਉਮੈ ਮਾਇਆ ਰੋਗਿ ਵਿਆਪੇ" ਹੀ ਰਹਿੰਦੇ ਹਨ। "ਮਰਿ ਜਨਮਹਿ ਦੁਖੁ ਹੋਈ" ਤੇ "ਦੂਜੈ ਭਾਇ ਪਰਜ ਵਿਗੋਈ" ਵਾਲਾ ਗੇੜ ਕਦੇ ਮੁਕਦਾ ਹੀ ਨਹੀਂ। ਤਿਨ੍ਹਾਂ ਨਿਗੁਰਿਆਂ ਨੂੰ ਸੱਚੀ ਭਗਤੀ ਦੇ ਤੱਤ ਦਾ ਕੀ ਪਤਾ ਲਗਣਾ ਹੋਇਆ। ਅਰਥਾਤ, ਬਿਲਕੁਲ ਨਹੀਂ ਲਗ ਸਕਦਾ। "ਵਿਣੁ ਗੁਰ ਤਤੁ ਨ ਜਾਨਿਆ।" ਇਹ ਸੱਚੀ ਭਗਤੀ ਗੁਰੂ ਘਰ ਵਿਖੇ ਹੀ ਅਤੇ ਗੁਰਮਤਿ ਗ੍ਰਹਿਣ ਕੀਤਿਆਂ ਹੀ ਸੱਚੀ ਭਗਤੀ ਹੁੰਦੀ ਹੈ। ਬਸ, ਗੁਰੂ ਘਰ ਦੇ ਗੁਰਮੁਖਿ ਸਿਖ ਸੰਤ ਜਨ ਹੀ ਸੱਚੇ ਭਗਤ ਬਣ ਸਕਦੇ ਹਨ। ਗੁਰਮਤਿ-ਹੀਣੇ ਆਨਮਤੀਏ ਕਦੇ ਭਗਤ ਨਹੀਂ ਸਦਾ ਸਕਦੇ। ਸੱਚੇ ਗੁਰੂ (ਸਤਿਗੁਰੂ) ਤੋਂ ਛੁਟ ਜਿਨ੍ਹਾਂ ਛੁਟੜਾਂ ਨੇ ਮੀਣੇ ਗੁਰੂ ਬਣਾਏ ਹਨ ਤਿਨ੍ਹਾਂ ਮੀਣੇ ਗੁਰੂਆਂ ਦੇ ਚੇਲਿਆਂ ਨੂੰ ਭੀ ਇਹ ਸੱਚੀ ਭਗਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਸੱਚੀ ਭਗਤੀ ਵਿਹੂਣਾ ਸਾਰਾ ਜਗਤ ਹੀ ਭ੍ਰਮਿ ਭੁਲਿਆ ਫਿਰਦਾ ਹੈ। "ਭਗਤਿ ਵਿਹੂਣਾ ਸਭੁ ਜਗੁ ਭਰਮਿਆ" ਅਤੇ ਇਸ ਸਾਰੇ ਵਿਗੁਤੀ ਗਏ ਜਗ ਦੀ ਕੀ ਦਸ਼ਾ ਹੁੰਦੀ ਹੈ। "ਅੰਤਿ ਗਇਆ ਪਛੁਤਾਨਿਆ ॥" ਗੁਰਮਤਿ ਭਗਤੀ ਹੀਣੇ ਪਾਖੰਡ-ਭਗਤੀ ਵਾਲੇ ਮੀਣੇ ਗੁਰੂਆਂ ਦੇ ਚੇਲੇ ਭੀ ਅੰਤ ਨੂੰ ਪਛਤਾਇ ਕੇ ਮਰਦੇ ਹਨ। ਸਾਰੇ ਖੰਡਾਂ ਬ੍ਰਹਮੰਡਾਂ ਦੀ ਮਾਨਸ ਜਨੰਮੀ ਅਸੰਖ ਪਦੰਮੀ ਕਾਇਨਾਤ ਵਿਚੋਂ ਕੇਵਲ ਇਹੋ ਗੁਰਮੁਖਿ ਵਿਰਲਿਆਂ ਦਾ ਹੀ ਪੰਥ ਹੈ, ਜਿਥੇ ਸੱਚੇ ਨਾਮ ਅਤੇ ਸੱਚੀ ਭਾਉ ਭਗਤੀ ਦਾ ਅੰਕੂਰ ਉਗਵਦਾ ਹੈ। ਇਸ ਅਸੰਖ ਅਰਬ ਖ਼ਰਬੀ ਕ੍ਰੋੜ ਪਦੰਮੀ ਗਿਣਤੀ ਕ੍ਰੋੜਾਂ ਵਿਚੋਂ ਮਸਾਂ ਇਕ ਹੀ ਐਸਾ ਜਨ ਲਭਦਾ ਹੈ ਕਿ ਜਿਸ ਨੂੰ ਗੁਰਮਤਿ ਸੱਚੇ ਨਾਮ ਦੀ ਅਤੇ ਗੁਰਮਤਿ ਸੱਚੀ ਭਗਤੀ ਦੀ ਪ੍ਰਾਪਤੀ ਹੋਈ ਹੋਵੇ। ਅਜਿਹੇ ਇਕ ਇਕ ਜਨ ਮਿਲ ਕੇ ਕਈ ਜਨ ਲੱਖ ਕ੍ਰੋੜੀ ਹੋ ਜਾਂਦੇ ਹਨ,

---

੧. ਆਸਾ ਮ: ੩ ਪਟੀ, ॥੧੩॥, ਪੰਨਾ ੪੩੫

 www.sikhbookclub.com

ਜੋ ਗੁਰੂ ਪੰਥ ਵਿਚੋਂ ਉੱਭਰ ਉੱਭਰ ਕੇ ਸੱਚੀ ਭਗਤੀ ਦੇ ਪੰਨੇ ਪੈਂਦੇ ਹਨ ਅਤੇ ਗੁਰਮੁਖਿ ਭਗਤਾਂ ਦੀ ਸੱਚੀ ਸ਼੍ਰੇਣੀ ਵਿਚ ਪ੍ਰੋਏ ਜਾਂਦੇ ਹਨ। ਜਿਨ੍ਹਾਂ ਜਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਸੱਚੇ ਦੁਆਰਿਓਂ ਘਰੋਂ ਨਾਮ ਦੀ ਵਡਿਆਈ ਮਿਲਦੀ ਹੈ ਤਿਨ੍ਹਾਂ ਵਡਭਾਗੀਆਂ ਦੀ ਸੱਚੇ ਨਾਮੀ ਦੇ ਸਰੂਪ ਵਿਚ ਸਮਾਈ ਹੁੰਦੀ ਹੈ। ਦੂਜੇ ਭਾਇ ਘੁਥਿਆਂ ਦੀ ਪਤਿ ਖੋਈ ਜਾਂਦੀ ਹੈ।

ਗੁਰੂ ਕੇ ਭਗਤਾਂ ਦੇ ਘਰ ਵਿਖੇ ਸੱਚਾ ਉਤਸ਼ਵ ਅਨੰਦ ਕੁਲਾਹਲੀ ਕਾਰਜ ਸਦਾ ਬਣਿਆ ਹੀ ਰਹਿੰਦਾ ਹੈ। ਸਦਾ ਹਰਿ ਗੁਣ ਵਖਾਨਣ ਦੇ ਉਤਸ਼ਵੀ ਆਹਰ ਵਿਚ ਹੀ ਲਗੇ ਰਹਿੰਦੇ ਹਨ। ਅਹਿਨਿਸ ਹਰਿ ਗੁਣ ਹੀ ਵਖਾਣਦੇ ਰਹਿੰਦੇ ਹਨ। ਵਾਹਿਗੁਰੂ ਨੇ ਤਿਨ੍ਹਾਂ ਭਗਤ ਜਨਾਂ ਨੂੰ ਇਸ ਭਗਤੀ ਦਾ ਅਮੋਲਕ ਖ਼ਜ਼ਾਨਾ ਆਪ ਹੀ ਦਿਤਾ ਹੈ। ਅਤੇ ਆਪ ਹੀ ਤਿਨ੍ਹਾਂ ਦੇ "ਕਾਲੁ ਕੰਟਕੁ ਮਾਰਿ ਸਮਾਣੇ" ਹਨ। ਤਿਨ੍ਹਾਂ ਹਰਿ ਮਨ ਭਾਣੇ ਭਗਤਾਂ ਦੇ "ਕਾਲੁ ਕੰਟਕੁ ਮਾਰਿ ਸਮਾਣੇ" ਹਨ ਜਿਨ੍ਹਾਂ ਨੇ ਗੁਰੂ ਦੁਆਰਿਓਂ ਨਾਮ ਨਿਧਾਨ ਰੂਪੀ ਸਚੁ ਨੂੰ ਪਾ ਲਿਆ ਹੈ। ਜਿਹੜਾ ਨਿਧਾਨ ਕਿ ਸਦਾ ਅਖੁੱਟ ਰਹਿੰਦਾ ਹੈ, ਕਦੇ ਨਿਖੁੱਟਦਾ ਨਹੀਂ। ਦਾਤਾਰ ਵਾਹਿਗੁਰੂ ਨੇ ਆਪਣੇ ਨਦਰਿਸ਼ਟੇ ਭਗਤ ਜਨਾ ਨੂੰ ਇਸ ਨਿਧਾਨ ਦੀ ਸਹਜ ਸੁਭਾਇ ਹੀ ਬਖ਼ਸ਼ਸ਼ ਕਰ ਦਿਤੀ ਹੈ। ਇਹ ਨਾਮ ਨਿਧਾਨੀਏ ਹਰਿ ਜਨ (ਸਿਖ ਸੰਤ ਭਗਤ) ਆਮ ਸੰਸਾਰੀਆਂ ਤੋਂ ਅਤਿ ਉੱਚੇ ਸਦਾ ਉੱਚੇ ਮਰਤਬੇ ਵਾਲੇ ਹੁੰਦੇ ਹਨ। ਇਸ ਉਚਾਣ ਦੀ ਸੋਵਾ ਸੁਹਾਵਣੀ ਸਰਫ਼ਰਾਜ਼ੀ ਤਿਨ੍ਹਾਂ ਨੂੰ ਗੁਰੂ ਕੇ ਸ਼ਬਦ ਦੀ ਪਾਰਸ ਪਰਤਾਪ ਭਰੀ ਬਰਕਤ ਕਰ ਕੇ ਹੁੰਦੀ ਹੈ। ਗੁਰ-ਸ਼ਬਦ ਸਰਫ਼ਰਾਜ਼ੀਏ ਸਿਖ ਸੰਤ ਭਗਤ ਜਨ, ਬਖ਼ਸ਼ਿੰਦ ਵਾਹਿਗੁਰੂ ਨੇ ਆਪਣੀ ਬਖ਼ਸ਼ਸ਼ ਦੁਆਰਾ ਆਪੇ ਹੀ ਬਖ਼ਸ਼ ਕੇ ਆਪਣੇ ਨਾਲ ਮਿਲਾ ਲਏ ਹਨ। ਇਸ ਬਿਧਿ ਵਾਹਿਗੁਰੂ ਨਾਲ ਮਿਲੇ ਹੋਏ ਅਤੇ ਸਦ ਮਿਲ ਰਹੇ ਭਗਤ ਜਨਾਂ ਦੀ ਸਭਾ ਜੁਗਿ ਜੁਗਿ ਕਾਇਮ ਦਾਇਮ ਰਹਿੰਦੀ ਹੈ।

(੧੯੮) **ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥**
**ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥**
**ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥**
**ਭਗਤ ਤੇਰੇ ਦਇਆਲ ਓਨਾ ਮਿਹਰ ਪਾਇ ॥**
**ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥**
**ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥**
**ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥**
**ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥**

*(ਗੂਜਰੀ ਵਾਰ ਮ: ੫, ਪੰਨਾ ੫੨੧-੨੨)*

ਹਰਿ-ਦਰ-ਪ੍ਰਗ ਖਲੋਏ ਪਰਵਾਨ ਪਏ ਗੁਰੂ ਘਰ ਦੇ ਭਗਤਾਂ ਦਾ ਮੁਖੋਂ ਬੋਲਿਆ ਵਖਾਣਿਆ ਗਾਵਿਆ ਗੁਰਬਾਣੀ ਦਾ ਕੀਰਤਨ ਹੀ ਗੁਰੂ ਦੀ ਦਰਗਾਹੇ ਥਾਉਂ ਪੈਂਦਾ ਹੈ ਅਤੇ ਪਰਵਾਨ ਹੁੰਦਾ ਹੈ। ਵਾਹਿਗੁਰੂ ਦੇ ਨਾਮ ਵਿਚ ਰੱਤੇ ਭਗਤਾ ਨੂੰ ਵਾਹਿਗੁਰੂ ਦੀ ਹੀ ਟੇਕ ਹੁੰਦੀ ਹੈ। ਵਾਹਿਗੁਰੂ ਜਿਸ ਭਗਤ ਉਤੇ ਕਿਰਪਾਲ ਹੁੰਦਾ ਹੈ ਤਿਸ ਦਾ ਜਨਮ ਮਰਨ ਦਾ ਦੁਖ ਸਦਾ ਲਈ ਦੂਰ ਹੋ ਜਾਂਦਾ ਹੈ। ਦਇਆਲ ਵਾਹਿਗੁਰੂ ਦੇ ਭਗਤਾਂ ਉਤੇ ਸਦਾ ਵਾਹਿਗੁਰੂ ਦੀ ਮੇਹਰ ਰਹਿੰਦੀ ਹੈ। ਜਿਸ ਭਗਤ ਜਨ ਉਤੇ ਇਹ ਮੇਹਰ

ਹੁੰਦੀ ਹੈ ਉਸ ਨੂੰ ਦੁਖ ਦਰਦ ਵਡਰੋਗ ਉੱਕਾ ਪੋਹ ਹੀ ਨਹੀਂ ਸਕਦਾ। ਵਾਹਿਗੁਰੂ ਦੇ ਸੱਚੇ ਸੁੱਚੇ ਭਗਤਾਂ ਨੂੰ ਇਕੋ ਗੁਣ ਗੋਬਿੰਦ ਗਾਉਣ ਦਾ ਅਧਾਰ ਹੀ ਹੁੰਦਾ ਹੈ। ਸੋ, ਇਹ ਸੱਚੇ ਗੁਣ ਗੋਬਿੰਦ ਗਾਉਣਹਾਰੇ ਭਗਤ ਗੁਰੂ ਕੇ ਸਿਖ ਸੰਤ ਸੇਵਕ ਜਨ ਹੀ ਹਨ, ਹੋਰ ਕੋਈ ਨਹੀਂ। ਓਹ ਪੂਰੇ ਹੋਏ ਹੋਣ ਕਰਿ ਭੀ ਸਦਾ ਸਦਾ ਰਾਤ ਦਿਨ ਸੁਆਸਿ ਸੁਆਸਿ ਵਾਹਿਗੁਰੂ ਨੂੰ ਇਕੋ ਅਤੁੱਟ ਅਜਪਾ ਜਾਪ ਦੁਆਰਾ ਧਿਆਉਂਦੇ ਰਹਿੰਦੇ ਹਨ ਅਤੇ ਅੰਮ੍ਰਿਤ ਰੂਪੀ ਨਾਮ ਨੂੰ ਪੀ ਪੀ ਕੇ ਨਾਮ ਨਾਲ ਹੀ ਅਘਾਏ ਤ੍ਰਿਪਤਾਏ ਰਹਿੰਦੇ ਹਨ (ਰੱਜੇ ਸੰਤੋਖੇ ਰਹਿੰਦੇ ਹਨ), ਕਦੇ ਊਣੇ ਨਹੀਂ ਹੁੰਦੇ।

(੧੯੯) **ਸਬਦੇ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਇ ॥**
**ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥੧॥**
**ਹਰਿ ਹਰਿ ਨਾਮੁ ਜਨ ਕੀ ਪਤਿ ਹੋਇ ॥**
**ਸਫਲੁ ਤਿਨ੍ਾ ਕਾ ਜਨਮੁ ਹੈ ਤਿਨ੍ ਮਾਨੈ ਸਭੁ ਕੋਇ ॥੧॥ਰਹਾਉ॥੩੬॥**
*(ਆਸਾ ਮ: ੩, ਪੰਨਾ ੪੨੯)*

ਸੱਚੀ ਬਾਣੀ ਗੁਰਬਾਣੀ ਦੇ ਕੀਰਤਨ ਆਹਰੀ ਭਗਤ ਜਨਾਂ ਦੀ ਪਛਾਣ ਗੁਰ ਸ਼ਬਦ ਨੀਸਾਣ ਦੁਆਰਾ ਹੀ ਹੁੰਦੀ ਹੈ। ਸੱਚੀ ਬਾਣੀ ਓਹਨਾਂ ਦਾ ਕਰਮ, ਸੱਚਾ ਨਾਮ ਓਹਨਾਂ ਦਾ ਧਰਮ ਹੁੰਦਾ ਹੈ। ਗੁਰਮਤਿ ਨਾਮ ਗੁਰ ਸ਼ਬਦ ਨੀਸਾਣ ਦੀ ਮੁਹਰ ਤਿਨ੍ਹਾਂ ਦੇ ਮੁਖ ਮਸਤਕ ਹਿਰਦੇ ਉਤੇ ਲਗੀ ਹੋਈ ਹੁੰਦੀ ਹੈ। ਆਪਾ ਭਾਵ ਓਹਨਾਂ ਦਾ ਵਿਚਹੁੰ ਸਭ ਖੋਇਆ ਹੋਇਆ ਹੁੰਦਾ ਹੈ। ਸੱਚੇ ਨਾਮ ਗੁਰਮਤਿ ਨਾਮ ਦੇ ਉਤੇ ਹੀ ਓਹਨਾਂ ਦੀ ਪ੍ਰਤੀਤ, ਗੁਰਮਤਿ ਨਾਮ ਨਾਲ ਹੀ ਤਿਨ੍ਹਾਂ ਦੀ ਪ੍ਰੀਤਿ ਹੁੰਦੀ ਹੈ। ਗੁਰਮਤਿ ਨਾਮ ਹੀ ਓਹਨਾਂ ਦੇ ਮਨ ਵਿਖੇ ਵਸਿਆ ਰਸਿਆ ਹੁੰਦਾ ਹੈ। ਸੱਚੇ ਵਾਹਿਗੁਰੂ ਨਾਲ ਓਹਨਾਂ ਦਾ ਵਸਲ-ਮਿਲਾਵਾ ਹੋਇਆ ਵਿਆ ਹੁੰਦਾ ਹੈ। ਨਾਮ ਪਤਿ ਪਰਵਾਨ ਜਨ ਹੀ ਸੱਚੇ ਭਗਤ ਹਨ। ਓਹਨਾਂ ਦੀ ਪਤਿ ਪ੍ਰਤਿਸ਼ਟਾ ਦਾ ਸਿੱਕਾ ਸਭਨਾਂ ਦੇ ਮਨਾਂ ਉਤੇ ਬੈਠਾ ਹੋਇਆ ਹੁੰਦਾ ਹੈ। ਤਿਨ੍ਹਾਂ ਮੰਨੇ ਪਰਮੰਨੇ ਗੁਰੂ ਘਰ ਦੇ ਭਗਤ ਜਨਾਂ ਦਾ ਜਗਿ ਜੀਵਿਆ ਹੀ ਸਫਲ ਹੈ।

(੨੦੦) **ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ਰਹਾਉ॥੪੭॥**
*(ਸੂਹੀ ਮ: ੫, ਪੰਨਾ ੭੪੬)*

ਆਪਣਿਆਂ ਸੰਤਾਂ ਭਗਤਾਂ ਗੁਰਸਿੱਖਾਂ ਕੀ ਟੇਕ ਓਟ ਕੇਵਲ ਓਹੀ ਭਗਤ-ਵਛਲ ਸੰਤ-ਸਹਾਈ ਗੁਰਸਿੱਖਾਂ ਦਾ ਗੋਸਾਈਂ ਸਿਰਜਨਹਾਰ ਗੁਰੂ ਕਰਤਾਰ ਹੀ ਹੈ। 'ਸੰਤਾਂ', 'ਭਗਤਾਂ' ਦੇ ਬਹੁ-ਵਚਨੀ ਪਦ ਏਥੇ ਕੇਵਲ ਗੁਰਸਿੱਖਾਂ ਪ੍ਰਥਾਇ ਹੀ ਘਟਦੇ ਹਨ; ਗੁਰੂ ਪ੍ਰਥਾਇ ਨਹੀਂ। ਗੁਰੂ ਤਾਂ ਆਪ ਟੇਕ ਰੂਪ, ਓਟ ਰੂਪ ਹੈ। ਸੰਤਾਂ ਭਗਤਾਂ ਸਿੱਖਾਂ ਦਾ ਭਾਵ ਸਪੱਸ਼ਟ ਹੈ।

(੨੦੧) **ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥**
**ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥**
**ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥...੧॥ (੧੧)**
*(ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੦)*

ਭਗਤੀ ਕਰਨਹਾਰੇ ਸਿੱਖਾਂ ਭਗਤਾਂ 'ਤੇ ਆਪ ਤੁਠ ਕੇ ਪਿਆਰਾ ਵਾਹਿਗੁਰੂ ਆਪ ਹੀ ਅਪਨੇ ਲੜ ਲਾਇ ਲੈਂਦਾ ਹੈ। ਲੜ ਲਾਇ ਲਏ, ਪੱਨੇ ਪਾਇ ਲਏ ਭਗਤ ਜਨਾਂ ਨੂੰ ਸੱਚੀ ਖਾਲਸਈ ਪਾਤਸ਼ਾਹੀ ਮੁਹਰ ਛਾਪ ਨਿਸ਼ਾਨੀ ਮਸਤਕ ਉਤੇ ਆਣ ਲਗਦੀ ਹੈ। ਸੱਚੀ ਦਰਗਹਿ ਗਏ ਪ੍ਰਗਟ ਪਾਹਾਰੇ ਹੀ ਪਹਿਚਾਣੇ ਜਾਂਦੇ ਹਨ ਕਿ ਇਹ ਸੱਚੇ ਪਾਤਸ਼ਾਹ ਸਤਿਗੁਰੂ ਦੀ ਸੱਚੀ ਪਾਤਸ਼ਾਹੀ ਦੇ ਪਰਵਾਨ ਪਏ ਬਿਜੈ ਨਿਸ਼ਾਨੀ (ਮੁਹਰ ਛਾਪੀ) ਸਿਖ ਹਨ। ਸੱਚੇ ਪਾਤਸ਼ਾਹ ਦੀ ਸੱਚੀ ਗੁਰਪੁਰੀ ਸਚਖੰਡ ਵਿਚ ਗਇਆਂ ਤਿਨ੍ਹਾਂ ਦੇ ਸੀਸ ਉਤੇ ਵਾਹਿਗੁਰੂ ਦੀ ਨਿਜ-ਸਾਧਕਾਂ ਦੀ ਭਗਤਿ ਨੈਸਾਨੀ ਸੱਚਾ ਛਤਰ ਝੁਲਦਾ ਹੈ। ਐਥੇ ਇਸ ਲੋਕ ਵਿਖੇ ਸਤਿਗੁਰੂ ਦੀ ਸੱਚੀ ਕਾਰ (ਭਗਤਿ ਕਮਾਈ) ਕਮਾ ਕੇ ਓਹ ਹਰਿ ਦਰਗਹਿ ਸਦਾ ਸੁਖੀਏ ਅਤੇ ਨਿਖਾਲਸ ਖਾਲਸੇ ਹੀ ਰਹਿੰਦੇ ਹਨ। "ਸਤਿਗੁਰ ਕੀ ਕਾਰ ਕਮਾਇ" ਦੀ ਤੁਕ ਵਿਚ 'ਸਤਿਗੁਰ' ਪਦ ਨਿਰਾਲਾ ਪਿਆ ਹੈ। ਇਸ ਕਰਕੇ ਭਗਤਾਂ ਦਾ ਅਰਥ ਏਥੇ ਗੁਰੂ ਪ੍ਰਥਾਇ ਨਹੀਂ ਘਟ ਸਕਦਾ। ਨਾਲੇ ਬਹੁ-ਵਚਨ ਹੈ।

(੨੦੨) **ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥**

*(ਆਸਾ ਮ: ੪, ਪੰਨਾ ੩੭੩)*

'ਭਗਤ ਜਨਾ' ਦਾ ਬਹੁ-ਵਚਨੀ ਪਦ ਏਥੇ ਭੀ ਹਰਿ ਕੀਰਤਨ ਗਾਵਣਹਾਰੇ ਗੁਰਸਿੱਖਾਂ ਪ੍ਰਥਾਇ ਹੀ ਘਟਦਾ ਹੈ। ਹਰਿ ਕੀਰਤਨ ਗਾਵਣਹਾਰੇ ਸਿਖ ਸੰਤ ਭਗਤ ਜਨਾਂ ਨੂੰ ਸਦਾ ਆਨੰਦ ਹੀ ਆਨੰਦ ਹੈ। ਇਹ ਆਨੰਦ ਹੋਰ ਤੋਂ ਹੋਰ ਖਿੜਦਾ ਵਿਗਸਦਾ ਰਹਿੰਦਾ ਹੈ, ਜਿਉਂ ਜਿਉਂ ਆਨੰਦ ਵਿਗਾਸੀ ਕੀਰਤਨੀਏ ਗੁਰਸਿਖ ਵਿਗਸ ਵਿਗਸ ਕੇ ਕੀਰਤਨ ਕਰਦੇ ਹਨ। ਐਸੀ ਮਹਿਮਾ ਹੈ ਹਰਿ ਕੀਰਤਨ ਦੀ ਅਤੇ ਕੀਰਤਨ ਗਾਵਣਹਾਰੇ ਗੁਰਸਿੱਖਾਂ ਦੀ।

ਜੋ ਜਨ ਪ੍ਰਾਣੀ ਗੁਰ ਕੇ ਸਿਖ ਭਗਤ ਜਨਾ ਦੇ ਸਨਮੁਖ ਹਾਜ਼ਰ ਹੋ ਕੇ ਸੰਗਤਾਂ ਦਾ ਆਗਿਆਕਾਰੀ ਹੁਕਮੀ ਬੰਦਾ ਕਾਰ ਕਰਾਰੀ ਰਹਿੰਦਾ ਹੈ, ਤਿਸ ਨੂੰ ਹੀ ਗੁਰੂ ਦੁਆਰਿਓਂ ਸੱਚੀ ਰਾਸ ਵਾਹਿਗੁਰੂ ਨਾਮ ਦੀ ਮਿਲਦੀ ਹੈ। ਭਗਤ ਜਨਾਂ ਗੁਰੂ ਕੀ ਸਾਧ ਸੰਗਤਿ ਤੋਂ ਬੇਮੁਖੀਏ ਪ੍ਰਾਣੀ ਦੇ ਮੁਖ ਵਿਚ ਛਾਰ ਹੀ ਪੈਂਦੀ ਹੈ। ਗੁਰੂ ਦੀ ਸੱਚੀ ਸਤਸੰਗ-ਟਕਸਾਲ ਛਡ ਕੇ ਹੋਰ ਕਿਥਾਊਂ ਭਟਕਣ 'ਤੇ ਕਿਸੇ ਦੀ ਭੀ ਪੂਰੀ ਨਹੀਂ ਪੈਂਦੀ। ਗੁਰੂ ਘਰ ਦੇ ਭਗਤ ਜਨ ਕੇਵਲ ਸੱਚੇ ਨਾਮ ਦੇ ਹੀ ਵਾਪਾਰੀ ਹੁੰਦੇ ਹਨ, ਹੋਰ ਕਾਮੇ ਦੇ ਨਹੀਂ। ਇਸ ਕਰਕੇ ਜਮ ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਜਾਂਦਾ। ਯਥਾ ਗੁਰਵਾਕ :

(੨੦੩) **ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥**
**ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥...੭॥**

*(ਵਾਰ ਬਿਲਾਵਲੁ ਮ: ੪, ਪੰਨਾ ੮੫੨)*

ਭਗਤ ਜਨਾਂ ਦਾ ਪਦ ਏਥੇ ਕੇਵਲ ਗੁਰਸਿੱਖਾਂ ਪ੍ਰਥਾਇ ਹੀ ਘਟਦਾ ਹੈ।

(੨੦੪) **ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥**
**ਵਿਚੇ ਗ੍ਰਿਸਤ ਉਦਾਸ ਰਹਾਈ ॥੨॥੧੬॥** *(ਗੂਜਰੀ ਮ: ੪, ਪੰਨਾ ੪੯੪)*

ਜਿਨ੍ਹਾਂ ਗੁਰੂ ਘਰ ਦੇ ਭਗਤ ਜਨਾਂ ਨੂੰ ਗੁਰ ਪ੍ਰਸਾਦ ਕਰਿ ਵਾਹਿਗੁਰੂ ਨੇ ਆਪ ਭਗਤੀ ਭਾਉ ਵਾਲੀ ਸ਼ਰਧਾ ਲਾਈ ਹੈ, ਓਹ ਗੁਰਸਿਖ ਗ੍ਰਿਹਸਤ ਦੇ ਵਿਚ ਰਹਿੰਦੇ

ਹੋਏ ਭੀ ਮਾਇਆ ਤੋਂ ਅਲੇਪ ਅਤੀਤ ਬੈਰਾਗੀ ਰਹਿੰਦੇ ਹਨ। ਐਸੀ ਹੈ ਵਡਿਆਈ ਗੁਰੂ ਘਰ ਦੇ ਗ੍ਰਿਹਸਤ ਉਦਾਸ ਗੁਰਮੁਖਿ ਸਿੱਖਾਂ ਭਗਤਾਂ ਦੀ।

(੨੦੫) **ਚਿਤ੍ਰ ਗੁਪਤ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥੪॥**
**ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥ ਵਾਜੇ ਤਾ ਕੈ ਅਨਹਦ ਤੂਰਾ॥੫॥੪੦॥੯੧॥**
*(ਆਸਾ ਮ: ੫, ਪੰਨਾ ੩੯੩)*

ਚਿਤਰ ਗੁਪਤ ਹੋਰ ਸਭਨਾਂ ਦਾ ਲੇਖਾ ਲਿਖਦੇ ਹਨ, ਪਰ ਗੁਰੂ ਘਰ ਦੇ ਸਿੱਖਾਂ ਸੰਤਾਂ ਭਗਤ ਜਨਾਂ ਵਲ ਅੱਖ ਭਰ ਕੇ ਭੀ ਨਹੀਂ ਝਾਕ ਸਕਦੇ। ਜਿਸ ਸੰਤ ਭਗਤ ਦਾ ਗੁਰੂ ਨਾਨਕ ਸਤਿਗੁਰੂ ਪੂਰਾ ਹੈ, ਉਹ ਏਹਨਾਂ ਜਮ ਜਾਗਾਤੀਆਂ ਚਿਤਰ ਗੁਪਤਾਂ ਦੀ ਗ੍ਰਿਫ਼ਤ ਤੋਂ ਉੱਚੇ ਅਛੇਪ ਦਸਮ ਦੁਆਰ ਵਿਖੇ ਹੀ ਖੇਲਦੇ ਰਹਿੰਦੇ ਹਨ। ਅਨਹਦ ਵਾਜੇ ਵਜਦੇ ਹਨ ਤਾਂ ਤਿਨ੍ਹਾਂ ਗੁਰੂ ਘਰ ਦੇ ਗੁਰਸਿੱਖਾਂ ਦੇ ਦਸਮ ਦੁਆਰ ਵਿਖੇ ਹੀ ਵਜਦੇ ਹਨ। ਹੋਰ ਆਨਮਤੀਆਂ ਭਗਤੀ ਕਰਨਹਾਰਿਆਂ ਹਠ-ਜੋਗੀਆਂ ਦੇ ਨਹੀਂ ਵੱਜ ਸਕਦੇ। ਇਹ ਗੱਲ ਨਿਸਚੇ ਕਰਕੇ ਜਾਣੋ। ਇਸ ਵਿਚ ਰੰਚਕ ਸ਼ਕ ਨਹੀਂ।

(੨੦੬) **ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ॥**
**ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥**
**ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ॥**
**ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ॥੪॥੧੧॥੮੧॥**
*(ਸਿਰੀਰਾਗੁ ਮ: ੫, ਪੰਨਾ ੪੬)*

ਆਪਣੇ ਸੰਤ ਭਗਤਾਂ ਗੁਰਸਿੱਖਾਂ ਨੂੰ ਗੁਰੂ ਕਰਤਾਰ ਆਪ ਆਪਣੀ ਕਿਰਪਾ ਧਾਰ ਕੇ ਹੱਥ ਦੇ ਕੇ ਰਖਦਾ ਹੈ (ਜਮ ਜਗਾਤੀਆਂ ਤੋਂ)। ਓਹ ਸਦਾ ਸੱਚੇ ਵਾਹਿਗੁਰੂ ਦੇ ਗੁਣ ਸਾਰਦੇ ਸੰਮਾਰਦੇ ਰਹਿੰਦੇ ਹਨ। ਗੁਰਬਾਣੀ ਦੇ ਕੀਰਤਨ-ਆਹਰ ਵਿਚ ਹੀ ਲਗੇ ਰਹਿੰਦੇ ਹਨ। ਤਿਨ੍ਹਾਂ ਦੇ ਹਲਤ ਪਲਤ ਵਿਖੇ ਮੁਖ ਉਜਲੇ ਰਹਿੰਦੇ ਹਨ। ਅੱਠੇ ਪਹਿਰ ਅਪਾਰ ਰੰਗਾਂ ਵਿਚ ਰੱਤੇ ਹੋਏ ਗੁਣ ਗਾਵੰਦੇ ਸਲਾਹੰਦੇ ਹਨ। ਹਲਤ ਸੁਖ ਪਲਤ ਸੁਖ ਦੇਵਣਹਾਰੇ ਸੁਖ ਸਾਗਰ ਪਾਰਬ੍ਰਹਮ ਵਿਟਹੁ ਸਦਾ ਸਦਾ ਬਲਿਹਾਰੇ ਜਾਂਦੇ ਹਨ, ਘੋਲਿ ਘੁਮਾਂਦੇ ਹਨ। ਗੁਰਸਿੱਖਾਂ ਭਗਤਾਂ ਹਰਿ ਗੁਣ ਗਾਵਣਹਾਰਿਆਂ ਦੀ ਐਸੀ ਮਹਿਮਾ ਹੈ, ਜੋ ਗੁਰੂ ਨਾਨਕ ਸਾਹਿਬ ਨੇ ਗਾਈ ਹੈ ਆਪ।

(੨੦੭) **ਸੋ ਹਰਿ ਮੇਰਾ ਅੰਤਰਜਾਮੀ॥**
**ਭਗਤ ਜਨਾ ਕੈ ਸੰਗਿ ਸੁਆਮੀ॥੧॥ਰਹਾਉ॥੧੭॥**
*(ਸੂਹੀ ਮ: ੫, ਪੰਨਾ ੭੪੦)*

ਅੰਤਰਜਾਮੀ ਵਾਹਿਗੁਰੂ ਸੁਆਮੀ ਆਪਣੇ ਭਗਤ ਜਨਾਂ ਦੇ ਸਦਾ ਸੰਗ ਸਹਾਈ ਹੈ। ਭਗਤੀ ਕਰਨਹਾਰੇ ਭਗਤ ਜਨਾਂ ਤੋਂ ਮੁਰਾਦ ਨਾਮ ਅਭਿਆਸੀ ਗੁਰਮੁਖਿ ਸਿੱਖਾਂ ਤੋਂ ਹੈ।

(੨੦੮) **ਭਗਤ ਜਨਾ ਕੈ ਸੰਗਿ ਪਾਪ ਗਵਾਵਣਾ॥**
**ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ॥੨੫॥**
*(ਵਾਰ ਸੋਰਠਿ ਮ: ੪, ਪੰਨਾ ੬੫੨)*

 www.sikhbookclub.com

ਰੰਗ-ਰੱਤੇ ਸਤਸੰਗੀ ਗੁਰਸਿਖ ਸੰਤਾਂ ਭਗਤਾਂ ਦੀ ਸੰਗਤਿ ਵਿਚ ਮਿਲ ਕੇ ਹਰਿ-ਜਸ ਗਾਵਣ ਸੁਣਨ ਦੇ ਪਰਤਾਪ ਕਰਿ ਸਭ ਪਾਪ ਦੂਰ ਹੋ ਜਾਂਦੇ ਹਨ। ਐਸੇ ਸੰਤਾਂ ਭਗਤਾਂ ਗੁਰਸਿੱਖਾਂ ਤੋਂ ਗੁਰੂ ਨਾਨਕ ਸਾਹਿਬ ਸਦਾ ਬਲਿਹਾਰਨੇ ਵਾਰਨੇ ਜਾਂਦੇ ਹਨ।

(੨੦੯) **ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥...੬॥**
**ਆਦਿ ਪੁਰਖ ਕਾਰਨ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ ॥...੭॥੨੦॥**

*(ਗਉੜੀ ਸੁਖਮਨੀ ਮ: ੫, ਪੰਨਾ ੨੯੦)*

ਨਾਮ-ਅਭਿਆਸੀ ਸ਼ਬਦ-ਵਿਗਾਸੀ ਗੁਰਸਿੱਖਾਂ ਭਗਤ ਜਨਾਂ ਦੇ ਮਨ ਤਨ ਵਿਖੇ ਭਗਤੀ ਦੇ ਆਤਮ-ਜੋਤਿ-ਵਿਗਾਸੀ-ਰੰਗ ਚਲੂਲੇ ਚੜ੍ਹੇ ਹੀ ਰਹਿੰਦੇ ਹਨ। ਤਿਨ੍ਹਾਂ ਦਾ ਸੰਗ ਕਿਸੇ ਵਿਰਲੇ ਵਡਭਾਗੇ ਪ੍ਰਾਣੀ ਨੂੰ ਹੀ ਪ੍ਰਾਪਤ ਹੁੰਦਾ ਹੈ। ਆਦਿ ਪੁਰਖ ਕਾਰਨ ਕਰਤਾਰ ਹੀ ਭਗਤ ਜਨਾਂ ਦਾ ਪ੍ਰਾਣ ਅਧਾਰ ਹੈ।

(੨੧੦) **ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥**

*(ਗਉੜੀ ਸੁਖਮਨੀ ਮ: ੫, ਪੰਨਾ ੨੬੨)*

ਇਸ ਦੂਤੁਕੀ ਗੁਰਵਾਕ ਵਿਖੇ ਭਗਤ ਜਨਾਂ ਤੇ ਸੰਤ ਜਨਾਂ ਦਾ ਇਕੋ ਭਾਵ ਨਾਮ ਅਭਿਆਸੀ ਗੁਰਸਿੱਖਾਂ ਦਾ ਹੈ। ਨਾਮ ਹੀ ਗੁਰਸਿਖ ਭਗਤ ਜਨਾਂ ਦੀ ਵਰਤੋਂ ਵਿਉਹਾਰ ਹੈ। ਨਾਮ ਹੀ ਗੁਰਸਿਖ ਸੰਤ ਜਨਾਂ ਦੇ ਮਨ ਵਿਖੇ ਬਿਸਰਾਮ ਕਰਨਹਾਰ ਹੈ। ਨਾਮ-ਰਿਦ-ਬਿਸਰਾਮੀ ਅਤੇ ਭਗਤਿ-ਵਰਤਣ-ਬਿਗਸਾਮੀ ਸਿੱਖਾਂ ਨੂੰ ਏਥੇ ਸੰਤ ਭਗਤ ਵਰਨਿਆ ਹੈ।

(੨੧੧) **ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ ॥...੩੦॥**

*(ਵਾਰ ਗਉੜੀ ਮ: ੪, ਪੰਨਾ ੩੧੬)*

ਨਾਮ ਜਪਣਹਾਰੇ ਸਿੱਖਾਂ ਭਗਤਾਂ ਦਾ ਆਪ ਵਾਹਿਗੁਰੂ ਰਾਖਾ ਹੈ। ਦੁਸ਼ਟ ਪਾਪੀ ਦੋਖੀ ਪੁਰਸ਼ ਓਹਨਾਂ ਦਾ ਕੁਝ ਨਹੀਂ ਵਿਗਾੜ ਸਕਦੇ। ਨਾ ਹੀ ਨਿੰਦਕਾਂ ਦੀ ਨਿੰਦਾ ਤਿਨ੍ਹਾਂ ਦਾ ਤਸੂ ਉਖਾੜ ਸਕਦੀ ਹੈ।

(੨੧੨) **ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥**
**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥੪੪॥**

*(ਬਿਲਾਵਲੁ ਮ: ੫, ਪੰਨਾ ੮੧੧)*

ਸਾਕਤਾਂ ਮਨਮੁਖਾਂ ਦੇ ਮੁਕਾਬਲੇ ਵਿਚ ਏਥੇ ਗੁਰਸਿੱਖਾਂ ਗੁਰਮੁਖਾਂ ਨੂੰ ਭਗਤ ਜਨ ਆਖ ਕੇ ਵਰਨਿਆ ਹੈ। ਗੁਰੂ ਘਰ ਦੇ ਗਰੀਬ ਤੋਂ ਗਰੀਬ ਸਿੱਖਾਂ ਭਗਤਾਂ ਦਾ ਬਖ਼ਸ਼ਿਆ ਹੋਇਆ ਲੂੰਗਰਾ ਓਢ ਕੇ ਨਗਨ ਨਹੀਂ ਹੋਈਦਾ। ਪਤਿ ਪ੍ਰਤਿਸ਼ਟਾ ਬਣੀ ਰਹਿੰਦੀ ਹੈ। ਸਾਕਤਾਂ ਦਾ ਰੇਸ਼ਮੀ ਸਿਰੋਪਾਊ ਪਹਿਰਿਆਂ ਭੀ ਪਤਿ ਆਬਰੂ ਖੋਈ ਜਾਂਦੀ ਹੈ।

(੨੧੩) **ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਣ ਗਾਇ ਅਪਾਰਾ ॥**
**ਗੁਣਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥੩੨॥**

*(ਮਾਝ ਮ: ੫, ਪੰਨਾ ੧੦੩)*

ਗੁਰਸਿਖ ਭਗਤ ਜਨਾਂ ਦਾ ਜੀਵਨ-ਆਧਾਰ ਅਪਾਰ ਹਰਿ ਗੁਣਾਂ ਦਾ ਗਾਵਣਾ ਹੈ। ਤਿਨ੍ਹਾਂ ਦੇ ਜੀਅ ਪ੍ਰਾਨ ਹਿਰਦੇ ਵਿਖੇ ਕੇਵਲ ਵਾਹਿਗੁਰੂ ਨਾਮ ਦਾ ਹੀ ਆਧਾਰ ਰਹਿੰਦਾ ਹੈ। ਨਾਮ-ਅਹਾਰੀਆਂ ਦਾ ਇਹ ਅਨੂਠਾ ਆਧਾਰ ਹੈ। ਗੁਣ ਨਿਧਾਨ ਅੰਮ੍ਰਿਤ ਨਾਮ ਵਾਹਿਗੁਰੂ ਨੂੰ ਧਿਆਇ ਧਿਆਇ ਕੇ ਹੀ ਓਹਨਾਂ ਨੂੰ ਸੱਚੇ ਸੁਖ ਦੀ ਸੰਤੁਸ਼ਟਤਾ ਹੁੰਦੀ ਹੈ।

(੨੧੪) **ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ ॥੨॥੪੯॥**

*(ਸੂਹੀ ਮ: ੫, ਪੰਨਾ ੭੪੭)*

ਪ੍ਰਾਨਪਤਿ ਪ੍ਰੀਤਮ ਵਾਹਿਗੁਰੂ ਨੂੰ ਆਪਣੇ ਭਗਤ ਖਰੇ ਪਿਆਰੇ ਹਨ। ਭਗਤਾਂ ਨੂੰ ਭੀ ਵਾਹਿਗੁਰੂ ਪ੍ਰੀਤਮ ਖਰਾ ਪਿਆਰਾ ਹੈ। 'ਭਗਤਾਂ' ਦਾ ਭਾਵ ਏਥੇ ਭਗਤੀ ਕਰਨਹਾਰੇ ਸਿੱਖਾਂ ਸੰਤਾਂ ਤੋਂ ਹੈ। ਸਪੱਸ਼ਟ ਹੈ। ਗੁਰੂ ਪ੍ਰਥਾਇ ਨਹੀਂ ਘਟਦਾ।

(੨੧੫) **ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥**
**ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥੩॥੧੩੧॥**

*(ਗਉੜੀ ਮ: ੫, ਪੰਨਾ ੨੦੭)*

ਭਗਤਨ ਕਾ ਬਹੁ-ਵਚਨੀ ਪਦ ਏਥੇ ਕੇਵਲ ਗੁਰਸਿਖ ਭਗਤ ਜਨਾਂ ਪ੍ਰਥਾਇ ਘਟਦਾ ਹੀ ਉਚਰਿਆ ਗਿਆ ਹੈ।

(੨੧੬) **ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥**
**ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥੩॥**
**ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥**
**ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥੪॥੩੦॥੬੮॥**

*(ਗਉੜੀ ਮਾਝ ਮ: ੪, ਪੰਨਾ ੧੭੪-੭੫)*

ਪੂਰੋਂ ਆਈ ਗੁਰਬਾਣੀ ਵਿਖੇ ਗੁੰਫੀ ਹਰਿ ਹਰਿ ਕਥਾ ਸਰਬ ਹੋਰ ਕਥਾਵਾਂ ਤੋਂ ਚੰਗੀ ਤੇ ਸ੍ਰੇਸ਼ਟ ਸਰਬੋਤਮ ਕਥਾ ਹੈ। ਗੁਰਸਿੱਖਾਂ ਭਗਤਾਂ ਨੂੰ ਇਹੀ ਸਭ ਤੋਂ ਚੰਗੀ ਕਥਾ ਭਾਂਵਦੀ ਹੈ। ਸਦਾ ਏਸੇ ਗੁਰਬਾਣੀ ਦੇ ਸੁਣਨ ਪਠਨ ਨਿਦਿਆਸਨ ਦੀ ਹੀ ਮੰਗ ਰਹਿੰਦੀ ਹੈ ਅਤੇ ਨਾਮ ਦਾ ਹੀ ਆਧਾਰੁ ਰਹਿੰਦਾ ਹੈ। ਅਜਿਹੇ ਨਾਮ ਬਾਣੀ ਚਾਉ ਉਮਾਹੁ ਵਾਲੇ ਗੁਰਸਿਖ ਭਗਤਾਂ ਤੋਂ ਗੁਰੂ ਗੋਬਿੰਦ ਆਪੇ ਭਗਤੀ ਕਰਾਉਂਦਾ ਹੈ ਅਤੇ ਓਹਨਾਂ ਦੇ ਹਿਰਦੇ ਦੀ ਲੋਚਾ ਆਪੇ ਪੂਰੀ ਕਰਵਾਉਂਦਾ ਹੈ। ਭਗਤ-ਵਛਲ ਵਾਹਿਗੁਰੂ ਆਪੇ ਹੀ ਗੁਰਸਿਖ ਭਗਤਾਂ ਨੂੰ ਗੁਰੂ ਦੀ ਸ਼ਰਨ ਪਵਾਇ ਪ੍ਰਨਾਇ ਕੇ ਆਪੇ ਹੀ ਤਿਨ੍ਹਾਂ ਦੀ ਲਾਜ ਰਖਦਾ ਹੈ। ਵਡੇ ਭਾਗ ਕਰਿ ਅਜਿਹੇ ਗੁਰਸਿਖ ਭਗਤ ਜਨਾਂ ਦੀ ਸੰਗਤਿ ਵਿਚ ਮਿਲ ਰਹਿਣ ਕਰਕੇ ਨਾਮ ਬਿਵਸਥਾ ਅਰੂੜ੍ਹ ਹੁੰਦੀ ਹੈ ਅਤੇ ਸਾਰੇ ਕਾਰਜ ਸਿੱਧ ਹੁੰਦੇ ਹਨ।

(੨੧੭) **ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥**
**ਤਿਨ੍ ਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ ॥੧॥**
**ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥**

**ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥**
**ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥**
**ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥**
**ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥**
**ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥**
**ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥**
**ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥**

*(ਸੂਹੀ ਮ: ੫, ਪੰਨਾ ੭੪੮)*

ਜੋ ਕੁਛ ਵਾਹਿਗੁਰੂ ਕਰਦਾ ਕਰਾਉਂਦਾ ਹੁਕਮਾਉਂਦਾ ਹੈ, ਗੁਰੂ ਕੇ ਸੰਤ ਭਗਤ ਗੁਰਸਿਖ ਵਾਹਿਗੁਰੂ ਦਾ ਸੋਈ ਹੁਕਮ ਮੰਨਦੇ ਹਨ। ਹੁਕਮ ਮੰਨਦੇ ਹੋਏ ਹੁਕਮਨ ਸਿਰ ਹੁਕਮ ਸਿਫਤਿ-ਸਾਲਾਹ (ਨਾਮ) ਦੇ ਰੰਗਾ ਵਿਚ ਰੰਗੇ ਰਹਿੰਦੇ ਹਨ। ਤਿਨ੍ਹਾਂ ਨਾਮ-ਰੰਗ-ਰੱਤੇ ਸਿੱਖਾਂ ਸੰਤਾਂ ਵਾਹਿਗੁਰੂ ਦੇ ਚਰਨਾਂ ਦੇ ਭੌਰਿਆਂ ਦੀ ਸੋਭਾ ਸਭਨੀਂ ਹੀ ਥਾਈਂ ਹੈ। ਅਜਿਹੇ ਚਰਨ-ਕੰਵਲਾਰੀ ਭਉਰਿਆਂ, ਵਾਹਿਗੁਰੂ (ਗੁਰੂ ਘਰ) ਦੇ ਸਿੱਖਾਂ ਸੰਤਾਂ ਜੇਵਡ ਹੋਰ ਕੋਈ ਭੇਖੀ ਆਨਮਤੀ ਸਾਧ ਸੰਤ ਨਹੀਂ ਹੋ ਸਕਦਾ। ਏਹਨਾਂ ਗੁਰੂ ਘਰ ਦੇ ਸੰਤਾਂ ਭਗਤਾਂ ਦੀ ਪ੍ਰੇਮਾ ਭਗਤਿ-ਪ੍ਰੀਤਿ ਛਿਨ ਛਿਨ ਵਾਹਿਗੁਰੂ ਨਾਲ ਹੀ ਬਣੀ, ਬਣਿ ਆਈ ਰਹਿੰਦੀ ਹੈ। ਵਾਹਿਗੁਰੂ ਨੂੰ ਹੀ ਓਹ ਜਲਾਂ ਥਲਾਂ ਸਾਰੇ ਬ੍ਰਹਮੰਡਾਂ ਵਿਖੇ ਵਿਆਪਕ ਪਰਤੱਖ ਪੇਖਦੇ ਹਨ।

ਕੋਟ ਅਪਰਾਧ ਕਰਨ ਵਾਲੇ ਜੰਤਾਂ ਦਾ ਉਧਾਰ ਭੀ ਸੰਤਾਂ ਦੀ ਸੰਗਤਿ ਵਿਖੇ ਹੋ ਜਾਂਦਾ ਹੈ। ਗੁਰੂ ਘਰ ਦੇ ਸੰਤਾਂ ਦੀ ਸੰਗਤਿ ਵਿਚ ਕੋਟ ਅਪ੍ਰਾਧੀਆਂ ਦਾ ਉਧਾਰ ਹੁੰਦਾ ਵੇਖਿਆ ਹੈ। ਹੋਇਆ ਹੈ ਅਤੇ ਹੋਵੇਗਾ, ਹੁੰਦਾ ਰਹੇਗਾ। ਫਿਰ ਤਿਨ੍ਹਾਂ ਉਧਾਰ ਹੋਏ ਉਧਰ ਹੋਏ ਜੰਤਾਂ ਦੇ ਜਮ ਭੀ ਨੇੜੇ ਨਹੀਂ ਆ ਸਕਦਾ। ਜੇ ਕੋਈ ਜਨਮ ਜਨਮ ਦਾ ਵਿਛੁੜਿਆ ਜੰਤ ਹੋਵੇ ਸੋ ਸੰਤਾਂ ਦੀ ਸੰਗਤਿ ਵਿਚ ਆਉਣ ਕਰਕੇ, ਸਤ-ਸੰਗਤਿ ਸੇਤੀ ਮਿਲਣ ਕਰਕੇ ਵਾਹਿਗੁਰੂ ਨਾਲ ਹੀ ਉਸ ਜਨਮ ਜਨਮ ਦੇ ਵਿਛੜੇ ਦਾ ਮੇਲ ਮਿਲਾਪ ਹੋ ਜਾਂਦਾ ਹੈ।

ਗੁਰੂ ਘਰ ਦੇ ਸਿੱਖਾਂ ਸੰਤਾਂ ਦੀ ਸ਼ਰਨੀ ਸੰਗਤੀਂ ਆਉਣ ਵਾਲੇ ਜੰਤ ਦਾ ਮਾਇਆ ਮੋਹ ਭਰਮ ਭਉ ਸਭ ਮਿਟ ਕੱਟ ਜਾਂਦਾ ਹੈ। ਹਰਿ ਕਿਆਂ ਸੰਤਾਂ ਗੁਰਸਿੱਖਾਂ ਭਗਤਾਂ ਪਾਸੋਂ ਮਨ-ਬਾਂਛਤ ਮਨੋਰਥਾਂ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਦੇ ਦਰ ਪਰਵਾਨ ਪਏ, ਵਾਹਿਗੁਰੂ ਨੂੰ ਭਾ ਗਏ ਸੰਤਾਂ ਗੁਰਸਿੱਖਾਂ ਭਗਤਾਂ ਜਨਾਂ ਦੀ ਮਹਿਮਾ ਵਰਨੀ ਹੀ ਨਹੀਂ ਜਾ ਸਕਦੀ। ਜਿਨ੍ਹਾਂ ਗੁਰਸਿੱਖਾਂ ਸੰਤਾਂ ਨੇ ਸਤਿਗੁਰੂ ਨੂੰ ਭੇਟਿਆ ਹੈ ਓਹਨਾਂ ਨੂੰ ਕਿਸੇ ਦੀ ਕਾਣ-ਕਨੌਡ ਨਹੀਂ ਰਹੀ। ਉਹ ਸਭ ਤੋਂ ਨਿਕਾਣੇ ਭਏ ਹੈਂ। 'ਸਤਿਗੁਰ' ਪਦ ਨਿਰਾਲਾ ਹੋਣ ਕਰਕੇ, ਸੰਤਾਂ ਦਾ ਪਦ ਕੇਵਲ ਸਿੱਖਾਂ ਪ੍ਰਥਾਇ ਹੀ ਘਟਦਾ ਹੈ। ਸਤਿਗੁਰੂ ਨੂੰ ਭੇਟਣਹਾਰੇ ਸੰਤ ਕੇਵਲ ਸਿਖ ਹੀ ਹੋ ਸਕਦੇ ਹਨ। ਤਾਂ ਤੇ ਸੰਤ ਪਦ ਸਪੱਸ਼ਟ ਗੁਰਸਿੱਖਾਂ ਪ੍ਰਥਾਇ ਉਚਾਰਨ ਹੋਇਆ ਹੈ, ਗੁਰੂ ਪ੍ਰਥਾਇ ਨਹੀਂ। ਐਸੀ ਕਲਪਣਾ ਹੀ ਫ਼ਜ਼ੂਲ ਨਿਰਮੂਲ ਹੈ।

**(੨੧੮) ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ ਨਉਨਿਧਿ ਨਾਮੁ ਵਸਿਆ ਮਨਿ ਆਏ ॥**
**ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥੨੧॥**

*(ਮਾਝ ਮ: ੩, ਪੰਨਾ ੧੨੨)*

ਪੂਰੇ ਭਾਗਾਂ ਕਰਿ ਸਤਿਗੁਰੂ ਨੂੰ ਪਾਉਣ ਵਾਲੇ ਅਤੇ ਗੁਰ ਪ੍ਰਸਾਦ ਕਰਿ ਗੁਰ-ਸ਼ਬਦ-ਦੀਖਿਆ ਪ੍ਰਾਪਤੀ ਵਾਲੇ ਗੁਰਸਿਖ ਸੰਤ ਭਗਤ, ਵਾਹਿਗੁਰੂ-ਦਰਸ਼ਨ ਦੇ ਦਰਸ-ਵਿਗਾਸੀ ਚਾਉ ਉਮਾਹੁ ਭਰੇ ਨਾਮ-ਰੰਗਾਂ ਵਿਚ ਰੱਤੇ ਰਹਿੰਦੇ ਹਨ। ਓਹਨਾਂ ਦੇ ਹਿਰਦੇ ਅੰਦਰ ਨਉਨਿਧਿ ਨਾਮ ਵਸ ਰਸ ਗਿਆ ਹੁੰਦਾ ਹੈ। ਨਾਮ ਨਾਲ ਅਭੇਦ ਰੂਪ ਹੋ ਕੇ ਓਹ ਨਾਮੀ ਵਾਹਿਗੁਰੂ ਨਾਲ ਮਿਲ ਜਾਂਦੇ ਹਨ ਅਤੇ ਮਿਲੇ ਹੀ ਰਹਿੰਦੇ ਹਨ। ਏਥੇ ਭੀ ਭਗਤ ਪਦ ਅੱਡਰਾ ਹੈ ਅਤੇ ਸਤਿਗੁਰੂ ਪਦ ਵਖਰਾ ਨਿਰਾਲਾ ਪਿਆ ਹੈ। ਤਾਂ ਤੇ ਗੁਰੂ ਨੂੰ ਧਾਰਨ ਕਰਨਹਾਰੇ ਭਗਤ, ਸਿਖ ਸੰਤ ਹੀ ਹਨ।

**(੨੧੯) ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ ਗੁਰ ਕੈ ਸਬਦਿ ਨਾਮਿ ਸਵਾਰੇ ॥**
**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥੨੩॥**

*(ਮਾਝ ਮ: ੩, ਪੰਨਾ ੧੨੨)*

ਗੁਰੂ ਦੀ ਸ਼ਬਦ-ਦੀਖਿਆ ਦੁਆਰਾ ਨਾਮ ਅਭਿਆਸ ਕਮਾਈ ਦੇ ਰੰਗਾਂ ਵਿਚ ਸੰਵਾਰੇ ਹੋਏ ਭਗਤ (ਸਿਖ ਸੰਤ) ਜਨ ਸੱਚੇ ਦਰਬਾਰ ਸੋਹੇਂ ਖੜੇ ਭਗਤੀ ਕਰਦੇ ਹੋਏ ਸਦਾ ਸੋਹਦੇ ਹਨ ਅਤੇ ਸਦਾ ਦਿਨ ਰਾਤੀ ਆਨੰਦ ਰਹਿੰਦੇ ਹਨ ਤੇ ਗੁਣ ਗਾਇ ਕੈ ਗੁਣੀ ਵਾਹਿਗੁਰੂ ਵਿਚ ਸਮਾਇ ਜਾਂਦੇ ਹਨ।

**(੨੨੦) ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥**
**ਤਿਨਾ ਭਗਤ ਜਨਾ ਕਉ ਸਦਾ ਨਮਸਕਾਰੁ ਕੀਜੈ**
**ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ਰਹਾਉ॥੨੪॥**

*(ਮਾਝ ਮ: ੩, ਪੰਨਾ ੧੨੩)*

ਗੁਰੂ ਘਰ ਦੇ ਸਿਖ ਸੰਤ ਭਗਤ ਆਪ ਭਗਤੀ ਕਰਿ ਕਰਿ ਹੋਰਨਾਂ ਨੂੰ ਭੀ ਭਗਤੀ ਕਰਨ ਲਈ ਉਭਾਰਦੇ ਹਨ। ਸੱਚੀ ਪ੍ਰੇਮਾ ਭਗਤੀ ਹਰਿ-ਕੀਰਤਨ ਕਰਨ ਵਿਚ ਬਹੁਤੀ ਖਿੜਦੀ ਹੈ। ਕੀਰਤਨ-ਮੰਡਲ ਕੀਰਤਨ ਕਰਨਹਾਰੇ ਸੰਤਾਂ ਭਗਤਾਂ ਗੁਰਸਿੱਖਾਂ ਦਾ ਸਮੂਹ ਹੁੰਦਾ ਹੈ। ਇਕ ਕੀਰਤਨ-ਰਸੀਆ ਗੁਰਮੁਖਿ ਪਿਆਰਾ ਸਿਖ ਹੋਰ ਪਿਆਰਿਆਂ ਨੂੰ ਭੀ ਪ੍ਰੇਰਦਾ ਹੈ। ਇਸ ਬਿਧਿ ਪ੍ਰਸਪਰੀ ਪ੍ਰੇਰਨਾ ਅਨੁਸਾਰ ਰਲ ਮਿਲ ਕੇ ਗੁਰਸਿਖ ਕੀਰਤਨ ਕਰਦੇ ਹਨ, ਹਰਿ ਗੁਣ ਗਾਂਵਦੇ ਹਨ ਅਤੇ ਹਰਿ ਗੁਣ ਗਾਂਵਦੇ ਹੋਏ ਸੱਚੇ ਭਗਤ ਜਨ ਬਣਦੇ ਹਨ। ਐਸੇ ਅਨਦਿਨ ਹਰਿ ਗੁਣ ਗਾਵਣਹਾਰੇ ਗੁਰਸਿੱਖਾਂ ਭਗਤਾਂ ਵਿਟਹੁੰ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹੋਏ ਨਮਸਕਾਰ ਜੋਹਾਰ ਕਰਦੇ ਹਨ, ਸਚਖੰਡ ਬੈਠੇ ਹੀ।

**(੨੨੧) ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ॥**
**ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥੫॥੨੪॥**

*(ਸਿਰੀਰਾਗੁ ਮ: ੩, ਪੰਨਾ ੬੯)*

ਸੱਚੇ ਗੁਰ-ਸ਼ਬਦ-ਗੁਰਮੰਤ੍ਰ ਦੇ ਅਭਿਆਸ-ਰੰਗਾਂ ਵਿਚ ਰੱਤੇ ਹੋਏ ਸਿੱਖਾਂ ਸੰਤਾਂ ਭਗਤਾਂ ਦੇ ਮਨ ਵਿਖੇ ਸੱਚਾ ਅਨੰਦ ਸਦਾ ਪਰਵੇਸ਼ ਹੋਇਆ ਰਹਿੰਦਾ ਹੈ। ਏਸ ਮਹਾਂ ਅਨੰਦ ਵਿਚ ਮਫਤੂਨ ਹੋ ਕੇ ਅਨਦਿਨ ਗੁਰਬਾਣੀ ਦਾ ਕੀਰਤਨ ਕਰਨ ਵਿਚ ਮਹਿਵ ਰਹਿੰਦੇ ਹਨ ਅਤੇ ਸਹਿਜੇ ਹੀ ਨਾਮ ਦੀ ਜੋਤਿ-ਵਿਗਾਸੀ-ਲੀਨਤਾ ਵਿਚ ਸਮਾਇ ਜਾਂਦੇ ਹਨ। ਤਾਂ ਤੇ ਹਰਿ ਗੁਣ ਗਾਵਣਹਾਰੇ ਸੰਤਾਂ ਭਗਤਾਂ ਸਿੱਖਾਂ ਦਾ ਮਰਤਬਾ ਗੁਰਮਤਿ ਅੰਦਰ ਵਡੀ ਹੂ ਵਡਾ ਅਪਾਰ ਹੈ।

(੨੨੨) **ਸਭੁ ਕੋ ਤੇਰਾ ਭਗਤੁ ਕਹਾਏ ॥ ਸੇਈ ਭਗਤ ਤੇਰੈ ਮਨਿ ਭਾਏ ॥**
**ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥੨੨॥**
*(ਮਾਝ ਮ: ੩, ਪੰਨਾ ੧੨੨)*

ਪਰਮੇਸ਼ਰ ਦਾ ਭਗਤ ਕਹਾਉਣ ਦੀਆਂ ਡੀਂਗਾਂ ਤਾਂ ਹਰ ਕੋਈ ਮਾਰਨ ਲਗ ਜਾਂਦਾ ਹੈ। ਸਭ ਕੋਈ ਪਾਖੰਡੀ ਭਗਤ ਬਣਿ ਬਣਿ ਬਹਿੰਦਾ ਹੈ। ਪਰ ਸੱਚੇ ਭਗਤ ਸੇਈ ਹਨ ਜੋ ਪਰਮੇਸ਼ਰ ਦੇ ਦਰ 'ਤੇ ਪਰਵਾਨ ਪੈ ਗਏ ਹਨ ਅਤੇ ਉਸ ਦੀ ਮਨਜ਼ੂਰਿ ਨਜ਼ਰ ਹੋ ਗਏ ਹਨ। ਸੱਚੀ ਬਾਣੀ ਗੁਰਬਾਣੀ ਗਾ ਗਾ ਕੇ ਹਰੀ ਦੇ ਪੇਸ਼ ਕਰਨ ਵਿਚ ਲਗੇ ਰਹਿੰਦੇ ਹਨ। ਬਾਣੀ ਵਿਚ ਨਿਮਗਨ ਹੋ ਕੇ ਸੱਚੀ ਸਿਫਤਿ-ਸਾਲਾਹ ਦੇ ਰੰਗ ਵਿਚ ਰੱਤੇ ਰਹਿੰਦੇ ਹਨ ਅਤੇ ਰੰਗ ਰੰਗੜੇ ਹੋ ਕੇ ਪ੍ਰੇਮਾ ਭਗਤੀ ਕਰਨ ਵਿਚ ਲਿਵਲੀਨ ਹੋ ਜਾਂਦੇ ਹਨ। ਇਸ ਬਿਧਿ ਭਗਤੀ ਕਰਨਹਾਰੇ ਗੁਰਸਿਖ ਸਭ ਸੰਤ ਸਰੂਪ ਹਨ।

(੨੨੩) **ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥**
**ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥**
**ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥**
**ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥...੨॥ (੩੦)**
*(ਗਉ: ਕੀ ਵਾਰ, ਮ: ੪, ਪੰਨਾ ੩੧੬)*

ਵਾਹਿਗੁਰੂ ਦੇ ਭਗਤ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਮਈ ਵਡਿਆਈ ਕਰਿ ਕਰਿ, ਵਾਹਿਗੁਰੂ ਨੂੰ ਆਰਾਧ ਕੇ, ਕੀਰਤਨ-ਭਗਤਿ-ਕਮਾਈਆਂ ਕਰਿ ਕਰਿ ਜਦ ਸਿਫ਼ਤਿ-ਸਲਾਹਨੀਆਂ ਵਡਿਆਈਆਂ ਕਰਦੇ ਹਨ ਤਾਂ ਨਾਮ ਦਾ ਸੁਆਦ ਅਤਿਸੇ ਕਰਕੇ ਸੁਖਦਾਈ ਲਿਵ ਬਿਸਮਾਈ ਹੋ ਜਾਂਦਾ ਹੈ। ਭਗਤ-ਵਛਲ ਵਾਹਿਗੁਰੂ ਨੇ ਆਪਣੇ ਭਗਤਾਂ ਨੂੰ ਨਾਮ ਜਪਣ ਦੀ ਨਿਤ ਨਵੀਂ ਵਡਿਆਈ ਬਖ਼ਸ਼ੀ ਹੈ, ਜੋ ਨਿਤ ਨਿਤ ਸਵਾਈ ਤੋਂ ਸਵਾਈ ਚੜ੍ਹਦੀ ਜਾਂਦੀ ਹੈ, ਚਲੂਲੇ ਰੰਗਾਂ ਵਿਚ। ਆਪਣਿਆਂ ਭਗਤਾਂ ਨੂੰ ਆਪ ਆਪਣਿਆਂ ਘਰਾਂ ਵਿਖੇ ਅਸਥਿਤ ਕਰ ਕੇ ਵਾਹਿਗੁਰੂ ਭਗਤੀ ਕਰਾਉਂਦਾ ਹੈ, ਨਾਮ ਜਪਾਉਂਦਾ ਹੈ ਅਤੇ ਆਪਣੇ ਬਿਰਦ ਦੀ ਪੈਜ ਰਖਾਉਂਦਾ ਹੈ। ਐਸੇ ਸੰਤ ਭਗਤ ਗੁਰੂ ਘਰ ਵਿਚ ਨਾ ਹੋਣ ਤਾਂ ਕਿਥੇ ਹੋਣ। ਭਗਤੀਓਂ ਸੁੰਨ, ਸੰਤਤਾਈਓਂ ਸੁੰਨ ਸਿੱਖਾਂ ਦੀ ਸਿੱਖੀ ਕਾਹਦੀ? ਭਗਤੀ ਅਤੇ ਸੰਤਤਾਈ ਅੰਸ਼ ਹੀ ਗੁਰਸਿੱਖਾਂ ਦਾ ਗੁਰੂ ਘਰ ਦੀ ਪੈਜ ਨੂੰ ਵਧਾਉਂਦਾ ਹੈ। ਕੀਰਤਨ ਗਾਵਣਹਾਰੇ ਸਿੱਖਾਂ ਨੂੰ ਸਪੱਸ਼ਟ ਇਥੇ ਗੁਰਵਾਕ ਅੰਦਰ ਭਗਤ, ਭਗਤੀ ਕਰਨ ਵਾਲੇ, ਨਾਮ-ਰੱਤੜੇ ਸੰਤ ਦਸਿਆ ਗਿਆ ਹੈ।

(੨੨੪) **ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥**
**ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੩॥**
*(ਸੂਹੀ ਮ: ੩, ਪੰਨਾ ੭੬੯)*

ਏਥੇ ਸੰਤਾਂ ਸਿੱਖਾਂ ਨੂੰ ਹਰ ਜਨ ਦੇ ਪਦ ਨਾਲ ਸੁਸ਼ੋਭਤ ਕੀਤਾ ਗਿਆ ਹੈ। ਉੱਚੇ ਵਾਹਿਗੁਰੂ ਦੇ ਹਰਿ ਜਨ ਸਿਖ ਸੰਤ ਭਗਤ ਜਨ ਸਦਾ ਹੀ ਉਚੇ ਹਨ। ਹਰਿ ਜਨਾਂ ਸੰਤਾਂ ਭਗਤਾਂ ਦਾ ਇਹ ਉਚਾਣ, ਉਚ ਪਦ, ਗੁਰੂ ਕੇ ਸ਼ਬਦ ਦੁਆਰਾ ਹੀ ਸ਼ੋਭਨੀਕ ਹੁੰਦਾ ਹੈ। ਗੁਰੂ ਕੇ ਸ਼ਬਦ ਦੁਆਰਾ ਹੀ ਭਗਤੀ ਹੁੰਦੀ ਹੈ। ਤਾਂ ਤੇ ਗੁਰੂ ਘਰ ਤੋਂ ਬਾਹਰ, ਗੁਰ-ਸ਼ਬਦ ਤੋਂ ਘੁੱਥੇ ਹੋਇਆਂ ਨੂੰ ਭਗਤੀ ਪ੍ਰਾਪਤ ਹੀ ਨਹੀਂ ਹੁੰਦੀ। ਨਾ ਹੀ ਓਹ ਭਗਤ ਕਹਾ ਸਕਦੇ ਹਨ। ਨਾ ਹੀ ਓਹਨਾਂ ਨੂੰ ਹਰਿ ਜਨ ਦਾ ਉੱਚਾ ਪਦ ਮਿਲ ਸਕਦਾ ਹੈ। ਗੁਰਮੁਖਿ ਸਿਖ ਸੰਤ ਭਗਤ ਨੂੰ ਹੀ ਇਸ ਪਦ ਦਾ ਸਿਹਰਾ ਹੈ। ਗੁਰ-ਸ਼ਬਦ-ਗੀਧੀ ਗੁਰੂ ਘਰ ਦੀ ਦ੍ਰਿੜ੍ਹਾਈ ਭਗਤੀ ਕਰਨਹਾਰਿਆਂ ਸੰਤਾਂ ਭਗਤਾਂ ਦੀ ਘਾਲ ਅਜਾਈਂ ਕਦੇ ਨਹੀਂ ਜਾਂਦੀ। ਤਿਨ੍ਹਾਂ ਗੁਰੂ ਘਰ ਦੇ ਭਗਤਾਂ ਨੂੰ ਵਾਹਿਗੁਰੂ ਅਪਾਰ ਬਖ਼ਸ਼ਸ਼ ਦੁਆਰਾ ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈ। ਤਿਨ੍ਹਾਂ ਵਾਹਿਗੁਰੂ ਮਿਲ ਰਹੇ ਵਾਸਲਾਂ ਨੂੰ ਹੀ ਜੁਗ ਜੁਗ ਸੱਚੀ ਸੋਭਾ ਮਿਲਦੀ ਹੈ।

(੨੨੫) **ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥**
**ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥੧॥**
**ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥**
**ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ ਹਮ ਪਾਪੀ ਗੁਰਿ ਨਿਸਤਾਰੇ ॥੧॥ਰਹਾਉ॥੩॥**
*(ਗੂਜਰੀ ਮ: ੪, ਪੰਨਾ ੪੯੩)*

ਊਤਮ ਬਾਣੀ (ਗੁਰਬਾਣੀ) ਮੁਖਿ-ਬੋਲਣਹਾਰੇ (ਗੁਰਬਾਣੀ ਦਾ ਕੀਰਤਨ ਪਾਠ ਕਰਨਹਾਰੇ) ਗੁਰਸਿਖ ਸੰਤ ਭਗਤ ਹਰਿ ਜਨ ਹੀ ਉਤਮ ਹਨ, ਸਭ ਤੋਂ ਸ੍ਰੇਸ਼ਟ ਹਨ। ਸਤਿਗੁਰੂ ਦੀ ਬਾਣੀ ਗੁਰਬਾਣੀ ਤੋਂ ਬਿਨਾਂ ਹੋਰ ਕੱਚੀਆਂ ਬਾਣੀਆਂ ਪੜ੍ਹਨ ਗਾਵਣਹਾਰੇ ਨਾ ਹੀ ਸੰਤ ਜਨ ਕਹਾ ਸਕਦੇ ਹਨ, ਨਾ ਹੀ ਭਗਤ ਜਨ। ਕਿਉਂਕਿ ਧੁਰੋਂ ਆਈ ਬਾਣੀ, ਗੁਰਬਾਣੀ ਬਿਨਾਂ ਹੋਰ ਕੋਈ ਕੱਚੀ ਬਾਣੀ, ਆਨਮਤ ਬਾਣੀ ਪਾਰਸ ਰਸਾਇਣ ਕਲਾ ਕ੍ਰਿਸ਼ਮੀ ਬਾਣੀ ਨਹੀਂ। ਇਹ ਸਿਰਫ਼ ਕਲਾ-ਕ੍ਰਿਸ਼ਮੀ ਪਾਰਸ ਰਸਾਇਣੀ ਬਾਣੀ ਗੁਰਬਾਣੀ ਹੀ ਹੈ, ਜੋ ਜੀਵਾਂ ਦਾ ਉਧਾਰ ਕਰ ਸਕਦੀ ਹੈ, ਜਿਸ ਦੇ ਪਠਨ ਗਾਵਣ ਕਰਿ ਪੜ੍ਹਨ ਗਾਵਣਹਾਰਿਆਂ ਦੀ ਜੀਵਨ-ਕਾਇਆਂ ਪਲਟ ਜਾਂਦੀ ਹੈ ਅਤੇ ਪਲਟਾ ਕੇ ਪ੍ਰਾਣੀਆਂ ਨੂੰ ਸੰਤ ਭਗਤ ਬਣਾ ਦਿੰਦੀ ਹੈ। ਭਗਤਿ-ਕਮਾਈ ਵਾਲੇ, ਪਾਰਸ ਬਾਣੀ ਦੀ ਪਾਰਸ ਭਗਤੀ ਵਾਲੇ ਸੰਤ ਭਗਤ ਜਨਾਂ ਦੇ ਮੁਖੋਂ ਉਚਰੀ ਗਾਵੀ ਬਾਣੀ, ਬਾਣ ਰੂਪ ਹੋ ਕੇ ਸ੍ਰੋਤਿਆਂ ਨੂੰ ਬੇਧ ਦਿੰਦੀ ਹੈ ਅਤੇ ਓਹਨਾਂ ਉਤੇ ਪਾਰਸ ਕਲਾ ਕ੍ਰਿਸ਼ਮੀ ਅਸਰ ਵਾਲਾ ਮੋਅਜਜ਼ਾ ਵਰਤਾ ਦਿੰਦੀ ਹੈ। ਇਸ ਕਰਕੇ ਹੀ ਉਤਮ ਬਾਣੀ ਦੇ ਕੀਰਤਨ ਕਰਨਹਾਰਿਆਂ ਦਾ ਮੁਖੋਂ ਬਾਣੀ ਦਾ ਬੋਲਣਾ ਗਾਵਣਾ, ਅਵਰਾਂ ਨੂੰ ਉਧਾਰਨ ਕਰਿ ਪਰਉਪਕਾਰ ਬਣ ਜਾਂਦਾ ਹੈ। ਇਸ ਕਰਕੇ ਉਤਮ ਜਨਾਂ ਨੂੰ "ਮੁਖਿ ਬੋਲਹਿ ਪਰਉਪਕਾਰੇ" ਦਾ ਮਰਤਬਾ ਮਿਲਿਆ ਹੈ ਅਤੇ "ਮੁਖਿ ਬੋਲਹਿ ਪਰਉਪਕਾਰੇ" ਦੀ ਏਹੀ ਗੁਰਮਤਿ ਵਿਆਖਿਆ ਨੀਕੀ ਹੈ। ਜਿਹੜੇ ਜਗਿਆਸੂ ਜਨ ਇਸ ਪਾਰਸ-ਸ਼ਕਤਿ-ਬਾਣੀ ਨੂੰ

ਪਾਰਸ ਕਮਾਈਆਂ ਵਾਲੇ ਉਤਮ ਜਨ ਦੇ ਮੁਖੋਂ ਉਚਰੀਂਦੀ, ਪਾਰਸ-ਕਲਾ-ਵਰਤੀਂਦੀ ਹੋਈ ਨੂੰ ਭਗਤੀ ਭਾਵ ਅਤੇ ਸ਼ਰਧਾ ਸੇਤੀ ਸੁਣਦੇ ਹਨ, ਵਾਹਿਗੁਰੂ ਕਿਰਪਾਲ ਓਹਨਾਂ ਉਤੇ ਖ਼ਾਸ ਨਦਰ ਮੇਹਰ ਵਰਸਾਉਂਦਾ ਹੈ ਅਤੇ ਓਹਨਾਂ ਨੂੰ ਨਿਸਤਾਰੇ ਦੇ ਮਾਰਗ ਉਤੇ ਪਾਉਂਦਾ ਹੈ। ਐਸੇ ਹਰਿ ਜਨਾਂ ਦਾ ਸਤਸੰਗ-ਮੇਲ ਜਗਿਆਸੂ ਜਨਾਂ ਨੂੰ ਸਦਾ ਹੀ ਬਣਿਆ ਰਹੇ। ਓਹਨਾਂ ਦਾ ਓੜਕ ਨੂੰ ਨਿਰਸੰਦੇਹ ਨਿਸਤਾਰਾ ਹੋ ਜਾਂਦਾ ਹੈ। ਐਸੇ ਪ੍ਰਾਨ ਪ੍ਰੀਤਮ ਗੁਰ ਸਤਿਗੁਰ ਪੂਰੇ ਦੀ ਮਹਿਮਾ ਕਿਥੋਂ ਤਾਈਂ ਵਰਣਨ ਕੀਤੀ ਜਾਵੇ, ਜਿਸ ਦੀ ਪਾਰਸ ਰਸਾਇਣੀ, ਪਾਰਸ ਗੁਣ ਗਾਇਣੀ ਨੇ ਹੀ ਮੁਗਧ ਪਾਪੀਆਂ ਦੇ ਨਿਸਤਾਰਨ ਦਾ ਪਰਉਪਕਾਰ ਜਗ ਵਿਚ ਵਰਤਾਇਆ ਹੈ, ਜੋ ਗੁਰਮੁਖਿ ਨਦਰੀ ਆਇਆ ਹੈ।

(੨੨੬) **ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥**
**ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥੪॥੧੬॥**

*(ਆਸਾ ਕਬੀਰ ਜੀਉ, ਪੰਨਾ ੪੭੯-੮੦)*

ਵਾਹਿਗੁਰੂ ਰੂਪ ਸਤਿਗੁਰ ਦੀ ਆਗਿਆ ਸਤਿ ਸਤਿ ਕਰਿ ਮੰਨਣਹਾਰੇ ਗੁਰਸਿਖ ਹੀ ਸੱਚੇ ਸੰਤ ਹਰਿ ਜਨ ਹਨ। ਸੋਈ ਉਤਮ ਭਗਤ ਸਦਾਉਂਦੇ ਹਨ। ਜਿਸ ਨੇ ਆਗਿਆ ਮੰਨ ਕੇ ਸੱਚਾ ਸੁਖੁ (ਆਤਮ ਆਨੰਦੀ ਸੁਖੁ) ਪਾਇਆ ਹੈ, ਅਤੇ ਜਿਨ੍ਹਾਂ ਨੇ ਵਾਹਿਗੁਰੂ ਦੀ ਰਜ਼ਾ ਵਿਖੇ ਰਹਿਣ ਨੂੰ ਸੱਚਾ ਧਰਮ ਪਛਾਤਾ ਹੈ, ਅਤੇ ਹਰ ਹਾਲਤ ਵਿਚ ਸਤਿ ਕਰਕੇ ਜਾਤਾ ਹੈ, ਸਤਿਗੁਰੂ ਦੀ ਸੱਚੀ-ਹੁਕਮ-ਰਜ਼ਾਈ ਆਗਿਆ ਨਾਲ ਭਗਤਿ-ਕਮਾਈ ਵਿਚ ਤੱਤਪਰ ਹੋਣਾ ਹੈ। ਸੋਈ ਹਰਿ ਜਨ ਸੰਤਾਂ ਦਾ ਸ੍ਰੇਸ਼ਟ ਸਰਬੋਤਮ ਕਰਮ ਅਤੇ ਧਰਮ ਹੈ।

(੨੨੭) **ਜੇ ਵਡਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥**
**ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥**
**ਰਾਮ ਮੋਕਉ ਹਰਿ ਜਨ ਕਾਰੈ ਲਾਈਐ ॥**
**ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ਰਹਾਉ॥**
**ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥**
**ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥੪॥**

*(ਰਾਮਕਲੀ ਮ: ੪, ਪੰਨਾ ੮੮੧)*

ਉਪ੍ਰੋਕਤ ਲਿਖਤ ਗੁਰਵਾਕ ਦੀ ਸਭ ਤੋਂ ਪਿਛਲੀ ਤੇ ਪਹਿਲੀ ਤੁਕ ਅੰਦਰ ਹਰਿ ਜਨ ਵਖਰਾ ਆਉਂਦਾ ਹੈ ਅਤੇ ਸਤਿਗੁਰ ਵਖਰਾ। ਸਿਧਾਂਤ ਸਪੱਸ਼ਟ ਹੈ ਕਿ ਸਤਿਗੁਰ ਮੇਲਿ ਮਿਲੇ ਹੋਏ ਹਰਿ ਜਨ ਵਡੇ ਵਡ ਊਚੇ ਮਰਤਬੇ ਵਾਲੇ ਗੁਰਮੁਖਿ ਹੁੰਦੇ ਹਨ। ਤਾਂ ਤੇ "ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ" ਵਾਲੀ ਤੁਕ ਦਾ ਭਾਵ ਹੀ ਸਾਰੇ ਗੁਰਵਾਕ ਅੰਦਰ ਗੁੰਫਤ ਹੈ। ਜਿਥੇ ਜਿਥੇ ਭੀ 'ਜਨ' 'ਹਰਿ ਜਨ' ਪਦ ਇਸ ਗੁਰਵਾਕ ਅੰਦਰ ਆਉਂਦੇ ਹਨ ਤਿਥੇ 'ਹਰਿ ਜਨਾਂ' ਤੋਂ ਮੁਰਾਦ ਗੁਰਮੁਖਿ ਸਿਖ ਸੰਤ ਜਨਾਂ ਤੋਂ ਹੈ, ਜਿਨ੍ਹਾਂ ਦਾ ਸਤਿਗੁਰੂ ਜੋਤਿ ਸਰੂਪ ਨਾਲ ਆਤਮ-ਮਿਲਾਵੇ ਵਾਲਾ ਇਕ-ਮਿਕੀ ਮੇਲ ਵਸਲ ਹੋਇਆ ਹੁੰਦਾ ਹੈ। ਐਸੇ ਵਸਲ-ਵਸਾਲੀ ਸਤਿਗੁਰੂ


www.sikhbookclub.com

ਸੇਤੀ ਕੇਲ ਕੇਲਾਲੀ ਗੁਰਮੁਖਿ ਸਿਖ ਸੰਤ ਜਨ ਗੁਰੂ ਘਰ ਵਿਖੇ ਪ੍ਰਾਪਤ ਹੁੰਦੇ ਚਲੇ ਆਇ ਹਨ। ਹੁੰਦੇ ਭੀ ਹੈਨ ਅਤੇ ਅਗੇ ਨੂੰ ਭੀ ਹੁੰਦੇ ਰਹਿਣਗੇ। ਗੁਰੂ ਵਸਲਾਣੀ ਇਕ-ਮਿਕੀ ਜੋਤਿ ਓਹਨਾਂ ਦੇ ਅੰਤਰਗਤਿ ਵਰਤਦੀ ਰਹੀ ਹੈ ਅਤੇ ਵਰਤਦੀ ਰਹੇਗੀ।

ਅਜਿਹੇ ਗੁਰ-ਵਸਲ-ਵਸਲੀਚਿਆਂ ਗੁਰਮੁਖਿ ਸਿੱਖਾਂ ਸੰਤਾਂ ਦੇ ਮਿਲਣ ਦੀ ਤਾਂਘ ਵੱਡੇ ਭਾਗਾਂ ਕਰਕੇ ਹੁੰਦੀ ਹੈ। ਜਿਨ੍ਹਾਂ ਵਡਭਾਗਿਆਂ ਨੂੰ ਇਹ ਤਾਂਘ ਲਗਦੀ ਹੈ ਓਹ ਬਿਲਮ ਨਹੀਂ ਲਾਉਂਦੇ। ਤਿਨ੍ਹਾਂ ਗੁਰਮੁਖਾਂ ਗੁਰੂ ਘਰ ਦੇ ਸੰਤਾਂ ਭਗਤਾਂ ਨੂੰ ਮਿਲਦਿਆਂ ਢਿਲ ਨਹੀਂ ਗੁਜ਼ਾਰਦੇ। ਤਿਨ੍ਹਾਂ ਦੀ ਸੰਗਤਿ ਤੇ ਜਾਇ ਵਰੋਸਾਉਂਦੇ ਹਨ। ਤਿਨ੍ਹਾਂ ਸੇਤੀ ਮਿਲ ਕੇ ਹਰਿ ਗੁਣ ਗਾਉਂਦੇ ਹਨ, ਨਾਮ ਧਿਆਵੰਦੇ ਹਨ। ਤੇ ਗੁਰਮੁਖਿ ਸੰਤ ਜਨ ਨਾਮ ਧਿਆਇ ਧਿਆਇ, ਹਰਿ ਗੁਣ ਗਾਇ ਗਾਇ ਅੰਮ੍ਰਿਤ ਭਰਪੂਰ ਹੋਏਵੇ ਹੁੰਦੇ ਹਨ। ਤਿਨ੍ਹਾਂ ਅੰਮ੍ਰਿਤ-ਸਰਸ਼ਾਰੀਆਂ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਟਲ ਟੁਲ ਪੈਂਦਾ ਹੁੰਦਾ ਹੈ। ਤਿਨ੍ਹਾਂ ਸੇਤੀ ਜੋ ਜਨ ਸਪਰਸ ਹੁੰਦਾ ਹੈ, ਤਿਸ ਪਾਰਸੇ ਸੁਪਰਸੇ ਜਗਿਆਸੂ ਅੰਦਰ ਅੰਮ੍ਰਿਤ ਰਸ ਜੋਤਿ ਤਾਰ ਦੀ ਝਰਨਾਟ ਫਿਰ ਜਾਂਦੀ ਹੈ। ਅੰਮ੍ਰਿਤ ਭਰਪੁਰ-ਲੀਣੇ ਗੁਰਮੁਖਿ ਜਨ ਸੇਤੀ ਰਲ ਮਿਲ ਕੇ ਅੰਮ੍ਰਿਤ-ਕੀਰਤਨ ਕਰਨ ਕਰਿ, ਅੰਮ੍ਰਿਤ ਕੁੰਟ ਦੇ ਝਰਨੇ ਖੁਲ੍ਹ ਜਾਂਦੇ ਹਨ। ਅੰਮ੍ਰਿਤ ਸਰੋਵਰ ਵਿਚ ਤਾਰੀਆਂ ਲਾਉਣ ਦਾ ਪਰਤੱਖ ਪਾਰਸ ਸਰਸ਼ਾਰਾ ਵਰਤ ਜਾਂਦਾ ਹੈ। ਅੰਮ੍ਰਿਤ-ਸਰਸ਼ਾਰੀ-ਜਨ ਸੇਤੀ ਕੀਰਤਨ ਕਰਦਿਆਂ ਅਤੇ ਕੀਰਤਨ ਕਰਨ ਪਿਛੋਂ ਐਸਾ ਪ੍ਰਤੀਤ ਹੁੰਦਾ ਹੈ ਕਿ ਅੰਮ੍ਰਿਤ ਕੁੰਟ ਵਿਚ ਹੀ ਨ੍ਹਾਵਣਾ ਹੋਇਆ ਹੈ। ਐਸਾ ਹੈ ਅੰਮ੍ਰਿਤ ਕੁੰਟਸਰ ਨੀਕੇ ਸਤਸੰਗ ਸਰੋਵਰ ਵਿਚ ਤਾਰੀਆ ਲਾਉਣ ਦਾ ਪਰਤਾਪ।

ਅਜਿਹੇ ਸਤਸੰਗ ਪਾਰਸ ਪਰਤਾਪੀ ਹਰੀ ਜਨਾਂ ਦੀ ਸੰਗਤਿ ਪੰਗਤੀ ਸੇਵਾ ਮੰਡਲ ਵਿਚ ਕਾਰ ਕਮਾਵਣ ਦੀ ਸੇਵਾ ਦਾ ਅਵਸਰ ਮੰਗਣ ਨੂੰ ਪਰਮਾਰਥੀ ਹਰ ਇਕ ਉਤਮ ਜਗਿਆਸੂ ਨੂੰ ਉਮਾਹਾ ਉਠਦਾ ਹੈ। ਅਜਿਹੇ ਅੰਮ੍ਰਿਤ ਕੁੰਟਸਰ ਨੀਕੇ ਹਰਿ ਜਨਾਂ ਦੀ ਸਤਸੰਗਤਿ ਪੰਗਤੀ ਮੰਡਲ ਵਿਚ ਤਿਨ੍ਹਾਂ ਸੰਤ ਜਨਾਂ ਦੇ ਸਨਮੁਖ ਸ਼ਰਨਾਗਤੀ ਰਹਿੰਦਿਆਂ ਹੋਇਆ ਪੱਖਾ ਫੇਰਨ, ਪਾਣੀ ਢੋਵਣ ਅਤੇ ਪੀਸਣ ਪੀਸ ਕਮਾਵਣ ਅਤੇ ਗੁਰਮੁਖਾਂ ਸਿੱਖਾਂ ਸੰਤਾਂ ਦੇ ਪਗ ਮਲ ਮਲ ਕੇ ਧੂੜ ਮੁਖ ਲਾਵਣ ਨੂੰ ਪਰਮਾਰਥ ਜਗਿਆਸਾ ਦੇ ਸੱਚੇ ਆਸ਼ਕ ਆਪਣੇ ਵਡਭਾਗ ਸਮਝਦੇ ਹਨ।

ਗੁਰੂ ਘਰ ਵਿਖੇ ਅਜਿਹੇ ਹਰਿ ਜਨ ਵੱਡੇ ਤੋਂ ਵੱਡੇ ਉਚ ਪਰਮਾਰਥੀ ਮਰਤਬੇ ਵਾਲੇ ਪਏ ਹਨ, ਜੋ ਜੀਵਨ-ਮੁਕਤ ਪਦ ਨੂੰ ਪ੍ਰਾਪਤ ਹੋਏਵੇ, ਸਤਿਗੁਰੂ ਦੀ ਜੋਤਿ ਵਿਚ ਮਿਲੇ ਹੋਏ ਹਨ। ਜਿਸ ਸਤਿਗੁਰੂ ਦੇ ਜੋਤਿ-ਸਰੂਪੀ-ਮੇਲ ਵਿਚ ਓਹ ਮਿਲੇ ਹੋਏ ਹਨ ਉਸ ਸਤਿਗੁਰ ਜੇਵਡ ਹੋਰ ਕੋਈ ਨਹੀਂ। "ਸਭ ਤੇ ਵਡਾ ਸਤਿਗੁਰੁ ਨਾਨਕੁ"[1] ਦੇ ਭਾਵ ਅਨੁਸਾਰ ਨਾਨਕ ਗੁਰੱਤਤਾ ਵਾਲੇ ਗੁਰੂ ਜੋਤਿ ਜੁਗੱਤਤੀ ਜਾਮੇ ਹੀ ਸਭ ਤੋਂ ਵੱਡੀ ਅਤੇ ਸੱਚੀ ਸਤਿਗੁਰ ਪਦਵੀ ਦੇ ਮਾਲਕ ਹਨ। ਧੁਰੋਂ ਅਕਾਲ ਪੁਰਖ ਦੀ ਦਰਗਾਹੋਂ ਹੀ ਇਹ ਸਤਿਗੁਰ ਪਦਵੀ ਜਿਸ ਨੂੰ ਮਿਲੀ ਹੋਈ ਹੈ, ਸੋਈ ਹੀ ਸੱਚਾ ਸਤਿਗੁਰੂ ਸਦਾਅ ਸਕਦਾ ਹੈ। ਤਿਸ ਸਭ ਤੋਂ ਵੱਡੇ ਸੱਚੇ ਸਤਿਗੁਰੂ ਨੂੰ ਮਿਲ ਕੇ, ਤਿਸ ਦੁਆਰਿਓਂ ਗੁਰ-ਦੀਖਿਆ ਲੈ ਕੇ ਹੀ ਅਕਾਲ ਪੁਰਖ ਨੂੰ ਧਿਆਇ ਸਕੀਦਾ ਹੈ। ਐਵੇਂ ਨਹੀਂ। ਜਿਹੜੇ

੧. ਸੂਹੀ ਮ: ੫, ਪੰਨਾ ੭੫੦

ਅੰਮ੍ਰਿਤ ਕੁੰਟ ਗੁਰਮੁਖਿ ਸੰਤ ਜਨ ਹੋਏ ਹਨ ਸੋ ਸਤਿਗੁਰੂ ਦੁਆਰਿਓਂ ਵਰੋਸਾਇ ਕੈ ਗੁਰਮਤਿ ਨਾਮ ਧਿਆਇ ਕੈ ਹੀ ਹੋਏ ਹਨ। ਤਿਨ੍ਹਾਂ ਦੇ ਸਦ ਹੀ ਬਲਿ ਬਲਿ ਜਾਈਏ।

(੨੨੮) **ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥**
**ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ ॥੨॥੪੧॥੬੪॥**
*(ਸਾਰਗ ਮ: ੫, ਪੰਨਾ ੧੨੧੭)*

ਓਹ ਸਿਖ ਸੰਤ ਜਨ ਹੀ ਜਗ ਵਿਚ ਆਏ ਪਰਵਾਨ ਹਨ ਤੇ ਸਿਖ ਸੰਤ ਹੀ ਸਫਲ ਜਨੰਮੇ ਹਨ, ਜਿਨ੍ਹਾਂ ਨੇ ਸੱਚੇ ਠਾਕੁਰ ਦੀ ਗੁਰਮਤਿ ਪੂਜਾ ਕਰ ਕੇ (ਅਭਿਆਸ ਨਾਮ ਕਿਰਿਆ) ਠਾਕੁਰ ਦੀ ਪ੍ਰਾਪਤੀ, ਦਰਸ਼ਨ ਪ੍ਰਾਪਤੀ, ਪਰਤੱਖ ਪੇਖ ਦਰਸ਼ਨ-ਜਾਣਨੀ ਜਾਣੀ ਹੈ। ਇਹ ਠਾਕੁਰ-ਦਰਸ਼ਨ-ਜਾਣਨੀ ਕੇਵਲ ਗੁਰੂ ਘਰ ਦੇ ਸੰਤ ਪਦ ਪੁਗ ਖਲੋਏ ਗੁਰਸਿੱਖਾਂ ਨੂੰ ਹੀ ਹੁੰਦੀ ਹੈ, ਹੋਰ ਕਿਸੇ ਨੂੰ ਨਹੀਂ ਹੁੰਦੀ। ਗੁਰਮਤਿ-ਨਾਮ-ਦੀਖਿਆ ਲੈ ਕੇ ਗੁਰਮੁਖਾਂ ਸੰਤਾਂ ਨੇ ਨਾਮ ਦੀਆਂ ਅਤੁੱਟ ਕਮਾਈਆਂ ਕਰ ਕੇ ਠਾਕੁਰ-ਦਰਸ਼ਨ-ਗਿਆਨ-ਪ੍ਰਾਪਤੀ ਕੀਤੀ ਹੁੰਦੀ ਹੈ। ਤਾਂ ਤੇ ਸਿਖ ਜਗਿਆਸੂ ਜਦ ਤਾਈਂ ਨਾਮ ਜਪ ਕੇ ਸੰਤ ਜਨ ਨਹੀਂ ਬਣਦੇ, ਤਦ ਤਕ ਤਿਨ੍ਹਾਂ ਨੂੰ ਵਾਹਿਗੁਰੂ-ਦਰਸ਼ਨੀ-ਪ੍ਰਚੰਡ-ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਤਦ ਤਕ ਤਿਨ੍ਹਾਂ ਦਾ ਜਨਮ ਜਗਿ ਆਇਆ ਪ੍ਰਮਾਣੀਕ ਨਹੀਂ, ਸਿਖ ਪਦਵੀ ਸਫਲ ਨਹੀਂ ਹੁੰਦੀ। ਗੁਰਮਤਿ ਗ੍ਰਹਿਣ ਕਰਨ ਦਾ ਮੁਖ ਮੰਤਵੀ ਆਦਰਸ਼ ਹੀ ਇਹੀ ਹੈ ਕਿ ਨਾਮ ਜਪ ਕੇ ਨਾਮੀ ਵਾਹਿਗੁਰੂ ਦੀ ਪਰਤੱਖ-ਦਰਸ਼ਨ-ਪੇਖਨੀ ਪ੍ਰਾਪਤ ਕੀਤੀ ਜਾਵੇ। ਤਿਨ੍ਹਾਂ ਦਰਸ਼ਨ ਪ੍ਰਾਪਤਿ ਪਰਬੀਨ ਜਨਾਂ ਨੂੰ ਹੀ ਸੱਚੀ ਸੰਤ ਪਦਵੀ ਗੁਰੂ ਘਰ ਵਿਖੇ ਪ੍ਰਾਪਤ ਹੈ। ਇਹ ਕਿਵੇਂ ਭੀ ਮਿਟਾਈ ਮਿਟ ਨਹੀਂ ਸਕਦੀ। ਪਰ ਇਹ ਸੰਤ ਪਦਵੀ ਗੁਰ ਪਦਵੀ 'ਤੇ ਨਹੀਂ ਘਟ ਸਕਦੀ। ਗੁਰ ਪਦਵੀ ਸੰਤ ਪਦਵੀ ਤੋਂ ਅਤਿ ਉੱਚੀ ਪਦਵੀ ਹੈ। ਅਜਿਹੇ ਗੁਰੂ ਘਰ ਦੇ ਜਨਾਂ ਦਾ ਸੰਗ ਵੱਡੇ ਭਾਗਾਂ ਕਰਕੇ ਮਿਲਦਾ ਹੈ। ਅਜਿਹੇ ਸੰਤ ਜਨਾਂ ਤੋਂ ਗੁਰੂ ਨਾਨਕ ਸਾਹਿਬ ਸਦ ਸਦ ਕੁਰਬਾਨੀ ਜਾਂਦੇ ਹਨ ਅਤੇ ਸਾਨੂੰ ਭੀ ਤਿਨ੍ਹਾਂ ਵਿਟਹੁ ਕੁਰਬਾਨ ਹੋਣ ਦੀ ਸਿਖਿਆ ਸਿਖਾਂਦੇ ਹਨ।

(੨੨੯) **ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥**
**ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ ॥੧॥੧॥**
*(ਧਨਾਸਰੀ ਮ: ੪ ਘਰੁ ੧, ਪੰਨਾ ੬੬੬)*

ਵਾਹਿਗੁਰੂ ਦੀ ਸੇਵਾ-ਭਗਤੀ ਕਰਨਹਾਰੇ ਸਿੱਖਾਂ ਸੇਵਕਾਂ ਨੂੰ ਏਥੇ ਸਾਖਸ਼ਾਤ ਹੀ ਸੰਤ ਭਗਤ ਸੁਭਾਖਿਆ ਗਿਆ ਹੈ। ਨਾਮ-ਭਗਤੀ ਦੀ ਅਭਿਆਸ ਕਮਾਈ ਮਈ ਸੇਵਾ ਕਮਾਵਨਹਾਰੇ ਸਿੱਖਾਂ ਸੰਤਾਂ ਭਗਤਾਂ ਦੇ ਸਭੇ ਪਾਪ ਨਿਵਾਰੇ ਜਾਂਦੇ ਹਨ। ਤਿਨ੍ਹਾਂ ਸਿੱਖਾਂ ਸੰਤਾਂ ਭਗਤਾਂ ਦੀ ਸੰਗਤਿ ਵਿਚ ਰਹਿਣ ਦਾ ਸੁਭਾਗ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉਤੇ ਕਿਰਪਾਲੂ ਵਾਹਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ।

(੨੩੦) **ਹਰਿ ਜਨ ਸਗਲ ਉਧਾਰੇ ਸੰਗ ਕੇ ॥**
**ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ ॥੧॥ਰਹਾਉ॥**
**ਮਾਰਗਿ ਚਲੇ ਤਿਨੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ ॥**
**ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥**


www.sikhbookclub.com

**ਜਿਨ੍ ਕੇ ਭਾਗ ਬਡੇ ਹੈਂ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ ॥**
**ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥**

*(ਸਾਰਗ ਮ: ੫, ਪੰਨਾ ੧੨੦੯)*

ਗੁਰੂ ਘਰ ਦੇ ਪੁਗ-ਖਲੋਏ ਹੋਏ ਪੰਚ ਪਰਵਾਨ ਜਨ ਆਪਣੇ ਸੰਗਤੀਆਂ ਸਾਥੀਆਂ ਸਾਰਿਆਂ ਦਾ ਉਧਾਰ ਕਰ ਦਿੰਦੇ ਹਨ। ਪਾਰਸ ਰੂਪ ਗੁਰਸਿਖ ਸਿੱਖਾਂ ਸੰਤਾਂ ਹਰਿ ਜਨਾਂ ਦੀ ਸੰਗਤਿ ਸਾਰੇ ਸੰਗਤਿ-ਕਰਨਹਾਰਿਆਂ ਉਤੇ ਪਾਰਸ-ਕਲਾ ਵਰਤਾ ਦਿੰਦੀ ਹੈ। ਤਿਨ੍ਹਾਂ ਨੂੰ ਆਪਣੇ ਜੋਗ ਹੀ ਬਣਾ ਲੈਂਦੀ ਹੈ। ਤਿਨ੍ਹਾਂ ਦੇ ਪਾਰਸ ਜੀਵਨ ਦੀ ਪਵਿਤ੍ਰਤਾ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੀ ਸੰਗਤਿ ਭੇਟਣਹਾਰਿਆਂ ਸਾਰਿਆਂ ਜਗਿਆਸੂਆਂ ਦੇ ਮਨ ਪੁਨੀਤ ਪਵਿਤਰ ਹੋ ਜਾਂਦੇ ਹਨ ਅਤੇ ਸਰਬਤ੍ਰ ਸੰਗੀ ਜਨਾਂ ਦੇ ਜਨਮ ਜਨਮ ਦੇ ਦੁਖ ਹਰੇ (ਦੂਰ ਕਰੇ) ਜਾਂਦੇ ਹਨ। ਗੁਰਮੁਖਾਂ ਹਰਿ ਜਨਾਂ ਦੇ ਗੁਰਮਤਿ ਮਾਰਗ ਦੀ ਲੀਕ ਉਤੇ ਚਲਣਹਾਰਿਆਂ ਨੂੰ ਸੱਚੇ ਆਤਮ-ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਤਿਨ੍ਹਾਂ ਪਾਰ ਪਏ ਗੁਰਮੁਖਿ ਜਨਾਂ ਦੇ ਨਾਲ ਗਿਆਨ-ਗੋਸ਼ਟ ਕਰਨਹਾਰਿਆਂ ਦਾ ਭੀ ਨਿਸਤਾਰਾ ਹੋ ਜਾਂਦਾ ਹੈ, ਕਿਉਂਕਿ ਤਿਨ੍ਹਾਂ ਸੰਗ ਕੀਤੀ ਗਿਆਨ-ਗੋਸ਼ਟ-ਚਰਚਾ ਗੁਰਮਤਿ ਮਾਰਗ 'ਤੇ ਚਲਾਵਨਹਾਰੀ ਹੈ। ਤੱਤ ਗੁਰਮਤਿ ਗਿਆਨ ਭਰੀ ਗੋਸ਼ਟਾਵਲੀ ਆਪਣਾ ਪਾਰਸ ਪ੍ਰਭਾਵ ਦਿਖਾਏ ਬਿਨਾਂ ਨਹੀਂ ਰਹਿੰਦੀ। ਇਕ ਗੁਰਮੁਖਿ ਸਿਖ ਜਨ ਦਾ ਜੀਵਨ ਚੰਦਨ ਬਿਰਖ ਦੀ ਸੁਗੰਧੀ ਸਦਰਸ ਹੁੰਦਾ ਹੈ, ਜੋ ਨਿਕਟਵਰਤੀਆਂ ਉਤੇ ਸ਼ੁਭ ਸੁਗੰਧੀ ਬਿਖਰਾਏ ਬਿਨਾਂ ਨਹੀਂ ਰਹਿੰਦਾ। ਬਾਵਨ ਚੰਦਨੀ ਜੀਵਨ ਵਾਲੇ ਗੁਰਸਿੱਖਾਂ ਦੀ ਸੰਗਤਿ ਕਰਨਹਾਰਿਆਂ ਨੂੰ ਬਾਵਨ ਚੰਦਨ ਹੀ ਬਣਾ ਲੈਂਦੀ ਹੈ। ਤਿਨ੍ਹਾਂ ਸੰਗ ਗੋਸ਼ਟ ਕੀਤੀ ਤਾਂ ਨਿਸਚੇ ਕਰਕੇ ਹੀ ਤਾਰ ਲੈਂਦੀ ਹੈ। ਘੋਰ ਅੰਧ ਕੂਪ ਵਿਚ ਡੁਬੇ ਜਾਂਦਿਆਂ ਨੂੰ ਅਜਿਹੇ ਗੁਰਮੁਖਿ ਸਿੱਖਾਂ ਸਾਧੂਆਂ ਦੀ ਸੰਗਤਿ ਤਾਰ ਕੇ ਪਾਰ ਉਤਾਰ ਲੈਂਦੀ ਹੈ। ਜਿਨ੍ਹਾਂ ਪ੍ਰਾਣੀਆਂ ਦੇ ਅਤਿ ਵੱਡੇ ਭਾਗ ਹਨ, ਤਿਨ੍ਹਾਂ ਦਾ ਹੀ ਅਜਿਹੇ ਗੁਰਮੁਖਿ ਜਨਾਂ ਦੇ ਨਾਲ ਮੂੰਹ ਜੁੜਦਾ ਹੈ। ਅਜਿਹੇ ਗੁਰਮੁਖਿ ਜਨਾਂ ਦੀ ਧੂੜੀ ਦੀ ਬਾਛਾ ਗੁਰੂ ਨਾਨਕ ਸਾਹਿਬ ਭੀ ਖ਼ੁਦ ਮਨ ਬਚਨ ਕਰਮ ਕਰਕੇ ਲੋੜਦੇ ਹਨ। ਵਾਹਿਗੁਰੂ ਦੀ ਕਿਰਪਾ ਹੋਵੇ ਤਾਂ ਤਿਨ੍ਹਾਂ ਦੀ ਧੂੜੀ ਮਿਲੇ।

(੨੩੧) **ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥**
**ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰਧਾਰੀ ॥**
**ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥੪॥੧॥**

*(ਸੋਰਠਿ ਮ: ੩, ਪੰਨਾ ੬੦੦)*

ਗੁਰ-ਸ਼ਬਦ-ਅਭਿਆਸਾਚਾਰੀ ਹੀ ਸੱਚੇ ਸ਼ਬਦ-ਵੀਚਾਰੀ ਜਨ ਹਨ। ਸੱਚੇ ਹਰਿ ਜਨ ਓਹ ਹਨ ਜੋ ਗੁਰ-ਸ਼ਬਦ ਅਭਿਆਸ ਕਮਾਈਆਂ ਕਰਿ ਕਰਿ ਸਚੁ ਵਖਰ ਧਨ ਨਾਮ ਦੀ ਸੱਚੀ ਖੇਪ ਨੂੰ ਲਦ ਕੇ ਸੱਚੇ ਨਾਮੀ ਵਾਹਿਗੁਰੂ ਨੂੰ ਮਿਲਣ ਦੀਆਂ ਸੱਚੀਆਂ ਘਾਲਾਂ ਘਾਲਦੇ ਹਨ। ਅਜਿਹੀਆਂ ਸੱਚੀਆਂ ਘਾਲਣਾਂ ਘਾਲਣਹਾਰਿਆਂ ਨੂੰ ਵਾਹਿਗੁਰੂ ਸੱਚਾ ਆਪੇ ਹੀ ਮੇਲ ਲੈਂਦਾ ਹੈ, ਜਿਨ੍ਹਾਂ ਨੇ ਸਚੁ ਨੂੰ, ਅਰਥਾਤ, ਸੱਚੇ ਨਾਮ ਨੂੰ ਸਦਾ ਹਿਰਦੇ ਅੰਦਰ ਧਾਰ ਲਿਆ ਅਤੇ ਰੋਮ ਰੋਮ ਅੰਦਰ ਪ੍ਰੋ ਲਿਆ ਹੁੰਦਾ ਹੈ। ਗੁਰੂ ਨਾਨਕ

ਸਾਹਿਬ ਦੇ ਘਰ ਦੇ ਸਿਖ ਸੰਤ ਗੁਰਮੁਖਿ ਜਨਾਂ ਨੇ ਨਾਮ ਰੂਪੀ ਸਚੁ ਨੂੰ ਸੰਗ੍ਰਹਿਨ ਕਰ ਕੇ ਸੱਚੀ ਗਤਿ ਨੂੰ ਤੇ ਸੱਚੀ ਪਤਿ ਨੂੰ ਪਾ ਲੀਤਾ ਹੁੰਦਾ ਹੈ ਅਤੇ ਏਹਨਾਂ ਸੱਚੀ ਗਤਿ ਪਤਿ ਵਾਲਿਆਂ ਦੀ ਸੱਚੀ ਰਾਸ ਇਹੀ ਸੱਚ ਨਾਮ ਦੀ ਪੂੰਜੀ ਹੀ ਹੁੰਦੀ ਹੈ। ਇਸ ਨਾਮ ਦੀ ਪੂੰਜੀ ਦੇ ਪੋਤੇਦਾਰ ਗੁਰੂ ਕੇ ਸਿਖ ਸੰਤ ਹਰੀ ਜਨ ਹੀ ਹੁੰਦੇ ਹਨ।

(੨੩੨) **ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥**
**ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ ॥੧॥੧॥**

*(ਭੈਰਉ ਮ: ੪ ਚਉਪਦੇ ਘਰੁ ੧, ਪੰਨਾ ੧੧੩੪)*

ਗੁਰੂ ਘਰ ਦੇ ਹਰਿ ਜਨ ਸੰਤ ਜੋ ਹਨ, ਤਿਨ੍ਹਾਂ ਨੂੰ ਹੀ ਕਿਰਪਾ ਧਾਰ ਕੇ ਹਰੀ ਪਰਮਾਤਮਾ ਆਪਣੇ ਚਰਨ-ਕੰਵਲਾਂ ਦਾ ਭੌਰਾ ਬਣਾਉਂਦਾ ਹੈ ਤੇ ਆਪਣੇ ਪਗੀਂ ਪਾਉਂਦਾ, ਲੜਿ ਲਾਉਂਦਾ ਹੈ। ਅਗਲੀ ਤੁਕ ਸਪੱਸ਼ਟ ਕਰਦੀ ਹੈ ਕਿ ਗੁਰ-ਸ਼ਬਦ ਗੁਰ ਦੀਖਿਆ ਗੁਰਮੰਤ੍ਰ ਦੁਆਰਾ ਭਜਨ ਲਿਆ ਹੋਇਆ ਅਤੇ ਭਜਨ ਕੀਤਾ ਹੋਇਆ ਹੀ ਲੇਖੇ ਪੈਂਦਾ ਹੈ। ਅਤੇ ਸੁਰਤੀ ਸੁਰਤਿ ਸਮਾਉਣ ਨੂੰ ਸਮਰੱਥ ਹੈ। ਤਾਂ ਤੇ ਗੁਰਮਤਿ ਨਾਮ ਦਾ ਅਭਿਆਸ ਕਰਨਹਾਰੇ ਹੀ ਸੱਚੇ ਹਰਿ ਜਨ ਸੰਤ ਹਨ।

(੨੩੩) **ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ ॥**
**ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ ॥੨॥੩॥**

*(ਪ੍ਰਭਾਤੀ ਮ: ੪, ਪੰਨਾ ੧੩੩੬)*

ਜਿਨ੍ਹਾਂ ਦੇ ਹਿਰਦੇ ਅੰਦਰ ਵਾਹਿਗੁਰੂ ਪ੍ਰੀਤਮ ਦੇ ਮਿਲਣ ਦੀ ਸੱਚੀ ਇਸ਼ਕ-ਮੁਸ਼ਤਾਕੀ ਪ੍ਰੀਤਿ ਲਗ ਗਈ ਹੈ, ਤਿਨ੍ਹਾਂ ਦੇ ਮਸਤਕ ਉਤੇ ਪ੍ਰੇਮ-ਪ੍ਰਭਾਵੀ-ਪ੍ਰਕਾਸ਼-ਜੋਤਿ-ਜਲੌ ਦੇ ਊਜਲ ਟਿਕੇ ਟਹਿਕ ਆਉਂਦੇ ਹਨ। ਤਿਨ੍ਹਾਂ ਹਰਿ ਜਨਾਂ ਗੁਰਮੁਖਿ ਸੰਤਾਂ ਪਿਆਰਿਆਂ ਗੁਰਸਿੱਖਾਂ ਦੀ ਸੋਭਾ ਸਭ ਜਗਤ ਸੰਸਾਰੀਆਂ ਤੋਂ ਨਿਆਰੀ ਸਿਰ-ਕਢਵੀਂ, ਉਪਰਦੀ ਨਿਖਰਵੀਂ ਉਜਲਾਰੀ ਜੋਤਿ ਵਾਲੀ ਹੁੰਦੀ ਹੈ। ਸਭ ਸੰਸਾਰੀਆਂ ਦੇ ਉਪਰਦੀ ਓਹ ਐਉਂ ਸੋਭਦੇ ਹਨ ਜਿਵੇਂ ਚੰਦਰਮਾ ਸਮੂਹ ਤਾਰਿਆਂ ਦੇ ਉਪਰਦੀ ਨਿਰਾਲੀ ਚੜ੍ਹਦੀ ਚਮਕ ਵਿਚ ਸੋਭਦਾ ਹੈ।

(੨੩੪) **ਹਰਿ ਜਨੁ ਗੁਨ ਗਾਵਤ ਹਸਿਆ ॥**
**ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ ॥੧॥ਰਹਾਉ॥**
**ਗੁਰ ਕੇ ਪਗ ਸਿਮਰਉ ਦਿਨੁ ਰਾਤੀ ਮਨਿ ਹਰਿ ਹਰਿ ਹਰਿ ਬਸਿਆ ॥**
**ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ ॥੧॥**
**ਹਰਿ ਜਨ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ ਖੋਜਿ ਪਇਆ ॥**
**ਜਿਉ ਕਿਰਤ ਸੰਜੋਗਿ ਚਲਿਓ ਨਰ ਨਿੰਦਕੁ ਪਗੁ ਨਾਗਨਿ ਛੁਹਿ ਜਲਿਆ ॥੨॥**
**ਜਨ ਕੇ ਤੁਮ ਹਰਿ ਰਾਖੇ ਸੁਆਮੀ ਤੁਮ੍ ਜੁਗਿ ਜੁਗਿ ਜਨ ਰਖਿਆ ॥**
**ਕਹਾ ਭਇਆ ਦੈਤਿ ਕਰੀ ਬਖੀਲੀ ਸਭ ਕਰਿ ਕਰਿ ਝਰਿ ਪਰਿਆ ॥੩॥**
**ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ ॥**
**ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ ਜਨ ਨਾਨਕ ਸਰਨਿ ਪਇਆ ॥੪॥੨॥**

*(ਕਲਿਆਨੁ ਮ: ੪, ਪੰਨਾ ੧੩੧੯-੨੦)*

ਗੁਰਮੁਖਿ ਸਿਖ ਸੰਤ ਰੂਪੀ ਹਰਿ ਜਨ ਜਦੋਂ ਹਰਿ ਗੁਣ ਗਾਵੰਦਾ ਹੈ ਤਾਂ ਅਤਿ ਵਿਗਸ ਕੇ ਗਾਵੰਦਾ ਹੈ। ਗੁਰੂ-ਬਾਣੀ ਅੰਦਰ ਗੋਬਿੰਦ ਦੇ ਦਰਸਾਏ ਗਏ ਗੁਣ ਹੀ ਹਰਿ ਗੁਣ ਹਨ। ਗੁਰਬਾਣੀ ਅੰਮ੍ਰਿਤ ਰੂਪੀ ਹੈ,ਪਾਰਸ ਰਸਾਇਣ ਕਲਾ ਸਪੰਨ ਹੈ। ਇਸ ਨੂੰ ਪਰਸਿਆਂ ਪਰਸਨਹਾਰੇ ਪਠਨਹਾਰੇ ਦਾ ਹੀਅਰਾ ਸਰਸ ਉਠਦਾ ਹੈ। ਹਿਰਦਾ-ਕਉਲ ਮਉਲ ਕੇ ਅੰਮ੍ਰਿਤ ਸੰਚੋਲ ਹੋ ਜਾਂਦਾ ਹੈ। ਅੰਦਰੋਂ ਬਿਸਮ ਆਨੰਦੀ ਸੁਆਦ ਉਮਡ ਉਮਡ ਕੇ ਬਾਹਰ ਨੂੰ ਆਉਂਦਾ ਹੈ। ਨਾਮ ਅਭਿਆਸੀ, ਸ਼ਬਦ ਵਿਗਾਸੀ ਗੁਰਮੁਖਿ ਜਨ ਜਦੋਂ ਗੁਰਬਾਣੀ ਨੂੰ ਗਾਉਂਦਾ ਹੈ ਤਾਂ ਰਸ ਜੋਤਿ ਬਿਸਮਾਉ ਰੋਮ ਰੋਮ ਅੰਦਰ ਸੁਫੁਟ ਹੋਇ ਜਾਂਦਾ ਹੈ। ਇਸ ਬਿਸਮ ਸੁਵਟਾਉ ਦੇ ਆਨੰਦ ਮਈ ਰਸ ਜੋਤਿ ਵਿਗਸਾਉ ਖੇੜੇ ਨੂੰ ਘਟ ਅੰਦਰ ਖਿੜਿਆ ਪੇਖਿ ਪੇਖਿ ਨਾਮ-ਰਸੀਅੜਾ ਗੁਰਮੁਖਿ ਗੁਣ ਗਾਵਣਹਾਰਾ ਜਨ ਆਮੁਹਾਰਾ ਮੰਦ ਮੰਦ ਮੁਸਕ੍ਰਾ ਉਠਦਾ ਹੈ। ਕੀਰਤਨ ਆਨੰਦ ਉਪਜਾਈ ਰਸ ਜੋਤਿ-ਆਭਾ ਮਈ ਅਚਰਜ ਸੋਭਾ ਉਸ ਨੂੰ ਬਿਗਸਿ ਬਿਗਸਿ ਹਸਾਉਂਦੀ ਹੈ। ਇਹ "ਹਰਿ ਜਨੁ ਗੁਨ ਗਾਵਤ ਹਸਿਆ" ਦੀ ਤੁਛ ਮਾਤਰ ਵਿਆਖਿਆ ਹੈ। ਇਹ ਬਿਸਮ ਬਿਸਮਤਾ ਵਾਲੀ ਹਸ-ਰਸੀ ਹਰਿ ਹਰਿ ਭਗਤਿ, ਗੁਰਮਤਿ ਮਤਿ ਦੇ ਧਾਰਨੀ ਨਾਮ-ਰਸੀਆਂ ਗੁਰਮੁਖਿ ਜਨਾਂ ਨੂੰ ਹੀ ਬਣਿ ਆਉਂਦੀ ਹੈ। ਹੋਰਨਾਂ ਨੂੰ ਨਹੀਂ। ਇਹ ਗੁਰਬਾਣੀ ਲਖਾਈ ਗੁਰਮਤਿ ਦੀ ਧਾਰਨਾ ਤਿਨ੍ਹਾਂ ਦੇ ਵਿਰਸੇ ਵਿਚ ਹੀ ਆਵੰਦੀ ਹੈ ਜਿਨ੍ਹਾਂ ਦੇ ਮਸਤਕ ਉਤੇ ਧੁਰੋਂ ਹੀ ਇਹ ਸ਼ੁਭ ਰੇਖ ਲੇਖ ਲਿਖੀ ਹੁੰਦੀ ਹੈ।

ਰਸਿ ਰਸਿ ਹਸਿ ਹਸਿ ਗੁਣ ਗਾਵਣਹਾਰੇ ਗੁਰਮੁਖਿ ਜਨ ਅੰਦਰਲੇ ਰਸ-ਜੋਤਿ-ਅਹਿਲਾਦੀ ਬਿਸਮ ਬਿਗਾਸ ਵਿਖੇ ਸਤਿਗੁਰੂ ਦੇ ਜੋਤਿ ਕਿਰਣ ਪ੍ਰਕਾਸ਼ੀ ਦਿਬ ਲਤੀਫ਼ ਅੰਸਾਸੀ ਚਰਨ ਕੰਵਲਾਂ ਨੂੰ ਪਰਤੱਖ ਪੇਖਦੇ ਹਨ। ਜਿਉਂ ਜਿਉਂ ਰਸ ਰਸ ਕੇ ਹੱਸ ਵਿਗੱਸ ਕੇ ਹਰਿ ਜਨ ਗੁਣ ਗਾਵੰਦਾ ਹੈ ਤਿਉਂ ਤਿਉਂ ਨਾਮ ਰਸ ਜੋਤਿ ਵਿਗਾਸ ਦੇ ਸਿਮਰਨ-ਖੇੜੇ ਹੋਰ ਵਧੇਰੇ ਖਿੜਦੇ ਹਨ। ਇਹ ਜੋਤਿ ਵਿਗਾਸੀ ਨਾਮ-ਸਿਮਰਨ, ਅੰਤਰਿ ਜੋਤਿ-ਰਤੰਨੇ, ਜੋਤਿ-ਵਿਗਸੰਨੇ ਗੁਰ-ਚਰਨ-ਕੰਵਲ ਦਾ ਸਿਮਰਨ ਬਣ ਜਾਂਦਾ ਹੈ। ਸਿਮਰਨਹਾਰੇ ਗੁਰਮੁਖਿ ਜਨ ਦਾ ਫੇਰ ਇਹ ਜੀਉ ਕਰਦਾ ਹੈ ਕਿ "ਗੁਰ ਕੇ ਪਗ ਸਿਮਰਉ ਦਿਨੁ ਰਾਤੇ" ਦਿਨ ਰਾਤ ਗੁਰੂ ਕੇ ਪਗ (ਚਰਨ) ਹੀ ਸਿਮਰਦਾ ਰਹਾਂ। ਕੰਵਲਾਂ ਪਗਾਂ ਨੂੰ ਸਿਮਰਿ ਸਿਮਰਿ ਨਿਹਾਰਾਂ ਤੇ ਨਿਹਾਰਿ ਨਿਹਾਰਿ ਸਿਮਰਾਂ। ਇਸ ਬਿਧਿ ਗੁਰ-ਪਗ ਦਿਨ ਰਾਤੀ ਸਿਮਰ ਸਿਮਰ ਕੇ ਇਹ ਆਤਮ ਬਿਵਸਥਾ ਬਣ ਆਉਂਦੀ ਹੈ ਕਿ ਹਿਰਦੇ ਅੰਦਰ ਵਾਹਿਗੁਰੂ ਹੀ ਵਾਹਿਗੁਰੂ ਵਸਦਾ ਦਿਸਦਾ ਹੈ। ਤਾਂ ਤੇ ਇਸ ਜਗ ਅੰਦਰ ਕੇਵਲ ਵਾਹਿਗੁਰੂ ਨਾਮ ਦੀ ਕੀਰਤੀ ਅਤੇ ਵਾਹਿਗੁਰੂ ਦੀ ਸਿਫਤਿ-ਸਾਲਾਹ ਗੁਰਬਾਣੀ ਦਾ ਕੀਰਤਨ ਹੀ ਤੱਤ ਸਾਰ ਵਿਲੱਖਣੀ ਵਿਹਾਜਣ ਜੋਗ ਵਸਤੂ ਹੈ। ਗੁਰਮਤਿ ਨਾਮ ਦਾ ਸਿਮਰੀ ਜਾਣਾ ਅਤੇ ਗੁਰਬਾਣੀ ਦਾ ਗਾਈ ਜਾਣਾ ਸਾਲਾਹੀ ਜਾਣਾ ਗੁਰਮੁਖਿ ਜਨਾਂ ਦਾ ਤੱਤ-ਆਦਰਸ਼ੀ ਕਰਮ ਹੈ। ਨਾਮ ਬਾਣੀ ਪਾਰਸ ਚੰਦਨ ਰੂਪ ਹੈ। ਜਿਉਂ ਜਿਉਂ ਚੰਦਨ ਨੂੰ ਘਸਾਇਆ ਜਾਵੇ ਤਿਉਂ ਤਿਉਂ ਤਿਸ ਵਿਚੋਂ ਵਧ-ਵਧੇਰੇ ਮਹਿਕ ਉਠਦੀ ਹੈ। ਇਸੇ ਪ੍ਰਕਾਰ ਜਿਉਂ ਜਿਉਂ ਨਾਮ ਬਾਣੀ ਦਾ ਸੁਆਸਿ ਸੁਆਸਿ ਰਸਨ ਰਸ ਰਸਾ ਕੇ ਚੰਦਨ ਜਸ ਘਸਾ ਕੇ ਰਟਨ ਕੀਤਾ ਜਾਵੇ ਤਿਉਂ ਤਿਉਂ ਪਾਰਸ ਰਸ ਮੁਸ਼ਕੀ ਝਕੋਲਣਾ ਜੋਤਿ ਖਿੜਾਉ ਅੰਤਰਗਤਿ ਹੋਰ ਵਧੇਰੇ ਖਿੜਦਾ ਹੈ। ਇਹ ਹੈ ਵਿਆਖਿਆ "ਘਸਿ ਚੰਦਨੁ ਜਸੁ ਘਸਿਆ" ਗੁਰ-ਪੰਗਤੀ ਦੀ।

ਇਸ ਬਿਧਿ ਹਰੀ ਜਨਾਂ ਦੀ ਰਸਨ ਰਸ ਦੇ ਚੰਦਨ ਜਸ ਘਸਦੇ ਘਸਦੇ ਹਰਿ ਲਿਵ ਲਗ ਜਾਂਦੀ ਹੈ। ਇਹ ਬਿਸਮਾਦ ਲਿਵ-ਅਵਸਥਾ ਕੇਵਲ ਗੁਰੂ ਘਰ ਦੇ ਗੁਰਮੁਖਾਂ ਜਨਾਂ ਦੇ ਵਿਰਸੇ ਵਿਚ ਹੀ ਆਈ ਹੈ। ਇਸ ਲਿਵ-ਅਵਸਥਾ ਦੀ ਸਾਰ ਹੋਰ ਕੋਈ ਆਨਮਤੀਆ ਕੀ ਜਾਣ ਸਕਦਾ ਹੈ, ਭਾਵੇਂ ਇਸ ਅਵਸਥਾ ਦੀ ਖੋਜ ਵਿਖੇ ਉਸ ਨੇ ਸਾਰੀ ਉਮਰ ਟੱਕਰਾਂ ਮਾਰੀਆਂ ਹੋਣ। ਸਾਰੇ ਮਨਮੁਖੀਏ ਸਾਕਤ ਪੁਰਸ਼ ਖੋਜ ਖੋਜ ਕੇ ਹਾਰ ਥੱਕੇ ਹਨ, ਓਹ ਸੁੱਕੇ ਦੇ ਸੁੱਕੇ ਹੀ ਰਹਿੰਦੇ ਹਨ। ਆਪ ਤਾਂ ਓਹ ਨਿਕੋਰ ਸੁੱਕੇ ਹਨ, ਇਸ ਕਰਕੇ ਸਾਕਤਾਂ ਨੂੰ ਏਹਨਾਂ ਰੰਗਾਂ ਦੀ ਕੱਖ ਸਾਰ ਨਹੀਂ ਹੁੰਦੀ। ਗੁਰਮੁਖਿ ਜਨਾਂ ਦੇ ਆਤਮ-ਰੰਗ ਦੇਖ ਕੇ ਓਹ ਖਿਝਦੇ ਹਨ, ਨਘੋਚਾਂ ਕੱਢਦੇ ਹਨ, ਉਲਟੀ ਨਿੰਦਿਆ ਕਰਦੇ ਹਨ, ਈਰਖਾ-ਅਗਨੀ ਨਾਲ ਸੜ ਸੜ ਮਰਦੇ ਹਨ। ਜਿਉਂ ਨਾਗਨੀ ਅਗਨੀ ਨਾਲ ਛੋਹ ਕੇ ਜਲ ਜਾਂਦੀ ਹੈ ਤਿਉਂ ਨਿੰਦਾ ਨਾਗਨੀ ਦੀ ਬਿਖ-ਅਗਨ ਵਿਚ ਜਲ ਥਲ ਕੇ ਨਿੰਦਕ ਸਾਕਤ ਪੁਰਸ ਦਗਧ ਹੋ ਜਾਂਦੇ ਹਨ। ਓਹਨਾਂ ਦੇ ਕਿਰਤ-ਕਰੰਮੀ-ਸੰਜੋਗ-ਲੇਖਾਂ ਵਿਚ ਧੁਰੋਂ ਇਹੋ ਕੁਛ ਨਿੰਦਾ ਕਰਨਾ ਹੀ ਲਿਖਿਆ ਚਲਿਆ ਆਉਂਦਾ ਹੈ।

ਪਰ ਆਪਣੇ ਜਨਾਂ ਦਾ ਵਾਹਿਗੁਰੂ ਸੁਆਮੀ ਆਪ ਰਾਖਾ ਹੈ, ਭਗਤ-ਵਛਲ ਵਾਹਿਗੁਰੂ ਦਾ ਬਿਰਦ ਇਹੋ ਹੈ। ਜੁਗਿ ਜੁਗਿ ਆਪਣੇ ਭਗਤ ਜਨਾਂ ਦੀ ਰਖਦਾ ਆਇਆ ਹੈ। ਦੁਸ਼ਟਾਂ ਨਿੰਦਕਾਂ ਸਾਕਤਾਂ ਦੇ ਨਿੰਦਾ ਬਖ਼ੀਲੀ ਕਰਨ ਤੋਂ ਭਗਤ ਜਨਾਂ ਦਾ ਘਟਦਾ ਕੁਛ ਨਹੀਂ। ਸਾਕਤ ਨਿੰਦਕ ਆਪ ਹੀ ਝੜਿ ਝੜਿ ਪੈਂਦੇ ਹਨ। ਜੇਤੇ ਭੀ ਚੁਰਾਸੀ ਦੇ ਜੀਵ ਹਨ, ਸਭ ਕਾਲ ਦਾ ਖਾਜਾ ਹਨ। ਵਾਹਿਗੁਰੂ ਦੀ ਸ਼ਰਨੀ ਢਹਿ ਪਇਆਂ, ਨਿਰੇ ਵਾਹਿਗੁਰੂ ਦੇ ਹੀ ਹੋਇ ਰਹਿਆਂ ਹਰਿ ਜਨਾਂ ਨੂੰ ਵਾਹਿਗੁਰੂ ਆਪ ਹੱਥ ਦੇ ਕੇ ਰਖਦਾ ਹੈ।

(੨੩੫) **ਤਿਸੁ ਜਨ ਕੈ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ ॥**
**ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ ॥੨॥**
**ਹਰਿ ਜਨ ਕਉ ਹਰਿ ਭੁਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ ॥**
**ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥੩॥੩॥**
*(ਮਲਾਰ ਮ: ੪, ਪੰਨਾ ੧੨੬੩)*

ਜਿਸ ਜਿਸ ਜਨ ਉਪਰ ਵਾਹਿਗੁਰੂ ਦੀ ਖ਼ਾਸ ਕਿਰਪਾ ਹੁੰਦੀ ਹੈ ਤਿਨ੍ਹਾਂ ਨੂੰ ਗੁਰ ਪ੍ਰਸਾਦ ਕਰਿ ਗੁਰ-ਦੀਖਿਆ ਗੁਰਮੰਤ੍ਰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਸੋ ਗੁਰਮੰਤ੍ਰ ਗੁਰਮਤਿ ਨਾਮ ਦੀ ਕਮਾਈ ਕਰ ਕੇ ਪੂਰਨ ਗੁਰਮਤਿ-ਭਗਤੀ ਦੇ ਰੰਗਾਂ ਵਿਚ ਰੰਗੀਜੇ ਜਾਂਦੇ ਹਨ। ਤਿਨ੍ਹਾਂ ਐਸੇ ਜਨਾਂ ਦੇ ਹਾਟਿ-ਬਿਹਾਜੇ ਮੁਲ-ਖ਼ਰੀਦੀ ਲਾਲੇ ਗੋਲੇ ਹੋਣਾ ਹਰ ਇਕ ਸਿਖ ਜਗਿਆਸੂ ਦਾ ਫ਼ਰਜ਼ ਹੈ। ਅਜਿਹੇ ਹਰਿ ਜਨ ਨੂੰ ਮਿਲਿਆਂ ਸੱਚੇ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਭ ਦੁਰਮਤਿ ਮੈਲ ਦੂਰ ਹੁੰਦੀ ਹੈ। ਹਰਿ ਜਨ ਸਦਾ ਨਾਮ ਦੇ ਭੁਖੇਲੇ ਰਹਿੰਦੇ ਹਨ। ਨਾਮ ਜਪਦਿਆਂ ਤਿਨ੍ਹਾਂ ਨੂੰ ਤ੍ਰਿਪਤਿ ਨਹੀਂ ਆਉਂਦੀ। ਜਿਉਂ ਜਿਉਂ ਨਾਮ ਜਪਦੇ ਹਨ ਤਿਉਂ ਤਿਉਂ ਨਾਮ ਦੀ ਭੁੱਖ ਹੋਰ ਵਧਦੀ ਹੈ। ਹਰਿ ਗੁਣਾਂ ਨੂੰ ਬਿਚਰਿ ਬਿਚਰਿ ਤਿਨ੍ਹਾਂ ਨੂੰ ਤ੍ਰਿਪਤਿ-ਆਨੰਦੀ ਰਸੁ ਆਉਂਦਾ ਹੈ। ਇਹ ਤ੍ਰਿਪਤ-ਆਨੰਦੀਆ ਰਸ ਹੋਰ ਰੁਚੀ ਵਧਾਉਂਦਾ ਹੈ ਨਾਮ ਸਿਮਰਨ ਦੀ ਤੇ ਹਰਿ ਗੁਣ ਬਿਚਰਨ ਦੀ। ਵਾਹਿਗੁਰੂ ਦਾ ਸੰਤ ਭਗਤ ਜਨ ਜਲ ਮੀਨ ਦੀ ਨਿਆਈਂ ਹੈ। ਜਿਵੇਂ ਮੀਨ ਮਛਲੀ ਜਲ ਤੋਂ ਬਿਨਾਂ ਤੜਫ਼ ਤੜਫ਼ ਕੇ ਮਰ ਜਾਂਦੀ ਹੈ ਤਿਵੇਂ ਹਰਿ ਜਨ ਜਿਸ ਛਿਨ

ਨਾਮ ਤੋਂ ਸਖਣਾ ਹੋ ਜਾਂਦਾ ਹੈ, ਤਿਸ ਛਿਨ ਉਸ ਦਾ ਮਰਨ ਹੋ ਜਾਂਦਾ ਹੈ। ਐਸੇ ਹਨ ਹਰਿ ਜਨ, ਸੰਤ ਭਗਤ ਜਨ।

(੨੩੬) **ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ ॥**
**ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ ॥...੨॥੩॥੧੦॥**

*(ਸਾਰਗ ਮ: ੪, ਪੰਨਾ ੧੨੦੧)*

ਸ਼ਰਧਾ ਭਾਵਨੀ ਵਾਲੇ ਹਰਿ ਜਨਾਂ ਸਿੱਖਾਂ ਸੰਤਾਂ ਨੂੰ ਨਾਮ ਕਮਾਈਆਂ ਕਰਿ ਕਰਿ ਪਰਤੱਖ ਆਇ ਮਿਲਿਆ ਹੈ ਹਰੀ ਪਰਮਾਤਮ ਗੁਰਮੁਖਿ (ਸਭ ਤੋਂ ਮੁਖੀ ਗੁਰੂ) ਵਾਹਿਗੁਰੂ ਨਿਰੰਕਾਰ। ਵਾਹਿਗੁਰੂ ਨਿਰੰਕਾਰ ਗੁਰੂ ਮੁਖਿ, ਸਿਰੋਮਣਿ ਪੁਰਖ ਅਕਾਲ ਹਰਿ ਰਾਉ ਨੂੰ ਪਰਤੱਖ ਪੇਖ ਕੇ ਪੇਖਨਹਾਰੇ ਸਿਖ ਸੰਤ ਹਰਿ ਜਨਾਂ ਦਾ ਹਿਰਦਾ ਨਿਹਾਲ ਨਿਹਾਲ ਅਨੰਦੋ ਅਨੰਦ ਹੋ ਗਿਆ ਹੈ। ਮਹਾਂ ਅਨੰਦ ਭਇਆ ਹੈ।

(੨੩੭) **ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ ਉਪਦੇਸਿ ਗੁਰੂ ਗੁਰ ਸੁਨੇ ॥**
**ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ ॥੧॥੫॥**

*(ਨਟ ਮ: ੪, ਪੰਨਾ ੯੭੬)*

ਸਤਿਗੁਰੂ ਦਾ ਗੁਰਮੰਤ੍ਰ ਦੀਖਿਆ ਮਈ ਉਪਦੇਸ਼ ਸੁਣ ਕੇ ਸਿਖ ਸੰਤ ਹਰਿ ਜਨ ਆਤਮ-ਰੰਗਾਂ ਵਿਚ ਹੋਇ ਕੈ ਹਰਿ ਜਸ ਗਾਵੰਦੇ ਹਨ ਅਤੇ ਸਿਫਤਿ-ਸਾਲਾਹ ਮਈ ਸਿਮਰਨ-ਜਾਪ ਅਲਾਉਂਦੇ ਹਨ। ਕਿਸੇ ਆਨ ਜਾਪ ਤਾਪ ਮਈ ਬਹੁ ਪ੍ਰਕਾਰੀ ਜੁਗਤੀ ਕਰਿ ਭੀ ਨਾ ਕੱਟੇ ਜਾਣ ਵਾਲੇ ਪਾਪ ਕਿਲਬਿਖ ਪਾਪ, ਗੁਰਮਤਿ ਨਾਮ ਸਿਫਤਿ-ਸਾਲਾਹ ਦੁਆਰਾ ਐਉਂ ਕੱਟੇ ਜਾਂਦੇ ਹਨ, ਜਿਵੇਂ ਕਿਰਸਾਨ ਖੇਤੀ ਨੂੰ ਕੱਟ ਦਿੰਦਾ ਹੈ। ਏਥੇ (ਇਸ ਗੁਰਵਾਕ ਵਿਖੇ) 'ਗੁਰੂ ਪਦ', 'ਹਰਿ ਜਨ' ਪਦ ਤੋਂ ਨਿਰਾਲਾ ਆਉਣ ਤੋਂ ਸਪੱਸ਼ਟ ਸਿੱਧ ਹੈ ਕਿ ਹਰਿ ਜਨ ਸੰਤ ਮੁਰਾਦ ਸਿਖ ਸੰਤ ਤੋਂ ਹੈ; ਗੁਰੂ ਸੰਤ ਤੋਂ ਨਹੀਂ। ਗੁਰੂ ਦਾ ਤਾਂ ਉਪਦੇਸ਼ ਲੈ ਕੇ ਹਰਿ ਜਨ ਸੰਤ ਸਿਫਤਿ-ਸਾਲਾਹ ਵਿਚ ਜੁਟਦੇ ਹਨ। ਗੁਰਮਤਿ ਨਾਮ ਅਭਿਆਸੀ ਹੋਣ ਕਰਿ ਗੁਰਸਿੱਖਾਂ ਨੂੰ ਸੰਤ ਪਦਵੀ ਗੁਰੂ ਘਰ ਵਿਖੇ ਪ੍ਰਾਪਤ ਹੈ। ਤਾਂ ਤੇ ਓਹ ਨਾਮ ਜਪਣ ਵਾਲੇ ਗੁਰਮੁਖਿ 'ਸੰਤ' ਸਦਾਉਂਦੇ ਹਨ, 'ਗੁਰੂ' ਨਹੀਂ ਕਹਾਉਂਦੇ। ਸਗੋਂ ਗੁਰੂ ਤੇ ਵਰੋਸਾਏ ਹੋਏ, ਗੁਰੂ-ਦੀਖਸ਼ਾਈ ਹੋਏ, ਗੁਰ-ਦੀਖਿਆ ਕਮਾਵਣਹਾਰੇ ਹਰਿ ਜਨ ਸੰਤ ਹਨ।

(੨੩੮) **ਹਉ ਤਿਨ ਬਲਿਹਾਰੈ ਜਿਨ ਹਰਿ ਮੰਨਿ ਵਸਾਏ ॥**
**ਹਰਿ ਜਨ ਕਉ ਮਿਲਿਆ ਸੁਖੁ ਪਾਈਐ ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ਰਹਾਉ॥੫॥**

*(ਬਿਲਾਵਲੁ ਮ: ੩, ਪੰਨਾ ੭੯੮)*

ਹਰਿ ਮਨਿ-ਵਸਾਉਣ ਵਾਲੇ ਹਰਿ ਜਨ ਤੋਂ ਮੁਰਾਦ ਏਥੇ ਭੀ ਗੁਰੂ ਘਰ ਦੇ ਗੁਰਮੁਖਿ ਸੰਤ ਜਨਾਂ ਤੋਂ ਹੈ। ਐਸੇ ਗੁਰਮੁਖਿ ਹਰਿ ਸੰਤ ਜਨ ਸਿੱਖਾਂ ਦੀ ਸੰਗਤਿ ਵਿਚ ਮਿਲ ਕੇ ਪਰਮ ਸੁਖ ਪਾਈਦਾ ਹੈ, ਕਿਉਂਕਿ ਤਿਨ੍ਹਾਂ ਨਾਲ ਮਿਲ ਕੇ ਹਰਿ ਗੁਣ ਗਾਉਣ ਦਾ ਸੁਭ ਅਵਸਰ ਪ੍ਰਾਪਤ ਹੁੰਦਾ ਹੈ, ਸਹਿਜ ਸੁਭਾਇ ਹੀ।

ਏਦੂੰ ਅਗਲੇਰੇ ਗੁਰਵਾਕ ਪ੍ਰਮਾਣਾਂ ਅੰਦਰ ਹਰਿ ਜਨ ਪਦ ਤੋਂ ਭਾਵ ਸਿਖ ਸੰਤ ਜਨ ਦਾ ਹੀ ਹੈ, ਤਾਂ ਤੇ ਉਹ ਸਮੁੱਚੇ ਵਾਕ ਵਖੋ ਵਖ ਅਗਾਹਾਂ ਦਿਤੇ ਜਾਂਦੇ ਹਨ।

 www.sikhbookclub.com

(੨੩੯) **ਹਰਿ ਜਨ ਸਿਮਰਹੁ ਹਿਰਦੈ ਰਾਮ ॥**

**ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ਰਹਾਉ॥੧੩॥**

*(ਜੈਤਸਰੀ ਮ: ੫, ਪੰਨਾ ੭੦੨)*

ਹਿਰਦੈ ਸਿਮਰਨੀਆ ਨਾਮ ਅਭਿਆਸ, ਗੁਰਮੁਖਿ ਸਿਖ ਸੰਤਾਂ ਹਰਿ ਜਨਾਂ ਨੂੰ ਸੁਤੇ ਹੀ ਸਫੁਰਨ ਹੁੰਦਾ ਹੈ। ਜਿਵੇਂ ਗੁਰਮੁਖਿ ਹਰਿ ਜਨ ਸਿੱਖਾਂ ਸੰਤਾਂ ਦਾ ਮੁਖ ਗੁਰਮਤਿ ਨਾਮ ਦਾ ਜਾਪੁ ਜਪਾਂਦਾ ਹੈ ਤਿਵੇਂ ਓਹਨਾਂ ਦਾ ਹਿਰਦਾ ਭੀ ਹਰਿ ਕਾ ਬਿਲੋਵਣਾ ਬਿਲੋਵੰਦਾ ਹੈ। ਅਰਧ ਉਰਧੀ ਸੁਆਸ ਅਭਿਆਸ ਗੁਰਮੰਤ੍ਰ ਦਾ ਝਰਦਾ ਹੋਇਆ ਰਸ ਪ੍ਰੇਮ ਬੇਧਿਆ ਹਿਰਦਾ, ਮੁਖ ਦੀ ਨਿਆਈਂ ਹੀ ਹਰਕਤ ਵਿਚ ਆਉਂਦਾ ਹੈ। ਜਿਉਂ ਸੁਆਸ ਅਭਿਆਸੀ ਅਰਧ ਉਰਧਾਸ ਵਿਚ ਹਲੂਣਿਆ ਝੂਣਿਆ ਹਿਰਦਾ ਹਰਿ ਕਾ ਬਿਲੋਵਣਾ ਬਿਲੋਇ ਕੈ ਨਾਭੀ ਅੰਦਰ ਖ਼ਾਸ ਅਮੀ ਰਸ ਝਕੋਲਣਾ ਮਾਖਨ ਵਿਰੋਲਣਾ ਹੋ ਜਾਂਦਾ ਹੈ, ਇਉਂ ਹਿਰਦੇ ਅੰਦਰੋਂ ਪਾਪਾਂ ਕਮਾਤੀ ਬਿਖੁ ਦੂਖ ਮੈਲ ਸਭ ਧੋਤੀ ਜਾਂਦੀ ਹੈ। ਤਾਂ ਹੀ ਤੇ ਹਰਿ ਜਨ ਕਉ ਕੋਈ ਅਪਦਾ ਨਹੀਂ ਵਿਆਪਦੀ। ਨੇੜੇ ਹੀ ਨਹੀਂ ਆਉਂਦੀ। ਆਵੇ ਤਾਂ ਮਹਿਸੂਸ ਹੀ ਨਹੀਂ ਹੁੰਦੀ ਅਤੇ ਇਸ ਬਿਧਿ ਹਿਰਦੇ-ਬੇਧੀਆ ਸਿਮਰਨ ਕਰਿ ਕਰਿ ਸੁਰਤੀ ਸਹਿਜ ਸੁਭਾਇ ਹੀ ਪਰੀਪੂਰਨ ਪਰਮਾਤਮਾ ਵਿਚ ਲਿਵਲੀਨ ਹੋ ਜਾਂਦੀ ਹੈ। ਪੂਰਨ ਪੁਰਖ ਬਿਧਾਤਾ ਸਰਬ ਫਲਾ ਪਰਦਾਤਾ ਹੈ, ਹਰਿ ਜਨਾਂ ਦੇ ਸੁਤੇ ਸਫੁਰ ਮਨੋਰਥਾਂ ਦੇ ਪੂਰਨ ਕਰਨੇਹਾਰਾ ਹੈ। ਤਾਹੀਂ ਤੇ ਹਿਰਦੇ ਕਰਿ ਹਰਿ-ਸਿਮਰਨ ਵਿਚ ਜੁਟੇ ਹਰਿ ਜਨਾਂ ਸਿੱਖਾਂ ਸੰਤਾਂ ਦਾਸਾਂ ਸੇਵਕਾਂ ਦੀਆਂ ਮਨੋ-ਕਾਮਨਾਈ ਮਨੋਰਥ-ਮੁਰਾਦਾਂ ਸੁਤੇ ਸਹਿਜ ਹੀ ਪੂਰੀਆਂ ਹੋ ਜਾਂਦੀਆਂ ਹਨ। ਦਾਸਾਂ ਦੇ ਕਾਮ ਪੂਰਨ ਹੋ ਕੇ ਹੀ ਰਹਿੰਦੇ ਹਨ।

(੨੪੦) **ਹਰਿ ਜਨਿ ਸਿਮਰਿਆ ਨਾਮ ਅਧਾਰਿ ॥**

**ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਕਿਰਪਾ ਧਾਰਿ ॥ਰਹਾਉ॥੪੬॥**

*(ਸੋਰਠਿ ਮ: ੫, ਪੰਨਾ ੬੨੦)*

ਜਿਨ੍ਹਾਂ ਹਰਿ ਜਨਾਂ ਗੁਰੂ ਘਰ ਦੇ ਸਿੱਖਾਂ ਸੰਤਾਂ ਨੇ ਨਾਮ ਸਿਮਰਨ ਦੀ ਐਸੀ ਅਤੁੱਟ ਕਮਾਈ ਕੀਤੀ ਹੈ ਕਿ ਨਾਮ ਉਹਨਾਂ ਦਾ ਅਧਾਰ ਰੂਪ ਹੀ ਹੋ ਗਿਆ ਹੈ, ਅਰਥਾਤ, ਨਾਮ ਦਾ ਅਤੁੱਟ ਸਿਮਰਨ ਕਰਿ ਕਰਿ ਜੋ ਜਨ ਕੇਵਲ ਨਾਮ-ਅਧਾਰੀਏ ਨਾਮ-ਅਹਾਰੀਏ ਬਣ ਰਹੇ ਹਨ, ਤਿਨ੍ਹਾਂ ਉਤੇ ਸਤਿਗੁਰੂ ਦੀ ਐਸੀ ਅਪਾਰ ਕਿਰਪਾ ਹੋ ਜਾਂਦੀ ਹੈ ਕਿ ਤਿਨ੍ਹਾਂ ਦੇ ਆਧੀ ਬਿਆਧੀ ਉਪਾਧੀ ਰੂਪੀ ਸਭੇ ਤਾਪ ਪਾਪ ਉਤਰ ਜਾਂਦੇ ਹਨ। ਐਸੇ ਸਿਮਰਨ ਪ੍ਰਤਾਪ ਵਾਲੇ ਸਿਖ ਸੰਤ ਜਨ ਗੁਰੂ ਘਰ ਵਿਖੇ ਅਨੇਕਾਂ ਹੀ ਹੋਏ ਹਨ, ਹੁੰਦੇ ਚਲੇ ਆਉਂਦੇ ਹਨ, ਹੁਣ ਭੀ ਹਨ ਅਤੇ ਹੁੰਦੇ ਰਹਿਣਗੇ।

(੨੪੧) **ਹਰਿ ਜਨ ਕਉ ਇਹੀ ਸੁਹਾਵੈ ॥**

**ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨ ਹੀ ਤ੍ਰਿਪਤਾਵੈ ॥ਰਹਾਉ॥੧੬॥**

*(ਸੋਰਠਿ ਮ: ੫, ਪੰਨਾ ੬੧੩)*

ਹਰਿ ਸੰਤ ਜੋ ਅਨਿੰਨ ਸਿਖ ਹੈ ਸਤਿਗੁਰੂ ਦਾ, ਉਹ ਗੁਰੂ ਕਰਤਾਰ ਨੂੰ ਹਰ ਦਮ ਨਿਕਟ ਕਰਿ ਹਾਜ਼ਰਾ ਹਜ਼ੂਰ ਜਾਣਦਾ ਹੋਇਆ, ਸਤਿਗੁਰੂ ਦ੍ਰਿੜ੍ਹਾਈ ਸਿਮਰਨ ਮਈ ਸੇਵਾ ਵਿਚ ਹੀ ਹਰ ਦਮ ਜੁਟਿਆ ਰਹਿੰਦਾ ਹੈ। ਉਸ ਦੀ ਖਿਨ ਖਿਨ ਸਿਮਰਨ ਕੀਰਤਨ

ਕਰਦਿਆਂ ਦੀ ਵਿਹਾਉਂਦੀ ਹੈ। ਕੀਰਤਨ ਸਿਮਰਨ ਮਈ ਸੇਵਾ ਹੀ ਉਸ ਨੂੰ ਤ੍ਰਿਪਾਉਂਦੀ ਹੈ। ਸਿਮਰਨ ਭਜਨ ਕੀਰਤਨ ਦੀ ਖਿਨ ਖਿਨ ਮਸ਼ਮੂਲੀਅਤ ਹੀ ਉਸ ਦਾ ਸ਼ੁਗਲ ਹੈ।

(੨੪੨) **ਹਰਿ ਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ ॥**
**ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥੨॥੨॥**
*(ਬਿਲਾਵਲੁ ਮ: ੪, ਪੰਨਾ ੭੯੯)*

ਗੁਰੂ ਘਰ ਦੀ ਸਿਮਰਨ ਰੂਪੀ ਸੇਵਾ ਕਰਨ ਵਾਲੇ ਸੇਵਕ ਜਨ ਜੋ ਜੋ ਭੀ ਭਏ ਹੈਂ, ਸੋ ਸਭੇ ਹੀ ਸਤਿਗੁਰੂ ਨੇ ਤਾਰ ਲਏ ਹਨ। ਸਭ ਉਸ ਦੀ ਸਿਫਤਿ-ਸਾਲਾਹ ਦੇ ਆਸਰੇ ਹੀ ਤਰੇ ਹਨ। ਇਹ ਸਿਫਤਿ-ਸਾਲਾਹ ਰੂਪੀ ਮੇਹਰ ਕਰ, ਗੁਰੂ ਨੇ ਆਪ ਤਿਨ੍ਹਾਂ ਉਤੇ ਦਰਸਾਈ ਹੈ। ਅਸਾਂ ਨਿਰਗੁਣਾਂ ਨੂੰ ਭੀ ਆਪਣੀ ਉਪਮਾ ਦੇ ਆਸਰੇ ਨਿਸਤਾਰ ਕੇ ਆਪਣੇ ਚਰਨਾਂ ਵਿਚ ਹੀ ਰਖ ਲੈ। ਹੇ ਮੇਰੇ ਠਾਕੁਰ ਗੁਰੂ ਕਰਤਾਰ ! ਤੇਰੇ ਬਾਝੋਂ ਹੋਰ ਸਾਡਾ ਕੋਈ ਨਹੀਂ। ਤੇਰਾ ਜਾਪ ਵੱਡੇ ਕਰਮਾਂ ਕਰਕੇ ਮਿਲਦਾ ਹੈ। ਤੂੰ ਆਪੇ ਹੀ ਸਾਨੂੰ ਆਪਣਾ ਸਿਮਰਨ ਜਾਪ ਅਜਾਪ ਬਖ਼ਸ਼ ਦੇ। ਇਹ ਤੇਰੀ ਵੱਡੀ ਵਡਿਆਈ ਹੈ।

(੨੪੩) **ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ**
**ਧੁਰਿ ਭਾਗ ਵਡੇ ਹਰਿ ਪਾਇਆ ਰਾਮ ॥...੪॥੨॥**
*(ਬਿਹਾਗੜਾ ਛੰਤ ਮ: ੪, ਪੰਨਾ ੫੩੯)*

ਹਰਿ ਲਿਵ ਦੁਆਰਾ ਹਰਿ ਜਨ ਚੜ੍ਹਦੀਆਂ ਕਲਾਂ ਵਾਲੇ ਨਾਮ ਰੰਗ ਵਿਚ ਉਬਰਦੇ ਹੋਏ ਵਾਹਿਗੁਰੂ ਪ੍ਰਾਪਤੀ ਦਾ ਸੁਭਾਗ ਹਾਸਲ ਕਰਦੇ ਹਨ। ਇਹ ਵੱਡੇ ਭਾਗਾਂ ਕਰਿ, ਪੂਰਬ ਜਨਮ ਪਰਚੂਨ ਕਮਾਏ ਕਰਮਾਂ ਕਰਿ, ਧੁਰਿ ਕਰਮਿ ਲਿਖਾਏ ਲੇਖਾਂ ਕਰਿ, ਹਰਿ ਲਿਵ ਮੁਬਾਰਕੀ ਵਸਲ ਮੇਲ ਵਾਹਿਗੁਰੂ ਸੰਗ ਨਸੀਬ ਹੁੰਦਾ ਹੈ।

(੨੪੪) **ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥**
**ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨਿ ਭੀਜੈ ਜੀਉ ॥੧॥੪॥**
*(ਮਾਝ ਮ: ੪, ਪੰਨਾ ੯੫)*

ਇਸ ਗੁਰਵਾਕ ਵਿਖੇ 'ਹਰਿ ਜਨ ਸੰਤ' ਨੂੰ ਸਾਫ਼ 'ਭਾਈ' ਪਦ ਨਾਲ ਸੰਬੋਧਨ ਕੀਤਾ ਗਿਆ ਹੈ, ਜੈਸੇ ਕਿ ਸਿੱਖਾਂ ਨੂੰ ਭਾਈ ਪਦ ਨਾਲ ਗੁਰੂ ਘਰ ਅੰਦਰ ਖ਼ਿਤਾਬਤ ਕੀਤਾ ਜਾਂਦਾ ਹੈ। ਪ੍ਰਸਪਰ ਮਿਲ ਕੇ ਹਰਿ ਜਨ ਸੰਤ ਸਿਖ ਸਜਨ ਸਤਸੰਗ-ਮੰਡਲ ਵਿਖੇ ਗੁਰਬਾਣੀ-ਕੀਰਤਨ ਰੂਪੀ ਕਥਾ ਕਹਾਣੀਆਂ ਕਰਦੇ ਹਨ। ਤਿਸ ਸਤਸੰਗ ਵਿਖੇ ਹਰਿ ਪ੍ਰਭ ਮਿਲਣ ਦੀਆਂ ਹੀ ਦਸਣੀਆਂ ਦਸਾਈਆਂ ਜਾਂਦੀਆਂ ਹਨ ਅਤੇ ਮੇਲ ਮਿਲਣ ਦੀਆਂ ਲਗੀਆਂ ਆਤਮ-ਭੁੱਖਾਂ ਹਰਿ ਗੁਣ ਗਾਇ ਕਰਿ ਮਿਟਾਈਆਂ ਜਾਂਦੀਆਂ ਹਨ; ਜਗਜੀਵਨ ਦਾਤੇ ਅਗੇ ਮਨ-ਭੀਜਣੇ ਹਰਿ-ਦਰਸ਼ਨ-ਮੇਲ ਦੀਆਂ ਸ਼ਰਧਾ-ਪੂਰਨੀਆਂ ਜੋਦੜੀਆਂ ਜੁਦੜਾਈਆਂ ਜਾਂਦੀਆਂ ਹਨ।

(੨੪੫) **ਹਰਿ ਜਨ ਨਾਮੁ ਆਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥**
**ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥੪॥੨॥**
*(ਬਿਲਾਵਲੁ ਮ: ੪, ਪੰਨਾ ੭੯੯)*

 www.sikhbookclub.com

ਪੂਰਬਲੇ ਸ਼ੁਭ ਕਰਮ ਰੂਪੀ ਵਡ ਭਾਗ ਜਿਨ੍ਹਾਂ ਦੇ ਲੇਖਾਂ ਵਿਚ ਧੁਰੋਂ ਹੀ ਲਿਖੇ ਹੋਏ ਹਨ, ਹਰਿ ਜਨਾਂ ਨੂੰ ਸੱਚੇ ਸਤਿਗੁਰੂ ਦੁਆਰਾ ਦੀਖਿਆ ਗੁਰਮੰਤ੍ਰ ਦਾ ਪ੍ਰਸਾਦ ਮਿਲਦਾ ਹੈ। ਇਉਂ ਜਿਨ੍ਹਾਂ ਨੂੰ ਨਾਮ ਦ੍ਰਿੜ੍ਹ ਹੋ ਜਾਂਦਾ ਹੈ, ਤਿਨ੍ਹਾਂ ਨੂੰ ਨਾਮ ਆਧਾਰ ਰੂਪ ਹੋ ਕੇ ਪੁੰਗਰਦਾ ਹੈ, ਤਿਨ੍ਹਾਂ ਹਰਿ ਸੰਤ ਜਨਾਂ ਦਾ ਜਨਮ ਸਫਲ ਹੋ ਜਾਂਦਾ ਹੈ, ਗੁਰ ਪ੍ਰਸਾਦ ਕਰਿ।

(੨੪੬) ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥
ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ਰਹਾਉ॥
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥
ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥੪੧॥

*(ਗਉੜੀ ਗੁਆ: ਮ: ੪, ਪੰਨਾ ੧੬੪)*

ਜਿਨ੍ਹਾਂ ਪਿਆਰਿਆਂ ਗੁਰਸਿਖ ਸੰਤ ਜਨਾਂ ਦੇ ਮਿਲਿਆਂ ਪਰਮਾਰਥ ਦੀ ਸੱਚੀ ਪਿਆਸ ਦੇ ਬਿਰਹਾ-ਬੇਦਨੀ-ਦੁਖ ਦੂਰ ਹੋ ਜਾਣ, ਤਿਨ੍ਹਾਂ ਹਰਿ ਜਨਾਂ ਦੇ ਦਰਸ਼ਨ-ਮਿਲਾਪ ਦੀ ਸੱਚੀ ਸਿੱਕ ਭਰੀ ਅਕਾਂਖਿਆ ਸੱਚੇ ਪਰਮਾਰਥੀ ਜਗਿਆਸੂਆਂ ਦੀ ਪਰਮਾਤਮਾ ਅਗੇ ਜੋਦੜੀ ਰੂਪ ਹੋ ਕੇ ਪਰਗਟ ਹੁੰਦੀ ਰਹਿੰਦੀ ਹੈ। ਜਿਉਂ ਬੱਛੇ ਨੂੰ ਗਊ ਦੇ ਮਿਲਣ ਦੀ ਪ੍ਰੀਤਿ ਲਗੀ ਰਹਿੰਦੀ ਹੈ ਅਤੇ ਜਿਵੇਂ ਕਾਮਨੀ ਇਸਤ੍ਰੀ ਨੂੰ ਪ੍ਰਦੇਸ ਗਏ ਪਤੀ-ਪ੍ਰੀਤਮ ਦੇ ਮੁੜ ਘਰਿ ਆਵਣ ਦੀਆਂ ਉਡੀਕਾਂ ਦੀ ਸਿਕ ਮਈ ਪ੍ਰੀਤਿ ਹੀ ਪ੍ਰਬਲ ਹੁੰਦੀ ਹੈ, ਤਿਉਂ ਹਰੀ ਜਨਾਂ ਨੂੰ ਹਮੇਸ਼ਾ ਹਰੀ ਜਸ ਗਾਵਣ ਦੀ ਹੀ ਜਿਗਰੀ ਪ੍ਰੀਤਿ ਰਿਦੰਤਰਿ ਸਮਾਈ ਰਹਿੰਦੀ ਹੈ। ਜਿਵੇਂ ਚਾਤ੍ਰਿਕ ਨੂੰ ਸਦਾ ਇਹੀ ਲਿੱਲ ਲਗੀ ਰਹਿੰਦੀ ਹੈ ਕਿ ਕਦੋਂ ਮੀਂਹ ਬਰਸੇ ਅਤੇ ਕਦੋਂ ਸੁਆਂਤ ਬੂੰਦ ਉਸ ਦੇ ਮੂੰਹ ਵਿਚ ਪਵੇ। ਜਿਵੇਂ ਦੁਨਿਆਵੀ ਰਾਜਿਆਂ ਨੂੰ ਆਪਣੇ ਰਾਜਸੀ ਐਸ਼੍ਵਰਜ ਦੇ ਮਾਇਆ ਦੇ ਪਸਾਰੇ ਨੂੰ ਦੇਖਿ ਦੇਖਿ ਮੋਹ-ਮਮਤਾ ਮਈ ਲਗਨ ਹੋ ਲਗੀ ਰਹਿੰਦੀ ਹੈ, ਤਿਵੇਂ ਹਰੀ ਜਨਾਂ ਨੂੰ ਨਿਰੰਕਾਰ ਦੇ ਜਪਣ ਦੀ ਹੀ ਪ੍ਰਬਲ ਪ੍ਰੀਤਿ-ਪਿਆਸ ਲਗੀ ਰਹਿੰਦੀ ਹੈ। ਐਸੇ ਪ੍ਰੇਮ ਮੁਜੱਸਮ ਹਨ ਹਰਿ ਜਨ ਸੰਤ ਗੁਰੂ ਘਰ ਦੇ।

(੨੪੭) ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥
ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ
ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ
ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ
ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥

*(ਆਸਾਵਰੀ ਮ: ੪, ਪੰਨਾ ੩੬੯)*


www.sikhbookclub.com

ਏਥੇ ਹਰੀ ਜਨਾਂ ਗੁਰਮੁਖਿ ਸੰਤਾਂ ਨਾਮ ਦੀ ਚੋਗ ਚੁਗਣਹਾਰਿਆਂ ਪਿਆਰਿਆਂ ਨੂੰ ਹੰਸ ਦੀ ਤਸ਼ਬੀਹ ਦਿਤੀ ਹੈ। ਜੈਸਾ ਹੀਰਾ ਮੋਤੀ ਚੁਗਣਹਾਰੇ ਹੰਸ ਮਾਨ ਸਰੋਵਰ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾਂਦੇ, ਹਰ ਵਕਤ ਸਰੋਵਰ 'ਤੇ ਹੀ ਮਾਇਲ ਰਹਿੰਦੇ ਹਨ। ਸਰੋਵਰ ਬਿਨਾਂ ਇਕ ਖਿਨ ਭੀ ਨਹੀਂ ਰਹਿ ਸਕਦੇ ਤੇ ਉਡ ਕੇ ਹੋਰ ਕਿਸੇ ਛੱਪੜ ਟੋਭੇ ਨਹਿਰ ਦਰਿਆਉ ਉਤੇ ਨਹੀਂ ਜਾਂਦੇ, ਤਿਵੇਂ ਹੀ ਹਰਿ ਜਨ ਸੰਤ ਪਿਆਰੇ ਗੁਰਮੁਖਿ ਹੰਸਲੇ ਸਤਸੰਗ ਰੂਪੀ ਸੁਧਾ ਸਰੋਵਰ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾਂਦੇ ਅਤੇ ਨਾਮ-ਅੰਮ੍ਰਿਤ ਮਈ ਚੋਗ ਤੋਂ ਬਿਨਾਂ ਹੋਰ ਚੋਗ ਨਹੀਂ ਚੁਗਦੇ। ਹਰਿ ਭਗਵਾਨ ਦੇ ਸਿਮਰਨ ਵਿਚ ਹੀ ਨਿਮਗਨ ਰਹਿੰਦੇ ਹਨ। ਇਹੀ ਓਹਨਾਂ ਦਾ ਨਿਰਬਾਣ ਪਦ ਹੈ। ਓਹ ਦੂਜੇ ਭਾਵ ਦੀ ਮਾਇਆਵੀ ਲਾਲਸਾ ਮਈ ਪ੍ਰੀਤਿ ਨੂੰ ਆਮ ਸੰਸਾਰੀਆਂ ਵਤ ਰਿਦੇ ਅੰਦਰਿ ਧਾਰਦੇ ਹੀ ਨਹੀਂ, ਅਰਥਾਤ, ਮਾਇਆ ਵਿਚ ਖੱਚਤ ਨਹੀ ਹੁੰਦੇ। ਨਾ ਹੀ ਓਹਨਾ ਨੂੰ ਆਪਣਾ ਆਪ ਪ੍ਰਗਟਾਉਣ ਦੀ ਕੁਚਸਕਤਾ ਮਈ ਮੋਹ ਪ੍ਰੀਤਿ ਹੁੰਦੀ ਹੈ। ਹਰਿ ਜਨ ਨਿਰੰਕਾਰੀ ਹੰਸਲਿਆਂ ਨੂੰ ਤਾਂ ਇਹੀ ਪ੍ਰਬਲ ਪ੍ਰੀਤਿ ਹੁੰਦੀ ਹੈ ਕਿ ਹਰ ਵਕਤ ਸਿਮਰਨ ਹਰਿ ਕੀਰਤਨ ਦੀ ਧੁਨੀ ਹੀ ਓਹਨਾਂ ਦੇ ਕੰਨਾਂ ਅੰਦਰ ਪੈਂਦੀ ਰਹੇ, ਜਿਸ ਬਿਨਾਂ ਓਹ ਇਕ ਖਿਨ ਭੀ ਰਹਿ ਨਹੀਂ ਸਕਦੇ। ਨਾਮ ਅਭਿਆਸ ਕਮਾਈ ਰੂਪੀ ਹਰਿ ਸੇਵਾ ਬਿਨ ਨਿਮਖ ਭਰ ਭੀ ਓਹਨਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਸਿਮਰਨ ਸਿਫਤਿ-ਸਾਲਾਹੀ ਕਮਾਈ ਬਿਹੂਨ ਓਹਨਾਂ ਦਾ ਮਰਨ ਹੋ ਜਾਂਦਾ ਹੈ।

SIKHBOOKCLUB.COM

# ੧੧

# ਨਾਮ ਦਾ ਜਪਣਾ ਤੇ ਗੁਰਬਾਣੀ ਦਾ ਗਾਉਣਾ ਪੜ੍ਹਨਾ

(੨੪੮) **ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥**
**ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥੧॥ਰਹਾਉ॥੬੩॥**

*(ਆਸਾ ਮ: ੪, ਪੰਨਾ ੩੬੯)*

ਨਾਮ ਦੇ ਵਜਦ ਵਿਚ, ਨਾਮ ਦੇ ਅਮੀ ਰਸ ਰੰਗਾਂ ਵਿਚ ਮਖ਼ਮੂਰ ਹੋ ਕੇ, ਨਾਮ ਦੇ ਮਹਾਂ ਰਸ ਦੇ ਅਜ਼ਗੈਬੀ ਸਰੂਰ ਵਿਚ ਚੂਰ ਚੂਰ ਹੋ ਕੇ ਜੋ ਹਰੀ ਜਨ ਨਾਮ ਅਭਿਆਸ ਮਈ ਨਿਰਤਕਾਰੀ ਕਰਦੇ ਹਨ, ਤਿਨ੍ਹਾਂ ਐਸੇ ਗੁਰੂ ਘਰ ਦੇ ਸੰਤਾਂ ਮਸਤੂਲ ਮਸਤ ਨਾਮ ਨਸ਼ਰਗੀ ਸਿੱਖਾਂ ਸੰਗ ਮਿਲੇ ਰਹਿਣ ਲਈ, ਤਿਨ੍ਹਾਂ ਦੇ ਚਰਨ ਧੋਣ ਲਈ ਗੁਰੂ ਸਾਹਿਬ ਆਪ ਉਤਾਵਲੇ ਰਹਿੰਦੇ ਹਨ। ਹਰਿ ਹਰਿ ਧਿਆਇ ਧਿਆਇ, ਹਰਿ ਹਰਿ ਨਾਚਨੀ ਮਈ ਆਤਮ ਨਿਰਤਕਾਰੀ ਦੀ ਸਾਰ ਓਹੀ ਜਾਣਦੇ ਹਨ ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਈ ਹੁੰਦੀ ਹੈ। ਦੂਜਿਆ ਖ਼ੁਸ਼ਕ ਫ਼ਿਲਾਸਫ਼ਰਾਂ ਨੂੰ ਏਸ ਦਸ਼ਾ ਦੀ ਕੀ ਸਾਰ ? ਕਿ ਕਿਵੇਂ ਨਾਮ ਅਭਿਆਸ-ਪਿਆਲੇ ਪੀ ਕੇ ਅਗੰਮੀ ਸਰੂਰ ਓਹਨਾਂ ਨੂੰ ਮਤਵਾਲੇ ਕਰਦੇ ਹਨ ਅਤੇ ਕਿਵੇਂ ਇਸ ਮਤਵਾਲਾਪਨ ਵਿਚ ਓਹ ਹੋਸ਼-ਮਸਤੀ ਵਿਚ ਮੇਹਲਦੇ ਹਨ ਅਤੇ ਮੇਹਲ ਮੇਹਲ ਆਤਮ-ਨਿਰਤਕਾਰੀ ਕਰਦੇ ਹਨ ਤੇ ਧਿਆਨ-ਲਿਵ-ਧਾਰੀਆ ਨਾਚ ਨਚਦੇ ਹਨ। ਆਮ ਸੰਸਾਰੀਆਂ ਦੀ ਕਰੂਰ ਦ੍ਰਿਸ਼ਟੀ ਨੂੰ ਤਾਂ ਨਿਰੰਕਾਰ ਦੇ ਹਰਿ ਜਨਾਂ ਦਾ ਅਜਪਾ ਜਾਪੀ ਨਾਮ ਅਭਿਆਸ ਹੀ ਨਹੀਂ ਭਾਉਂਦਾ, ਸਗੋਂ ਨਾਮ ਜਪਣ ਵਾਲਿਆਂ ਦੀ ਉਲਟੀ ਨਿੰਦਿਆ ਕਰਦੇ ਹਨ। ਨਾਮ ਦਾ ਖੰਡਾ ਖੜਕਾਉਣ ਵਾਲਿਆਂ ਤੋਂ ਘ੍ਰਿਣਾ ਕਰਦੇ ਹਨ। ਜਿਉਂ ਜਿਉਂ ਹਰਿ ਜਨ ਗੁਰ-ਬਾਣੀ ਦਾ ਉੱਚੀ ਉੱਚੀ ਕੀਰਤਨ ਕਰਦੇ ਹਨ ਅਤੇ ਉੱਚੀ ਉੱਚੀ ਨਾਮ ਦਾ ਅਭਿਆਸ ਕਰਦੇ ਹਨ ਤਿਉਂ ਤਿਉਂ ਨਰ ਨਿੰਦਕਾਂ ਨੂੰ ਡੰਗ ਲਗਦਾ ਹੈ। ਯਥਾ :

**ਹਰਿ ਕੇ ਲੋਗਾ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥**
**ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥੨॥**

*(ਰਾਮਕਲੀ ਮ: ੪, ਪੰਨਾ ੮੮੧)*

ਭਾਗਹੀਣਾਂ ਨੂੰ ਹਰਿ ਜਨ ਉੱਚੀ ਨਾਮ ਜਪਦੇ ਹੀ ਨਹੀਂ ਸੁਖਾਉਂਦੇ, ਜਿਉਂ ਜਿਉਂ ਹਰਿ ਜਨ ਉੱਚੀ ਉੱਚੀ ਹਰਿ ਜਸ ਕਰਦੇ ਹਨ, ਗੁਰਬਾਣੀ ਉੱਚੀ ਉੱਚੀ ਗਾਉਂਦੇ ਹਨ ਯਾ ਉੱਚੀ ਆਲਾਪ ਨਾਲ ਹਰਿ-ਜਪ ਅਲਾਉਂਦੇ ਹਨ, ਤਿਨ੍ਹਾਂ ਨੂੰ ਓਹਨਾਂ ਦਾ ਇਸ ਬਿਧਿ ਉੱਚੀ ਹਰਿ ਜਸੁ ਗਾਉਣਾ ਤੇ ਜਾਪੁ ਅਲਾਉਣਾ ਡੰਗ ਲਗੇ ਵਾਂਗੂੰ ਚੁਭਦਾ ਹੈ। ਇਹ ਓਹਨਾਂ ਦੀ ਮਹਿਜ਼ ਭਾਗਹੀਣਤਾ ਹੈ ਅਤੇ ਮਹਾਂ ਨਿੰਦਕਪੁਣਾ ਹੈ। ਗੁਰਮੁਖਿ


www.sikhbookclub.com

ਹਰਿ ਜਨਾਂ ਨੂੰ ਅਜਿਹੇ ਹੋਛੇ ਨਿੰਦਕਾਂ ਦੀ ਪਰਵਾਹ ਨਹੀ ਕਰਨੀ ਚਾਹੀਦੀ। ਆਪਣੀ ਅਨੰਦ ਲੈਅ ਵਿਚ ਜਾਪ ਅਲਾਈ ਜਾਣਾ ਹਰਿ ਜਸ ਗਾਈ ਜਾਣਾ ਚਾਹੀਦਾ ਹੈ। ਓਹ ਲੋਕਾਂ ਦੀ ਖ਼ਾਤਰ ਥੋੜੇ ਗਾਉਂਦੇ ਅਲਾਉਂਦੇ ਹਨ; ਸਤਿਗੁਰੂ ਦਾ ਹੁਕਮ ਕਮਾਉਂਦੇ ਹਨ। ਗੁਰ-ਹੁਕਮ ਕਮਾਉਂਦਿਆਂ ਹੋਇਆਂ ਭਾਵੇਂ ਕੋਈ ਕਿਹੁ ਆਖੇ, ਉਸ ਦੀ ਕੱਖ ਪਰਵਾਹ ਨਹੀਂ ਕਰਨੀ ਚਾਹੀਦੀ। ਤਿਨ੍ਹਾਂ ਬਿਚਾਰਿਆਂ ਨੂੰ ਪਤਾ ਹੀ ਕੁਛ ਨਹੀਂ, ਤਿਨ੍ਹਾਂ ਦੇ ਭਾਗ ਧੁਰਿ ਮੰਦੇ ਹਨ। ਤਰਸ ਯੋਗ ਹਾਲਤ ਹੈ ਤਿਨ੍ਹਾਂ ਦੀ, ਜੋ ਅਣਹੋਈ ਨਿੰਦਿਆ ਦੇ ਭਾਗੀ ਬਣਦੇ ਹਨ।

ਗੁਰਮਤਿ ਗੁਰਬਾਣੀ ਤੋਂ ਬੇਮੁਖਾਂ ਸਾਕਤ ਮਨਮੁਖਾ ਦੀ ਹਾਲਤ ਤੇ ਤਾਂ ਕੀ ਅਫ਼ਸੋਸ ਹੋ ਸਕਦਾ ਹੈ, ਅਸਾਡੇ ਘਰ ਦੇ ਹੀ ਸਿਖ ਕਹਾਉਣ ਵਾਲੇ ਬਹੁਤ ਸਾਰੇ ਸਜਣ ਐਸੇ ਹਨ ਜਿਨ੍ਹਾਂ ਨੂੰ ਏਸ ਗੱਲ ਉਤੇ ਸ਼ਰਧਾ ਹੀ ਉੱਕੀ ਹੈ ਨਹੀਂ ਕਿ ਗੁਰਬਾਣੀ ਤੋਂ ਵਖਰਾ ਨਾਮ ਜਪਣਾ ਭੀ ਗੁਰੂ ਕਾ ਹੁਕਮ ਹੈ ਕਿ ਨਹੀਂ; ਹਾਲਾਂਕਿ ਸਾਰੀ ਗੁਰਬਾਣੀ ਨਾਮ ਦੀ ਮਹਿਮਾ ਹੀ ਅਲਾਉਂਦੀ ਹੈ। ਇਕ ਇਕ ਗੁਰਵਾਕ ਵਿਖੇ ਨਾਮ ਦੀ ਮਹਿਮਾ ਦਾ ਹੀ ਉਚਾਰਨ ਹੈ। ਸਤਿਗੁਰੂ ਦਾ ਹੁਕਮਨ ਸਿਰ ਹੁਕਮ ਹੈ ਨਾਮ ਜਪਣਾ ਅਤੇ ਨਾਮ ਦਾ ਜਪਣਾ ਰਸਨਾ ਤੇ ਮੁਖ ਦੁਆਰਾ ਹੀ ਹੋ ਸਕਦਾ ਹੈ। ਸੋ ਨਾਮ ਜਪਦਿਆਂ ਹੋਇਆਂ ਮੁਖ ਰਸਨਾ ਤੋਂ ਜਾਪ ਅਲਾਪ ਦੀ ਆਵਾਜ਼ ਜ਼ਰੂਰ ਨਿਕਲੇਗੀ। ਇਹ ਆਵਾਜ਼ ਨਿੰਦਕਾਂ ਨੂੰ ਸੁਖਾਉਂਦੀ ਹੀ ਨਹੀਂ। ਚਾਹੇ ਕੋਈ ਹੌਲੀ ਹੌਲੀ ਜਪੇ ਚਾਹੇ ਉੱਚੀ ਉੱਚੀ ਅਲਾਵੇ। ਹੌਲੀ ਜਪਣ ਵਾਲਿਆਂ ਨੂੰ ਤਾਂ ਨਿੰਦਕ ਜਨ ਬੱਕਰੀ ਵਾਂਗੂੰ ਮੂੰਹ ਮਾਰਦੇ ਦਸਦੇ ਹਨ। ਉੱਚੀ ਨਾਮ ਜਪਣ ਵਾਲਿਆਂ ਨੂੰ ਤੇ ਗੁਰਬਾਣੀ ਉੱਚੀ ਰਟਣ ਵਾਲਿਆਂ ਨੂੰ ਨਿੰਦਕ ਜਨ ਸੰਘ ਪਾੜਨਾ ਦਸਦੇ ਹਨ। ਇਕ ਐਸੇ ਹਨ ਜੋ ਕਹਿੰਦੇ ਹਨ, ਬਾਣੀ ਦੇ ਪੜ੍ਹਨ ਦੀ ਹੀ ਲੋੜ ਨਹੀਂ, ਮਹਿਜ਼ ਅਰਥ ਵਿਚਾਰਨ ਦੀ ਹੀ ਲੋੜ ਹੈ। ਮੁੜਿ ਮੁੜਿ ਉਸੇ ਬਾਣੀ ਨੂੰ ਰਟਨ ਕਰੀ ਜਾਣਾ ਅਤੇ ਅਰਥ ਨ ਵੀਚਾਰਨਾ ਓਹ ਕਹਿੰਦੇ ਹਨ ਕਿ ਬੇਫ਼ਾਇਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੰਬਾਰ ਫ਼ੁਰਮਾਉਂਦੇ ਤੇ ਇਸ ਪ੍ਰਕਾਰ ਦੇ ਹੁਕਮ ਅਲਾਉਂਦੇ ਹਨ ਕਿ "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"[੧] ਬਸ, ਗੁਰਬਾਣੀ ਗਾਈ ਚਲੋ। ਇਸ ਦਾ ਗਾਵਣਾ ਹੀ ਸਫਲਾ ਹੈ। ਗੁਰਬਾਣੀ ਗਾਈ ਹੋਈ ਹੀ ਸਦਾ ਸੁਖਦਾਈ ਹੈ। ਗੁਰਬਾਣੀ ਪਾਰਸ ਰੂਪ ਹੈ। ਗੁਰਬਾਣੀ ਅੰਦਰ ਅੰਮ੍ਰਿਤ ਕਲਾ ਹੈ, ਜਿਸ ਦੇ ਪਰਸਿਆਂ ਹੀ ਪਰਸਨਹਾਰਾ ਸਫਲ-ਜਨੰਮਾ ਹੋ ਜਾਂਦਾ ਹੈ। ਇਸ ਨੂੰ ਬਾਰੰਬਾਰ ਪੜ੍ਹਨ ਗਾਵਣ ਸੁਣਨਹਾਰਾ ਪਵਿਤ੍ਰ ਪਾਵਨ ਹੋ ਜਾਂਦਾ ਹੈ। "ਸੁਣਤੇ ਪੁਨੀਤ ਕਹਤੇ ਪਵਿਤੁ", "ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ" ਰੂਪੀ ਅਨੇਕਾਂ ਗੁਰਵਾਕ ਰੂਪੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਮਉਜੂਦ ਹਨ, ਜਿਨ੍ਹਾਂ ਤੋਂ ਸਪੱਸ਼ਟ ਸਿਧ ਹੁੰਦਾ ਹੈ ਕਿ ਗੁਰਬਾਣੀ ਦਾ ਮਹਿਜ਼ ਪੜ੍ਹਨਾ ਸੁਣਨਾ ਹੀ ਸੁਖਦਾਇਕ ਹੈ, ਗੁਣਕਾਰੀ ਹੈ।

ਏਸੇ ਪ੍ਰਕਾਰ ਅਜਿਹੇ ਅਣਗਿਣਤ ਗੁਰਵਾਕ ਭੀ ਹਨ ਜਿਨ੍ਹਾਂ ਤੋਂ ਨਾਮ ਦਾ ਜਪਣਾ ਰਸਨਾ ਤੇ ਮੁਖ ਕਰਕੇ (ਭਾਵੇਂ ਨੀਵੀਂ, ਭਾਵੇਂ ਉੱਚੀ ਸੁਰ ਨਾਲ) ਪਾਰਸ ਕਲਾ ਵਰਤਾਵਣਹਾਰਾ ਹੈ। ਨਾਮ ਦੀ ਪਾਰਸ ਕਲਾ ਮਈ ਮਹਿਮਾ ਦਾ ਅੰਤ੍ਰੀਵ ਭੇਦ ਤਾਂ

੧. ਸੋਰਠਿ ਮ: ੫, ਪੰਨਾ ੬੨੯

 www.sikhbookclub.com

ਵਿਰਲਿਆਂ ਨੂੰ ਹੀ ਹੈ। ਪਰ ਸਾਰਿਆਂ ਨੂੰ ਇਸ ਭੇਦ ਦਾ ਪਤਾ ਨਾ ਹੋਣਾ ਇਸ ਗੱਲ ਦਾ ਸਬੂਤ ਨਹੀਂ ਕਿ ਨਾਮ ਜਪਣ ਅੰਦਰ ਪਾਰਸ-ਕਲਾ ਹੀ ਨਹੀਂ। ਸੁਆਸਾਂ ਅਤੇ ਸੁਰਤੀ ਨਾਲ ਨਾਮ ਜਪਣ ਦੀ ਗਿਆਤ ਤਾਂ ਬਹੁਤਿਆਂ ਹੀ ਥੋੜ੍ਹਿਆਂ ਅਤੇ ਵਿਰਲਿਆਂ ਨੂੰ ਹੈ। ਇਸ ਗੁਰਮਤਿ ਅੰਤ੍ਰੀਵੀ ਭੇਦ ਤੋਂ ਅਗਿਆਤ ਬਹੁਤ ਸਾਰੇ ਅਗਿਆਨੀ ਜਨ ਐਸੇ ਹੀ ਹਨ, ਜੋ ਸੁਆਸਾਂ ਦੁਆਰਾ ਨਾਮ ਜਪਣ ਵਾਲਿਆਂ ਨੂੰ ਦੇਖ ਕੇ ਹੈਰਾਨ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਇਹ ਪਾਖੰਡ ਕਰਦੇ ਹਨ। ਬਲਕਿ ਐਥੋਂ ਤਾਈਂ ਭੀ ਫ਼ਤਵਾ ਦੇਣ ਦੀ ਹਮਾਕਤ ਕਰਦੇ ਹਨ ਕਿ ਇਹ ਸੁਆਸਾਂ ਵਾਲਾ ਸਿਲਸਿਲਾ ਹੀ ਮਨਮਤਿ ਹੈ। ਮਾਨੋ ਓਹ ਆਪਣੇ ਆਪ ਨੂੰ ਅਸਲ ਗੁਰਮਤਿ ਦੇ ਠੇਕੇਦਾਰ ਸਮਝੀ ਬੈਠੇ ਹਨ। ਨਾਮ ਦੇ ਸੁਆਸਿ ਅਭਿਆਸੀਆਂ ਨੂੰ ਦੇਖ ਸੁਣ ਕੇ ਓਹ ਕਹਿੰਦੇ ਹਨ ਕਿ ਏਹਨਾਂ ਨੇ ਨਵਾਂ ਰਾਹ ਚਲਾਇਆ ਹੈ। ਗੁਰਮਤਿ ਦੀ ਤੱਤ ਖੋਜ ਤੋਂ ਤਾਂ ਓਹ ਖ਼ੁਦ ਅਗਿਆਤ (ਅਗਿਆਨੀ) ਹਨ, ਤੱਤ ਗੁਰਮਤਿ 'ਤੇ ਚਲਣਹਾਰਿਆਂ ਦੀ ਹੁਕਮ ਰਜਾਈ ਕਿਰਿਆ ਨੂੰ ਓਹ ਮਨਮਤਿ ਕਹਿ ਕਹਿ ਕੋਸਦੇ ਹਨ। ਏਦੂੰ ਜ਼ਿਆਦਾ ਨਿੰਦਾ ਹੋਰ ਕੀ ਹੋ ਸਕਦੀ ਹੈ। ਆਨਮਤੀ ਨਿੰਦਾ ਕਰਨ ਤਾਂ ਕੋਈ ਵੱਡੀ ਗੱਲ ਨਹੀਂ, ਸਿਖ ਹੋ ਕੇ ਜੋ ਇਸ ਪ੍ਰਕਾਰ ਨਿੰਦਾ ਬਰਮਲਾ ਕਰਦੇ ਫਿਰਦੇ ਹਨ, ਓਹਨਾਂ ਨੂੰ ਢੋਈ ਕਿਥੇ ਮਿਲਣੀ ਹੈ।

ਅੰਮ੍ਰਿਤ ਸੰਚਾਰ ਸਮੇਂ ਅਰਥਾਤ ਅੰਮ੍ਰਿਤ ਛਕਾਉਣ ਦੇ ਗੁਰਮਤਿ ਸੰਸਕਾਰ ਸਮੇਂ ਪੰਜਾਂ ਪਿਆਰਿਆਂ ਦੁਆਰਾ ਜੋ ਗੁਰਮਤਿ ਨਾਮ ਅੰਮ੍ਰਿਤ ਛਕਣਹਾਰਿਆਂ ਨੂੰ ਦ੍ਰਿੜ੍ਹਾਇਆ ਜਾਂਦਾ ਹੈ ਉਸ ਅੰਮ੍ਰਿਤ ਰਸਾਇਣੀ ਨਾਮ ਪਰਵੇਸ਼ ਕਰਨ ਦੀ ਆਕਰਖਣ ਕਲਾ ਤੋਂ ਭੀ ਅਨੇਕਾਂ ਸੋ ਕਾਲਡ (so called) ਸਿਖ ਕੋਰੇ ਅਗਿਆਤ ਹਨ। ਉਸ ਨਾਮ ਪ੍ਰਵੇਸ਼ਨੀ ਗੁਰਮਤਿ ਜੁਗਤੀ ਨੂੰ (ਜੋ ਕਿ ਸੀਨਾ ਬਸੀਨਾ ਗੁਰੂ ਕਲਗੀਧਰ ਦੇ ਸਮੇਂ ਗੁਰੂ ਪੰਥ ਦੇ ਚੁਣ-ਕਢੇ ਲਧੋਵਾਰਿਆਂ ਪੰਜ ਪਿਆਰਿਆਂ ਅੰਦਰ ਚਲੀ ਆਉਂਦੀ ਹੈ) ਭੀ ਮੂੰਹ-ਫਟ ਸੋ ਕਾਲਡ ਖ਼ੁਸ਼ਕ ਗਿਆਨੀ, ਮਨਮਤਿ ਬਲਕਿ ਮਹਾਂ ਮਨਮਤਿ ਕਹਿ ਕੇ ਨਿੰਦਦੇ ਹਨ। ਇਹ ਓਹਨਾਂ ਦੇ ਅਭਾਗ ਹਨ, ਮਹਾਂ ਅਭਾਗ ਹੀ ਹਨ। ਹੋਰ ਕੀ ਹੋ ਸਕਦਾ ਹੈ। ਸਾਨੂੰ ਇਹ ਗੱਲ ਹੁਣ ਪਰਮ ਲਾਜ਼ਮੀ ਪ੍ਰਤੀਤ ਹੋ ਰਹੀ ਹੈ ਕਿ ਉਹਨਾਂ ਦੀ ਇਹ ਅਗਿਆਨ ਮਈ ਭ੍ਰਾਂਤੀ ਦੂਰ ਕਰਨ ਲਈ "ਅੰਮ੍ਰਿਤ ਸੰਚਾਰ ਦੀ ਪਾਰਸ ਕਲਾ" ਦੇ ਵਿਸ਼ੇ ਉਤੇ ਵਿਸਥਾਰ ਸਹਿਤ ਵਖਰਾ ਮਜ਼ਮੂਨ ਯਾ ਖਰੜਾ ਲਿਖਿਆ ਜਾਵੇ। ਸਤਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਇਹ ਪਰਮ ਸੇਵਾ ਭੀ ਆਪੇ ਹੀ ਆਪਣੇ ਇਸ ਬੰਦੇ ਬੈਖ਼ਰੀਦ ਤੋਂ ਲੈਣਗੇ। ਜੇ ਐਸੀ ਸੇਵਾ ਦਾ ਅਵਸਰ ਨਾ ਨਸੀਬ ਹੋਇਆ ਤਾਂ ਸਤਿਗੁਰੂ ਆਪੇ ਹੀ ਤੱਤ ਗੁਰਮਤਿ ਤੋਂ ਭੁੱਲੇ ਹੋਏ ਆਪਣੇ ਸਿਖ ਨੂੰ ਸੁਮੱਤ ਬਖ਼ਸ਼ਣ! ਇਹੋ ਸਤਿਗੁਰੂ ਅਗੇ ਜਿਗਰੀ ਭਾਵਨਾ ਵਾਲੀ ਅਰਦਾਸ ਹੈ।

'ਸੰਤ ਪਦ ਨਿਰਣੇ' ਵਾਲਾ ਇਹ ਖਰੜਾ ਭੀ ਏਸੇ ਘਾਟੇ ਨੂੰ ਪੂਰਾ ਕਰਨ ਲਈ ਸਤਿਗੁਰੂ ਨੇ ਪ੍ਰੇਰ ਕੇ ਆਪਣੇ ਇਸ ਅਧਮ ਸੇਵਕ ਪਾਸੋਂ ਲਿਖਾਇਆ ਹੈ, ਕਿਉਂਕਿ ਅਨੇਕਾਂ ਸਿਖ ਐਸੇ ਹਨ ਜੋ 'ਸੰਤ' ਪਦ ਨੂੰ ਕੇਵਲ ਸਤਿਗੁਰੂ ਸਾਹਿਬਾਨ ਉਤੇ ਹੀ ਘਟਦਾ ਨਿਸਚੇ ਕਰੀ ਬੈਠੇ ਹਨ। ਉਹਨਾਂ ਦੇ ਨਿਕਟ ਇਹ ਸੰਤ ਪਦ ਗੁਰਸਿੱਖਾਂ ਪ੍ਰਥਾਇ ਉੱਕਾ ਹੀ ਨਹੀਂ ਘਟਦਾ। ਸੋ ਇਸ ਖਰੜੇ ਅੰਦਰ ਅਨੇਕਾਂ ਹੀ ਗੁਰ ਪ੍ਰਮਾਣ ਦੇ ਕੇ ਅਤੇ ਗੁਰ ਪ੍ਰਮਾਣਾਂ ਦੀ ਗੁਰਮਤਿ ਵਿਆਖਿਆ ਕਰ ਕੇ ਸਾਬਤ ਕੀਤਾ ਗਿਆ ਹੈ

ਕਿ ਗੁਰਬਾਣੀ ਅੰਦਰ 'ਸੰਤ' ਪਦ ਗੁਰਸਿੱਖਾਂ ਪ੍ਰਥਾਇ ਭੀ ਘਟਦਾ ਹੈ ਅਤੇ ਇਹ ਗੱਲ ਭੀ ਭਲੀ ਪ੍ਰਕਾਰ ਇਸ ਖਰੜੇ ਅੰਦਰ ਸਪੱਸ਼ਟਾਈ ਗਈ ਹੈ ਕਿ ਜੋ ਸਿਖ ਇਸ ਸੰਤ ਪਦ ਨੂੰ ਆਪਣੇ ਉਤੇ ਘਟਾ ਕੇ ਗੁਰਸਿੱਖੀ ਤੋਂ ਉੱਚੀ ਪਦਵੀ ਨੂੰ ਜੱਫਾ ਪਾਉਣ ਦੀਆਂ ਲੂਹਰੀਆਂ ਲੈਂਦੇ ਹਨ, ਓਹ ਪਰਮ ਪਾਖੰਡੀ ਹਨ ਅਤੇ ਪੋਚ ਸੰਤ ਡੰਮ ਦੇ ਹੋਛੇ ਹਾਮੀ ਹਨ। ਤਿਨ੍ਹਾਂ ਦੇ ਹੋਛੇਪਣੇ ਨੂੰ ਹੋਸ਼ ਵਿਚ ਲਿਆਉਣ ਲਈ ਭੀ ਇਹ ਖਰੜਾ ਲਿਖਿਆ ਗਿਆ ਹੈ। ਪਰ ਵਿਸ਼ੇਸ਼ ਕਰਕੇ ਤਿਨ੍ਹਾਂ ਗੁਰਮਤਿ ਪਰਚਾਰ ਦੇ ਹੋਛੇ ਦਾਅਵੇਦਾਰਾਂ ਤੇ ਠੇਕੇਦਾਰਾਂ ਨੂੰ ਸੋਝੀ ਕਰਾਉਣ ਲਈ ਇਸ ਪੁਸਤਕ ਦੇ ਲਿਖਣ ਦੀ ਸੇਵਾ ਕੀਤੀ ਗਈ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠ ਕੇ ਬਾਂਹਾਂ ਉਲਾਰ ਉਲਾਰ ਕੇ ਕਥਾ ਕਰਦਿਆਂ ਹੋਇਆਂ ਇਸ ਗੱਲ ਤੇ ਜ਼ੋਰ ਦੇਣਾ ਬੜਾ ਫ਼ਖ਼ਰ ਸਮਝਦੇ ਹਨ ਕਿ 'ਸੰਤ' ਪਦ ਗੁਰਸਿੱਖਾਂ ਪ੍ਰਥਾਇ ਉੱਕਾ ਹੀ ਘਟਦਾ ਨਹੀਂ। ਗੁਰਮਤਿ ਦੀ ਖੋਜ ਤਾਂ ਓਹਨਾਂ ਦੀ ਡੂੰਘੀ ਹੁੰਦੀ ਨਹੀਂ, ਪਰ ਦਾਅਵਾ ਪੂਰੇ ਖੋਜੀ ਹੋਣ ਦਾ ਬੰਨ੍ਹ ਬੈਠਦੇ ਹਨ ਅਤੇ ਆਪਣੇ ਹੋਛਾਪਣ ਵਿਚ ਗੁਰਸਿਖ ਗੁਰਮੁਖਿ ਭਗਤਾਂ ਨੂੰ ਅਣਹੋਇਆ ਹੀ ਕੋਸਣ ਲਗ ਪੈਂਦੇ ਹਨ। ਇਸ ਪੁਸਤਕ ਅੰਦਰ ਓਹਨਾਂ ਨੂੰ ਤਰ-ਬਤਰ ਸੋਝਲਾ ਦਿਵਾਉਣ ਲਈ ਹੀ ਗੁਰ ਪ੍ਰਮਾਣਾਂ ਦੀ ਵਿਆਖਿਆ ਦਾ ਲੋੜੋਂ ਵਧ ਬਹੁਲਤਾ ਵਿਚ ਵਿਸਥਾਰ ਕੀਤਾ ਗਿਆ ਹੈ, ਤਾਂਕਿ ਵਾਦੀ ਜਨਾਂ ਨੂੰ ਕਿਸੇ ਸ਼ਕ ਦੀ ਗੁੰਜਾਇਸ਼ ਨਾ ਰਹਿ ਜਾਵੇ। ਬਹੁਤ ਤੇੜ ਭਾਲਣ ਦਾ ਰਖਣਾ ਨਾ ਰਹਿ ਜਾਵੇ। ਸਿਦਕਵੰਤ ਖੋਜੀਆ ਨੂੰ ਤਾਂ ਇਸ ਵਿਸਥਾਰ ਤੋਂ ਅਕਲਕਾਣ ਨਹੀਂ ਉਪਜੇਗੀ, ਸਗੋਂ ਓਹ ਇਸ ਪੁਸਤਕ ਨੂੰ ਪੜ੍ਹ ਕੇ ਪਰਮ ਪ੍ਰਸੰਨ ਹੋਣਗੇ। ਕਈ ਅੱਲ੍ਹੜ ਅਤੇ ਸੂਧੇ ਗੁਰਮਤਿ ਪ੍ਰੇਮੀਆਂ ਨੂੰ ਤਾਂ ਇਸ ਪੁਸਤਕ ਦਾ ਮਜ਼ਮੂਨ ਅਕਸੀਰ ਹੋ ਕੇ ਭਾਸੇਗਾ, ਕਿਉਂਕਿ ਓਹਨਾਂ ਨੂੰ ਵਾਦੀਆਂ ਦੇ ਵਾਦਾਂ ਭਰੀਆਂ ਕਥਾਵਾਂ ਸੁਣ ਕੇ ਕਈ ਵਾਰ ਐਸੇ ਵਿਸਵਿਸੇ ਉਪਜ ਖੜੋਂਦੇ ਸਨ ਕਿ ਗੁਰਮਤਿ ਅੰਦਰ ਸ਼ਾਇਦ 'ਸੰਤ' ਪਦ ਦੀ ਵਰਤੋਂ ਹਕੀਕਤ ਅੰਦਰ ਹੋਵੇ ਹੀ ਨਾ।

ਅਜੇ ਹੋਰ ਬਹੁਤ ਸਾਰੇ ਗੁਰ ਪ੍ਰਮਾਣ ਅਸਾਡੇ ਪਾਸ ਮਉਜੂਦ ਹਨ, ਪਰ ਪੁਸਤਕ ਵਧਣ ਦੇ ਧਿਆਨ ਤੋਂ ਬਹੁਤਾ ਵਿਸਥਾਰ ਦੇਣਾ ਸੰਕੋਚ ਹੀ ਕੀਤਾ ਗਿਆ ਹੈ। ਲੋੜ ਪਈ ਤਾਂ ਅਗਲੇ ਐਡੀਸ਼ਨ ਵਿਚ ਹੋਰ ਭੀ ਵਿਸਥਾਰ ਕੀਤਾ ਜਾਵੇਗਾ। ਪਰ ਸੱਚੇ ਮੁਹੱਕਕਾਂ ਨੂੰ ਤਾਂ ਇਤਨੇ ਵਿਚ ਹੀ ਸੰਪੂਰਨ ਲਾਭ ਲਾਹਾ ਮਿਲ ਜਾਏਗਾ। ਜਿਉਂ ਜਿਉਂ ਉਹ ਗੁਰਮਤਿ ਦ੍ਰਿੜ੍ਹਾਈ ਭਾਉ ਭਗਤੀ ਵਿਚ ਅਰੂੜ੍ਹ ਹੋਣਗੇ, ਤਿਉਂ ਤਿਉਂ ਹੋਰ ਨੀਵੇਂ ਨਿਮਰੀਭੂਤ ਹੁੰਦੇ ਜਾਣਗੇ, ਭਾਵੇਂ ਉਹਨਾਂ ਨੂੰ ਕੋਈ ਕਿਤਨਾ ਹੀ ਸੰਤ ਭਗਤ ਕਹੇ।

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥**
*(ਸਲੋਕ ਕਬੀਰ ਜੀਉ, ਪੰਨਾ ੧੩੭੩)*

**ਹਰਿ ਜਨੁ ਰਾਮ ਨਾਮ ਗੁਨ ਗਾਵੈ ॥**
**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ਰਹਾਉ॥੩॥**
*(ਬੈਰਾੜੀ ਮ: ੪, ਪੰਨਾ ੭੧੯-੨੦)*

ਗੁਰਵਾਕ ਦੇ ਭਾਵ ਅਨੁਸਾਰ ਸੱਚੀ ਸੰਤਤਾਈ, ਨਿਰੋਲ ਪਾਖੰਡ ਰਹਿਤ ਗੁਰਸਿੱਖਾਂ ਵਾਲੀ ਸੰਤਤਾਈ ਗੁਰਮੁਖਤਾਈ 'ਤੇ ਤੱਤਪਰ ਹੋ ਕੇ ਡਟੇ ਰਹਿਣ। ਓਹਨਾਂ ਨੂੰ ਭਾਵੇਂ ਕੋਈ

ਲੱਖ ਮੇਹਣੇ ਮਾਰੇ ਸੰਤਪੁਣੇ ਦੇ, ਪਰ ਓਹ ਗੁਰਮਤਿ ਦ੍ਰਿੜ੍ਹਾਈ ਭਗਤੀ ਦੇ ਮਾਰਗ ਤੋਂ ਨਿਮਖ ਭੀ ਲਾਂਭੇ ਨਾ ਹਟਣ। ਬਸ, ਡਟਣ ਹੀ ਡਟਣ। ਗੁਰਮਤਿ ਫ਼ਕੀਰੀ ਵਾਲੀ ਸੰਤਗੀਰੀ ਨੂੰ ਨਾ ਛੱਡਣ ਪਰ ਨਾ ਛੱਡਣ, ਪਰ ਕਿਸੇ ਅਗੇ ਫੋਗ-ਆਜਜ਼ੀ ਦਾ ਪੱਲਾ ਭੀ ਨਾ ਅੱਡਣ; ਮਨੋਂ ਆਜਿਜ਼ ਨਿਰਮਾਣ, ਪਰ ਗੁਣੀ ਗਹੀਰ ਗੁਰਸਿਖ ਸੇਵਕ ਭਗਤ ਬਣੇ ਰਹਿਣ। "ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ"[1] ਵਾਲੇ ਗੁਰਵਾਕ ਦੇ ਭਾਵ ਦੇ ਧਾਰਨੀ ਰਹਿਣ। ਆਪਣੇ ਭਗਤ-ਵਛਲ ਠਾਕਰ ਦੀ ਭਗਤੀ ਵਿਚ ਤਨੋਂ ਮਨੋਂ ਗਲਤਾਨ ਹੋਇ ਰਹਿਣ। ਕਿਉਂਕਿ ਸੱਚੀ ਭਗਤੀ ਤਿਨ੍ਹਾਂ ਸੰਤਾਂ ਭਗਤਾਂ ਨੂੰ ਗੁਰਸਿੱਖਾਂ ਨੂੰ ਹੀ ਸੁਖਾਉਣੀ ਹੈ, ਜਿਨ੍ਹਾਂ ਦੇ ਹਿਰਦੇ ਅੰਦਰ ਸੱਚੀ ਭਗਤੀ ਭਾਉ ਵਸ ਰਸ ਜਾਣਾ ਹੈ। ਨਹੀਂ ਤਾਂ ਹੋਰ ਗਾਵਣਹਾਰੀ ਲੁਕਾਈ ਬਥੇਰੇ ਭਗਤੀ ਦੇ ਗੀਤ ਗਾਉਂਦੀ ਫਿਰਦੀ ਹੈ। ਉਧਾਰ ਤਿਨ੍ਹਾਂ ਦਾ ਹੀ ਹੁੰਦਾ ਹੈ ਜਿਹਨਾਂ ਦੇ ਹਿਰਦੇ ਅੰਦਰ ਸੱਚੜੀ ਗੁਰਮਤਿ ਦਰਸਾਈ ਭਗਤੀ ਵਸਦੀ ਹੈ। ਭਗਤੀ ਦੇ ਭੋਜਨ ਨਾਲ ਸੋਈ ਰਜਦੇ ਅਘਾਉਂਦੇ ਤ੍ਰਿਪਤਾਉਂਦੇ ਹਨ ਜੋ ਸੱਚ ਮੁੱਚ ਭਗਤੀ ਦਾ ਭੋਜਨ ਭੁੰਚਦੇ ਛਕਦੇ ਹਨ। ਸੱਚੇ ਗੁਰਮੁਖਿ ਭਗਤ ਜਨ ਜਿਉਂ ਕੇ ਤਿਉਂ ਅੰਦਰੋਂ ਬਾਹਰੋਂ ਇਕ-ਸਮਾਨ ਹੀ ਸਦਾ ਸੱਚ-ਭਗਤੀ ਵਿਚ ਭਿੱਜੇ ਰਹਿੰਦੇ ਹਨ। ਨਹੀਂ ਤਾਂ ਸੁਆਂਗੀ ਭਗਤੀ ਵਾਲੇ ਅਨੇਕ ਸੁਆਂਗ ਕੱਢ ਕੱਢ ਕੇ ਭੀ ਸੁਅੱਛਤਾ ਨੂੰ ਪ੍ਰਾਪਤ ਨਹੀਂ ਹੁੰਦੇ। ਕਹਨ ਕਹਾਵਨ ਵਾਲੀ ਭਗਤੀ ਸਭ ਪਾਖੰਡ ਪਾਗਲ ਰੂਪ ਹੈ। ਸਚੁ ਕਰਣੀ ਸਾਰ ਵਾਲੀ ਸੱਚੀ ਭਗਤੀ ਕੇਵਲ ਗੁਰਮੁਖਿ ਭਗਤਾਂ ਨੂੰ ਹੀ ਬਣ ਆਈ ਹੈ:

> **ਭਗਤਿ ਭਗਤਨ ਹੂੰ ਬਨਿ ਆਈ ॥**
> **ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥੧॥ਰਹਾਉ॥**
> **ਗਾਵਨਹਾਰੀ ਗਾਵੈ ਗੀਤ ॥ ਤੇ ਉਧਰੇ ਬਸੇ ਜਿਹ ਚੀਤ ॥੧॥**
> **ਪੇਖੇ ਬਿੰਜਨ ਪਰੋਸਨਹਾਰੈ ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ ॥੨॥**
> **ਅਨਿਕ ਸ੍ਵਾਂਗ ਕਾਛੇ ਭੇਖਧਾਰੀ ॥ ਜੈਸੋ ਸਾ ਤੈਸੋ ਦ੍ਰਿਸਟਾਰੀ ॥੩॥**
> **ਕਹਨ ਕਹਾਵਨ ਸਗਲ ਜੰਜਾਰ ॥ ਨਾਨਕ ਦਾਸ ਸਚੁ ਕਰਣੀ ਸਾਰ ॥੪॥੫॥**
>
> *(ਕਾਨੜਾ ਮ: ੫, ਪੰਨਾ ੧੨੯੯)*

---

੧. ਦੇਵਗੰਧਾਰੀ ਮ: ੪, ਪੰਨਾ ੫੨੮

# ਅੰਤਕਾ

ਇਸ ਪੁਸਤਕ ਵਿਚ ਖ਼ਾਸ ਪ੍ਰਕਰਣ ਦੋ ਹੀ ਹਨ, ਇਕ ਸੰਤ ਸਾਧ ਪਦ ਦੀ 'ਗੁਰੂ' ਅਰਥਾਂ ਵਿਚ ਵਰਤੋਂ, ਦੂਜੇ ਸੰਤ ਸਾਧ ਪਦਾਂ ਦੀ 'ਸਿਖ' ਅਰਥਾਂ ਵਿਚ ਵਰਤੋਂ, ਸਫ਼ਾ ੧੭ ਪਰ 'ਸੰਤ ਪਦ ਗੁਰੂ ਪ੍ਰਥਾਇ' ਸਿਰਲੇਖ ਹੇਠ ਇਸ ਗੱਲ ਦਾ ਨਿਰਣਾ ਕੀਤਾ ਗਿਆ ਹੈ ਕਿ ਸੰਤ ਪਦ 'ਗੁਰੂ' ਅਰਥਾਂ ਵਿਚ ਕਿਥੇ ਕਿਥੇ ਵਰਤੇ ਗਏ ਹਨ। ਇਸ ਗੱਲ ਦੀ ਵਧੇਰੇ ਪ੍ਰੋੜ੍ਹਤਾ ਲਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਪ੍ਰਮਾਣ ਹੋਰ ਦਿਤੇ ਗਏ ਹਨ, ਜਿਨ੍ਹਾਂ ਵਿਚ ਸੰਤ ਸਾਧ ਪਦ ਗੁਰੂ ਪ੍ਰਥਾਇ ਵਰਤੇ ਗਏ ਹਨ:

(੧) ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥੧੯॥
*(ਸਿਰੀਰਾਗੁ ਮ: ੧, ਪੰਨਾ ੨੧)*

(੨) ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥
*(ਮਾਝ ਮ: ੫, ਪੰਨਾ ੧੦੦)*

(੩) ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥੩॥੨੨॥੯੧॥
*(ਗਉੜੀ ਗੁਆਰੇਰੀ ਮ: ੫, ਪੰਨਾ ੧੮੩)*

(੪) ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥
ਸਾਧੂ ਜਨ ਰਾਮੁ ਰਸਨ ਵਖਾਣੀ ॥੧॥ਰਹਾਉ॥੧੩੧॥
*(ਗਉੜੀ ਮ: ੫, ਪੰਨਾ ੧੯੨)*

(੫) ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥੧੬੯॥
*(ਗਉੜੀ ਮ: ੫, ਪੰਨਾ ੨੦੦)*

(੬) ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲੁ ਤਿਸੁ ਸਾਧ ਸੰਗਿ ਘੂਲੈ ॥
ਕਹੁ ਨਾਨਕ ਤੇਰੈ ਕੁਰਬਾਣੁ ॥ ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥
*(ਆਸਾ ਮ: ੫, ਪੰਨਾ ੩੯੧)*


www.sikhbookclub.com

(੭) ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥
*(ਗਉੜੀ ਕੀ ਵਾਰ ਮ: ੫, ਪੰਨਾ ੩੨੦)*

(੮) ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ਰਹਾਉ॥੨੨॥
*(ਆਸਾ ਮ: ੧, ਪੰਨਾ ੪੨੨)*

(੯) ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥੧॥੧੬੦॥
*(ਆਸਾਵਰੀ ਮ: ੫, ਪੰਨਾ ੪੧੦)*

(੧੦) ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥
ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥੧੯॥
*(ਦੇਵਗੰਧਾਰੀ ਮ: ੫, ਪੰਨਾ ੫੩੨)*

(੧੧) ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥
ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮ ਮੁਰਾਰੀ ॥੧॥ਰਹਾਉ॥੫॥
*(ਦੇਵਗੰਧਾਰੀ ਮ: ੪, ਪੰਨਾ ੫੨੮)*

(੧੨) ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥੧॥੭॥
*(ਸੋਰਠਿ ਮ: ੪ ਦੁਤੁਕੇ, ਪੰਨਾ ੬੦੭)*

(੧੩) ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ਰਹਾਉ॥੮੨॥
*(ਸੋਰਠਿ ਮ: ੫, ਪੰਨਾ ੬੨੯)*

(੧੪) ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ਰਹਾਉ॥੧੦॥
*(ਸੋਰਠਿ ਮ: ੫, ਪੰਨਾ ੬੧੧)*

(੧੫) ਪ੍ਰਭ ਕੀ ਓਟ ਗਹੀ ਤਉ ਛੂਟੇ ॥
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੇ ਬਿਆਧਿ ਤਬ ਹੂਟੇ ॥੧॥ਰਹਾਉ॥੧੧॥
*(ਧਨਾਸਰੀ ਮ: ੫, ਪੰਨਾ ੬੭੩)*

 www.sikhbookclub.com

(੧੬) ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥
ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨॥੩॥੩੪॥
*(ਧਨਾਸਰੀ ਮ: ੫, ਪੰਨਾ ੬੭੯)*

(੧੭) ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥੫॥
*(ਜੈਤਸਰੀ ਮ: ੪, ਪੰਨਾ ੬੯੭-੯੮)*

(੧੮) ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥
*(ਜੈਤਸਰੀ ਮ: ੪, ਪੰਨਾ ੬੯੮)*

(੧੯) ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ ॥
ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥...੧॥੧॥
*(ਧਨਾਸਰੀ ਮ: ੫ ਛੰਤ, ਪੰਨਾ ੬੯੧)*

(੨੦) ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤ੍ਰਿਖਾ ॥੩॥੧੧॥
*(ਸੂਹੀ ਮ: ੪, ਪੰਨਾ ੭੩੧)*

(੨੧) ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੁਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥
*(ਬਿਲਾਵਲੁ ਮ: ੫, ਪੰਨਾ ੮੨੭)*

(੨੨) ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥੧੨॥
*(ਗੋਂਡ ਮ: ੫, ਪੰਨਾ ੮੬੫)*

(੨੩) ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥੨॥੧੩॥
*(ਗੋਂਡ ਮ ੫, ਪੰਨਾ ੮੬੬)*

(੨੪) ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥ ਨਾਮ ਬਿਨਾ ਕੈਸੇ ਪਾਰਿ ਉਤਰੈ ॥
ਕੁੰਭ ਬਿਨਾ ਜਲੁ ਨਾ ਟੀਕਾਵੈ ॥ ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥
ਜਾਰਉ ਤਿਸੈ ਜੁ ਰਾਮੁ ਨ ਚੇਤੈ ॥ ਤਨ ਮਨ ਰਮਤ ਰਹੈ ਮਹਿ ਖੇਤੈ ॥੧॥ਰਹਾਉ॥
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥ ਸੂਤ ਬਿਨਾ ਕੈਸੇ ਮਣੀ ਪਰੋਈਐ ॥
ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥


www.sikhbookclub.com

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥
ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥੩॥੯॥
*(ਗੌਂਡ ਕਬੀਰ ਜੀਉ, ਪੰਨਾ ੮੭੨)*

(੨੫) ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥
ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥੨॥੨॥
*(ਰਾਮਕਲੀ ਮ: ੪, ਪੰਨਾ ੮੮੧)*

(੨੬) ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ ॥
ਪੂਰਨ ਪੂਰਿ ਰਹੇ ਕਿਰਪਾਨਿਧਿ ਘਟਿ ਘਟਿ ਦਿਸਟਿ ਸਮਾਇਣੁ ॥੧॥੭॥
*(ਨਟ ਮ: ੫, ਪੰਨਾ ੯੭੯)*

(੨੭) ਸਾਧੂ ਪੁਰਖੁ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ ॥
ਰਾਮ ਨਾਮੁ ਧਨੁ ਪੂਜੀ ਦੇਵਹੁ ਸਭ ਤਿਸਨਾ ਭੂਖ ਨਿਵਾਰੇ ॥੧॥੬॥
*(ਨਟ ਅਸਟ: ਮ: ੪, ਪੰਨਾ ੯੮੩)*

(੨੮) ਗੁਰੁ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥
ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ਰਹਾਉ॥
ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥
ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥
*(ਬਿਲਾਵਲੁ ਮ: ੫, ਪੰਨਾ ੮੦੪)*

(੨੯) ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥
ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥੬॥
*(ਭੈਰਉ ਮ: ੪, ਪੰਨਾ ੧੧੩੫)*

(੩੦) ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ਰਹਾਉ॥੫੫॥
*(ਭੈਰਉ ਮ: ੫, ਪੰਨਾ ੧੧੫੨)*

(੩੧) ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥੨੮॥
*(ਗੋਂਡ ਮ: ੫, ਪੰਨਾ ੮੯੯)*


www.sikhbookclub.com

(੩੨) ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ਰਹਾਉ॥
ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥੧॥
ਸਾਧੂ ਧੂਰਿ ਮੁਖਿ ਮਸਤਕਿ ਲਾਈ ॥ ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥
*(ਸੂਹੀ ਮ: ੫, ਪੰਨਾ ੭੪੪)*

(੩੩) ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ਰਹਾਉ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥
*(ਬਸੰਤੁ ਹਿੰਡੋਲ ਮ: ੪, ਪੰਨਾ ੧੧੭੯)*

(੩੪) ਅੰਧ ਕੂਪ ਤੇ ਕਾਢਨਹਾਰਾ ॥ ਪ੍ਰੇਮ ਭਗਤਿ ਹੋਵਤ ਨਿਸਤਾਰਾ ॥
ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥
ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥
ਨਾਮੁ ਦੇਹਿ ਮਾਗੈ ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥
*(ਮਾਰੂ ਮ: ੫, ਪੰਨਾ ੧੦੦੫)*

(੩੫) ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥
ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥
*(ਮਾਰੂ ਮ: ੫ ਸੋਲਹੇ, ਪੰਨਾ ੧੦੭੫)*

(੩੬) ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥
ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥੧॥ਰਹਾਉ॥੨੯॥
*(ਸਾਰਗ ਮ: ੫, ਪੰਨਾ ੧੨੧੦)*

(੩੭) ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ ॥
ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ ॥੨॥੫੯॥੮੨॥
*(ਸਾਰਗ ਮ: ੫, ਪੰਨਾ ੧੨੨੦)*

(੩੮) ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੁਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥੧॥

*(ਸਾਰੰਗ ਮ: ੪ ਘਰ ੧, ਪੰਨਾ ੧੧੯੮)*

(੩੯) ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥੧॥ (੫)

*(ਰਾਮਕਲੀ ਕੀ ਵਾਰ, ਸਲੋਕ ਮ: ੫, ਪੰਨਾ ੯੫੮-੫੯)*

— ਸਮਾਪਤ —

SIKHBOOKCLUB.COM

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਅਣਡਿੱਠੀ ਦੁਨੀਆ
੨. ਅਨਹਦ ਸ਼ਬਦ ਦਸਮ ਦੁਆਰ
੩. ਸੰਤ ਪਦ ਨਿਰਣੇ
੪. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ-ਪ੍ਰਸਤੀ ਹੈ ?
੫. ਕਥਾ ਕੀਰਤਨ
੬. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੭. ਗੁਰਮਤਿ ਗੌਰਵਤਾ
੮. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੯. ਗੁਰਮਤਿ ਪ੍ਰਕਾਸ਼
੧੦. ਗੁਰਮਤਿ ਨਾਮ ਅਭਿਆਸ ਕਮਾਈ
੧੧. ਗੁਰਮਤਿ ਬਿਬੇਕ
੧੨. ਗੁਰਮਤਿ ਸਚ ਨਿਰਣੈ
੧੩. ਗੁਰਮਤਿ ਲੇਖ
੧੪. ਚਰਨ ਕਮਲ ਕੀ ਮਉਜ
੧੫. ਗੁਰਮਤਿ ਵਿਚਾਰ
੧੬. ਜੋਤਿ ਵਿਗਾਸ (ਮਹਾਂ ਕਾਵਿ)
੧੭. ਜੇਲ੍ਹ ਚਿੱਠੀਆਂ
੧੮. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ
੧੯. ਦਰਸ਼ਨ ਝਲਕਾਂ (ਕਾਵਿ)
੨੦. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੨੧. ਰੰਗਲੇ ਸੱਜਣ
੨੨. Autobiography of Bhai Sahib Randhir Singh ('ਜੇਲ੍ਹ ਚਿੱਠੀਆਂ' ਦਾ ਅੰਗ੍ਰੇਜ਼ੀ ਅਨੁਵਾਦ)
੨੩. Meaning of Sikh Baptism ('ਅੰਮ੍ਰਿਤ ਕੀ ਹੈ' ਦਾ ਅੰਗ੍ਰੇਜ਼ੀ ਅਨੁਵਾਦ)

## ਟ੍ਰੈਕਟ

੧. ਉਮਰ ਕੈਦੀ ਦਾ ਸੁਪਨਾ
੨. ਆਸਤਕ ਤੇ ਨਾਸਤਕ
੩. ਅੰਮ੍ਰਿਤ ਕੀ ਹੈ ?
੪. ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ
੫. ਅੰਮ੍ਰਿਤ ਕਲਾ
੬. ਸਿੱਖੀ ਸਿਦਕ ਤੇ ਧਰਮ ਰਖਿਆ (ਕਵਿਤਾ)
੭. ਸਿੱਖ ਕੌਣ ਹੈ ?
੮. ਸਿੰਘਾਂ ਦਾ ਪੰਥ ਨਿਰਾਲਾ
੯. ਸਚਖੰਡ ਦਰਸ਼ਨ
੧੦. ਸੱਚੀਆਂ ਦਾੜ੍ਹੀਆਂ
੧੧. ਹਉਮੈ ਨਾਵੈ ਨਾਲਿ ਵਿਰੋਧੁ ਹੈ
੧੨. ਕੋ ਵਿਰਲਾ ਗੁਰਮਤਿ ਚਲੈ ਜੀਉ
੧੩. ਗੁਰਮਤਿ ਰਮਜ਼ਾਂ
੧੪. ਸ਼ੰਕਿਆਂ ਤੇ ਉਟੰਕਣਾਂ ਦੇ ਉੱਤਰ
੧੫. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ
੧੬. ਤਿਮਰ ਅਗਿਆਨ ਤੋਂ ਉਜਿਆਰਾ
੧੭. ਨਾਮ ਸਬੰਧੀ ਵਿਚਾਰ
੧੮. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ
੧੯. ਵਾਹਿਗੁਰੂ ਸਿਮਰਨ
੨੦. ਬਾਬਾ ਵੈਦ ਰੋਗੀਆਂ ਦਾ